ਅਠਾਰਵਾਂ ਸਾਲ

PARDES TIMES

18th year in Publication

# ਪਰਦੇਸ ਟਾਇਮਜ਼

ਬਲਬੀਰ ਸਿੰਘ ਐਮ ਏ (ਮੁਖ ਸੰਪਾਦਕ)

www.pardestimes.com

ਮਾਂ ਬੋਲੀ ਨੂੰ ਸਮਰਪਿਤ

pardestimes

VOL- 18 No. 452 July 10, 2024 E-mail : info@pardestimes.com Ph 510-938-7771

## ਸਿੱਖ ਸਪੋਰਟਸ ਆਫ ਕੈਲੇਫੋਰਨੀਆ ਦੀਆਂ ਸਾਲਾਨਾ ਖੇਡਾਂ 20-21 ਜੁਲਾਈ ਨੂੰ ਹੋਣਗੀਆਂ




**ਯੂਨੀਅਨ ਸਿਟੀ–** ਪਿਛਲੇ 15 ਸਾਲਾਂ ਤੋਂ ਹੋ ਰਹੀਆਂ ਸਿੱਖ ਸਪੋਰਟਸ ਖੇਡਾਂ ਐਤਕੀ ਫਿਰ ਜੁਲਾਈ 20-21, 2024 ਨੂੰ ਯੂਨੀਅਨ ਸਿਟੀ ਦੇ ਜੇਮਸ ਲੋਗਨ ਹਾਈ ਸਕੂਲ ਵਿਖੇ ਹੋ ਰਹੀਆਂ ਹਨ। ਵਰਣਨਯੋਗ ਹੈ ਕਿ ਸਿੱਖ ਸਪੋਰਟਸ ਦੇ ਪ੍ਰੈਜ਼ੀਡੈਂਟ ਸ: ਹਰਵਿੰਦਰ ਸਿੰਘ ਧਾਲੀਵਾਲ ਕੁਝ ਸਮਾਂ ਪਹਿਲਾਂ ਇਸ ਦੁਨੀਆਂ ਤੋਂ ਚਲੇ ਗਏ ਹਨ, ਇਸ ਲਈ ਐਤਕੀ ਇਹ ਖੇਡਾਂ ਧਾਲੀਵਾਲ ਸਾਹਿਬ ਜੀ ਦੀ ਯਾਦ ਵਿਚ ਕਰਵਾਈਆਂ ਜਾ ਰਹੀਆਂ ਹਨ।

ਸਾਰੇ ਪੰਜਾਬੀਆਂ ਨੂੰ ਇਹਨਾਂ ਖੇਡਾਂ ਨੂੰ ਵੇਖਣ ਲਈ ਖੇਡਾਂ ਦੇ ਸਾਰੇ ਅਹੁਦੇਦਾਰਾਂ ਵੱਲੋਂ ਬੇਨਤੀ ਕੀਤੀ ਜਾ ਰਹੀ ਹੈ।

# ਤਲਖ ਮਾਹੌਲ ਅਤੇ ਖਿੱਚ-ਧੂਹ ਨਾਲ ਜਲੰਧਰ ਪੱਛਮੀ ਵਿਧਾਨ ਸਭਾ ਸੀਟ ਤੇ ਵੋਟਾਂ ਪਈਆਂ

## ਨਤੀਜੇ 13 ਜੁਲਾਈ ਨੂੰ, ਤਿੰਨੋ ਧਿਰਾਂ ਪੱਬਾਂ ਭਾਰ, ਹਾਰ-ਜਿੱਤ ਦਾ ਫੈਸਲਾ ਥੋੜੀਆਂ ਵੋਟਾਂ ਤੇ ਹੋਣ ਦੇ ਆਸਾਰ



ਜਲੰਧਰ- ਪੰਜਾਬ ਦੀ ਰਾਜਨੀਤੀ ਵਿਚ ਵਕਾਰ ਦਾ ਸਵਾਲ ਬਣੀ ਜਲੰਧਰ ਪੱਛਮੀ ਵਿਧਾਨ ਸਭਾ ਸੀਟ ਤੇ ਵੋਟਾਂ ਦਾ ਕੰਮ ਖਬਰ ਲਿਖੇ ਜਾਣ ਤੱਕ ਚਾਲੂ ਸੀ। ਇਸ ਹਲਕੇ ਵਿਚ ਸਵੇਰ ਤੋਂ ਹੀ ਬਹੁਤ ਗਹਿਮਾ-ਗਹਿਮੀ ਅਤੇ ਤਣਾਅ ਵਾਲਾ ਮਾਹੌਲ ਨਜ਼ਰ ਆਇਆ। ਅੱਤ ਦੀ ਗਰਮੀ ਅਤੇ ਹੁੰਮਸ ਭਰੇ ਮੌਸਮ ਵਿਚ ਸਾਰੀਆਂ ਪਾਰਟੀਆਂ ਦੇ ਵਰਕਰ ਵੋਟਰਾਂ ਨੂੰ ਪੋਲਿੰਗ ਬੂਥਾਂ ਤੱਕ ਪਹੁੰਚਾਉਣ ਲਈ ਪੱਬਾਂ ਭਾਰ ਨਜ਼ਰ ਆਏ। ਪ੍ਰਸ਼ਾਸਨ ਨੇ ਬੇਹੱਦ ਸਖਤ ਪ੍ਰਬੰਧ ਕੀਤੇ ਹੋਏ ਸਨ। ਕਈ ਥਾਵਾਂ ਤੇ ਸੱਤਾਧਾਰੀ ਧਿਰ ਦੁਆਰਾ ਪ੍ਰਸ਼ਾਸਨ ਦੀ ਵਰਤੋਂ ਕਰਕੇ ਵਿਰੋਧੀ ਧਿਰਾਂ ਨੂੰ ਤੰਗ ਕਰਨ ਦੇ ਵੀ ਦੋਸ਼ ਲੱਗ ਰਹੇ ਹਨ। ਇਸ ਸੀਟ 'ਤੇ ਕੁੱਲ 15 ਉਮੀਦਵਾਰ ਆਪਣੀ ਕਿਸਮਤ ਅਜ਼ਮਾ ਰਹੇ ਹਨ। ਭਾਰਤੀ ਜਨਤਾ ਪਾਰਟੀ ਦੇ ਸ਼ੀਤਲ ਅੰਗੁਰਾਲ, ਆਮ ਆਦਮੀ ਪਾਰਟੀ ਦੇ ਮਹਿੰਦਰ ਭਗਤ ਅਤੇ ਅਕਾਲੀ ਦਲ (ਅੰਮ੍ਰਿਤਸਰ) ਦੇ ਸਰਬਜੀਤ ਸਿੰਘ, ਬਹੁਜਨ ਸਮਾਜ ਪਾਰਟੀ (ਬਸਪਾ) ਦੇ ਬਿੰਦਰ ਲੱਖਾ, ਕਾਂਗਰਸ ਦੀ ਸੁਰਿੰਦਰ ਕੌਰ ਅਤੇ ਸ਼੍ਰੋਮਣੀ ਅਕਾਲੀ ਦਲ (ਅਕਾਲੀ ਦਲ) ਦੀ ਸੁਰਜੀਤ ਕੌਰ। ਇਸ ਸੀਟ 'ਤੇ 1,71,963 ਵੋਟਰ ਹਨ। ਜਲੰਧਰ ਪੱਛਮੀ 'ਚ ਕੁੱਲ 181 ਪੋਲਿੰਗ ਬੂਥਾਂ 'ਤੇ 1,71,963 ਵੋਟਰ ਆਪਣੀ ਵੋਟ ਪਾਉਣ ਜਾ ਰਹੇ ਹਨ। ਜਿਸ ਵਿੱਚ 89629 ਪੁਰਸ਼, 82326 ਔਰਤਾਂ ਅਤੇ 8 ਤੀਜੇ ਲਿੰਗ ਦੇ ਵੋਟਰ ਸ਼ਾਮਲ ਹਨ। ਇਸ ਵਾਰ ਜਲੰਧਰ ਪੱਛਮੀ ਸੀਟ 'ਤੇ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ ਵਿਚਾਲੇ ਤਿਕੋਣਾ ਮੁਕਾਬਲਾ ਮੰਨਿਆ ਜਾ ਰਿਹਾ ਹੈ।

# ਜੰਗ ਨਾਲ ਨਹੀਂ ਕੱਢ ਸਕੋਗੇ ਯੂਕਰੇਨ ਮਸਲੇ ਦਾ ਹੱਲ: ਮੋਦੀ



ਮਾਸਕੋ- ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੂੰ ਸਪੱਸ਼ਟ ਸੁਨੇਹਾ ਦਿ-ਦਿਆਂ ਕਿਹਾ ਕਿ ਯੂਕਰੇਨ ਵਿਵਾਦ ਦਾ ਹੱਲ ਜੰਗ ਦੇ ਮੈਦਾਨ ਵਿੱਚ ਸੰਭਵ ਨਹੀਂ ਹੈ ਅਤੇ ਬੰਬਾਂ, ਬੰਦੂਕਾਂ ਤੇ ਗੋਲੀਆਂ ਦਰਮਿਆਨ ਸ਼ਾਂਤੀ ਵਾਰਤਾ ਨਹੀਂ ਹੋ ਸਕਦੀ। ਰੂਸੀ ਰਾਸ਼ਟਰਪਤੀ ਦੇ ਦਫ਼ਤਰ 'ਕਰੈਮਲਿਨ' ਵਿੱਚ ਪੂਤਿਨ ਨਾਲ ਸਿਖਰ ਵਾਰਤਾ ਤੋਂ ਪਹਿਲਾਂ ਆਪਣੀ ਮੁੱਢਲੀ ਵਾਰਤਾ 'ਚ ਮੋਦੀ ਨੇ ਯੂਕਰੇਨ 'ਚ ਬੱਚਿਆਂ ਦੇ ਇੱਕ ਹਸਪਤਾਲ 'ਤੇ ਬੰਬ ਹਮਲੇ ਦਾ ਜ਼ਿਕਰ ਕਰਦਿਆਂ ਕਿਹਾ ਕਿ ਬੇਗੁਨਾਹ ਬੱਚਿਆਂ ਦੀ ਮੌਤ ਦਿਲ ਦੁਖਾਉਣ ਵਾਲੀ ਤੇ ਬਹੁਤ ਹੀ ਤਕਲੀਫ ਦੇਣ ਵਾਲੀ ਹੈ। ਪ੍ਰਧਾਨ ਮੰਤਰੀ ਮੋਦੀ ਨੇ ਆਲਮੀ ਭਾਈਚਾਰੇ ਨੂੰ ਭਰੋਸਾ ਦਿੱਤਾ ਕਿ ਭਾਰਤ ਸ਼ਾਂਤੀ ਦੇ ਪੱਖ ਵਿੱਚ ਹੈ ਅਤੇ ਸੰਘਰਸ਼ ਦਾ ਹੱਲ ਗੱਲਬਾਤ ਰਾਹੀਂ ਕੱਢਿਆ ਜਾਣਾ ਚਾਹੀਦਾ ਹੈ। ਉੱਧਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨੇ ਯੂਕਰੇਨ ਸੰਕਟ ਦਾ ਸ਼ਾਂਤੀਪੂਰਨ ਹੱਲ ਲੱਭਣ 'ਚ ਮਦਦ ਦੀਆਂ ਕੋਸ਼ਿਸ਼ਾਂ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਧੰਨਵਾਦ ਕੀਤਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ, 'ਨਵੀਂ ਪੀੜ੍ਹੀ ਦੇ ਰੌਸ਼ਨ ਭਵਿੱਖ ਲਈ ਅਮਨ-ਸ਼ਾਂਤੀ ਬਹੁਤ ਜ਼ਰੂਰੀ ਹੈ। ਜੰਗ ਦੇ ਮੈਦਾਨ 'ਚ ਹੱਲ ਸੰਭਵ ਨਹੀਂ ਹੈ। ਬੰਬ, ਬੰਦੂਕਾਂ ਤੇ ਗੋਲੀਆਂ ਵਿਚਾਲੇ ਸ਼ਾਂਤੀ ਵਾਰਤਾ ਸਫਲ ਨਹੀਂ ਹੁੰਦੀ।' ਮੋਦੀ ਨੇ ਕਿਹਾ, 'ਸ਼ਾਂਤੀ ਬਹਾਲੀ ਲਈ ਭਾਰਤ ਹਰ ਸੰਭਵ ਢੰਗ ਨਾਲ ਸਹਿਯੋਗ ਲਈ ਤਿਆਰ ਹੈ।' ਮੋਦੀ ਦੋ ਰੋਜ਼ਾ ਰੂਸ ਯਾਤਰਾ 'ਤੇ ਬੀਤੇ ਦਿਨ ਮਾਸਕੋ ਪੁੱਜੇ ਸਨ ਅਤੇ ਅੱਜ ਉਨ੍ਹਾਂ ਪੂਤਿਨ ਨਾਲ 22ਵੀਂ ਭਾਰਤ-ਰੂਸ ਵਾਰਤਾ 'ਚ ਹਿੱਸਾ ਲਿਆ।

Long Haul
A Rated Market
Licensed



Washington/CA/Indiana/Texas/nevada/New Jersey ਦੇ ਲਈ Insurance ਜੋ ਬਹੁਤ ਵਧੀਆ ਰੇਟ 'ਤੇ ਕਰਵਾ ਸਕਦੇ ਹੋ।

ਹਰ ਤਰ੍ਹਾਂ ਦੇ ਟਰੱਕਾਂ ਦੇ ਕੰਮ ਕਰਨ ਵਾਲਿਆਂ ਲਈ

ਲੋਕਲ/ 48 ਸਟੇਟਾਂ/ ਸੈਂਡ/ ਗਰੇਵੱਲ/ ਕੰਟੇਨਰ

Mandeep Thiara
Owner/Broker-Agent
Lic #600363

Tel (209) 407-4236
Fax (209) 666-1428
Cell (209) 666-0032
info@mstinsurance.net

3941 Holly Drive Suite #1 Tracy, CA 95304

Padam Builders Inc.

ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ

ਅਸੀਂ ਨਵੇਂ ਮਕਾਨ, ਗੈਸ ਸਟੇਸ਼ਨ, ਮੋਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟ੍ਰਕਸ਼ਨ ਦਾ ਕੰਮ ਫਾਊਂਡੇਸ਼ਨ ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।



Bhupinder Singh Padam
email: padambuilders@gmail.com
Licensed # 1019803
CELL 510-565-6667

3143 ARDEN ROAD, HAYWARD CA- 94545

Turning 65 Years Old?



If you've got questions, I've got answers!

Becoming eligible for Medicare at age 65 can be overwhelming and confusing, but it doesn't have to be! I can help explain all of your available options. Call me today!

Let's talk about it!

Gurcharan Singh Mann
Licensed Insurance Agent
CA License No. 0C70672
(510) 487-1000 TTY:711
MANN@GGIABA.COM

By calling this number you agree to speak with a licensed insurance agent about Medicare Products. We do not offer every plan available in your area. Any information we provide is limited to those plans we do offer in your area. Please contact Medicare.gov or 1-800-Medicare to get information on all of your options. This is an advertisement. Not affiliated with any government agency including Medicare.

Joshi Law Firm
Attorneys at Law ਅਟਾਰਨੀ ਐਟ ਲਾਅ
www.joshilawfirm.com info@joshilawfirm.com

ਇਮੀਗ੍ਰੇਸ਼ਨ
ਡਿਪੋਰਟੇਸ਼ਨ
ਅਸਾਈਲਮ
ਸਿਟੀਜਨਸ਼ਿਪ
ਗਰੀਨ ਕਾਰਡ
ਫੈਮਲੀ ਪਟੀਸ਼ਨ
ਵਿਆਹ ਦੇ

ਆਧਾਰ ਤੇ
ਗਰੀਨ ਕਾਰਡ
ਐਡਜਸਟਮੈਂਟ
ਆਫ ਸਟੇਟਸ
ਫੈਮਲੀ ਲਾਅ
ਤਲਾਕ ਦੀ

ਪਟੀਸ਼ਨ
ਬੱਚੇ ਦੀ
ਕਸਟਡੀ
ਭੱਤਾ ਜਾਂ ਖਰਚਾ
ਬੱਚਿਆਂ ਲਈ
ਖਰਚਾ



TANVIR JOSHI
SBN: 302226

(559) 312-0083 (O) (888) 630-1230 (F)

516 W. SHAW AVE STE 200 FRESNO, CA 93704



Raj Budwal
(Investment and Financial Advisor)
408-972-8000,
408-835-0202 (Cell)
Budwal and Associates
329 Piercy Road, San Jose, CA 95138
8350202@gmail.com

# ਬ੍ਰਿਟੇਨ ’ਚ ਲੇਬਰ ਪਾਰਟੀ ਦੀ ਜਿੱਤ



ਡਾ. ਕ੍ਰਿਸ਼ਨ ਕੁਮਾਰ ਰੱਤੂ

ਦੁਨੀਆ ਦੀ ਸਭ ਤੋਂ ਵੱਡੀ ਲੋਕਤੰਤਰੀ ਤੇ ਆਰਥਿਕ ਤਾਕਤ ਵਜੋਂ ਜਾਣੇ ਜਾਂਦੇ ਯੂਨਾਈਟਿਡ ਕਿੰਗਡਮ ਅਰਥਾਤ ਬਰਤਾਨੀਆ ਵਿਚ 14 ਸਾਲਾਂ ਬਾਅਦ ਸੱਤਾ ਪਰਿਵਰਤਨ ਹੋ ਗਿਆ ਹੈ। ਲੇਬਰ ਪਾਰਟੀ ਨੇ ਬਹੁਮਤ ਤੋਂ ਵੀ ਕਿਤੇ ਜ਼ਿਆਦਾ 412 ਸੀਟਾਂ ਜਿੱਤ ਕੇ ਸੱਤਾਧਾਰੀ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਸ਼ਿਕਸਤ ਦਿੰਦਿਆਂ ਸੱਤਾ ’ਤੇ ਕਬਜ਼ਾ ਕੀਤਾ ਹੈ। ਇਹੀ ਨਹੀਂ, ਦਸ ਪੰਜਾਬੀ ਵੀ ਸੰਸਦ ਮੈਂਬਰ ਚੁਣੇ ਗਏ ਹਨ। ਬਰਤਾਨੀਆ ਦੀ ਸੰਸਦ ਵਿਚ ਪੰਜਾਬੀ ਐੱਮਪੀਜ਼ ਦੀ ਇਹ ਹੁਣ ਤੱਕ ਦੀ ਸਭ ਤੋਂ ਵੱਧ ਤਾਦਾਦ ਹੈ। ਇਨ੍ਹਾਂ ਦਸਾਂ ’ਚ 5 ਔਰਤਾਂ ਹਨ ਜੋ ਲੇਬਰ ਪਾਰਟੀ ਨਾਲ ਸਬੰਧਤ ਹਨ। ਤਨਮਨਜੀਤ ਸਿੰਘ ਢੇਸੀ ਲਗਾਤਾਰ ਤੀਜੀ ਵਾਰ ਤੇ ਪ੍ਰੀਤ ਕੌਰ ਗਿੱਲ ਦੂਜੀ ਵਾਰ ਚੋਣ ਜਿੱਤੇ ਹਨ। ਸੋਨੀਆ ਕੁਮਾਰ, ਹਰਪ੍ਰੀਤ ਕੌਰ ਉੱਪਲ, ਕਿਰਿਥ ਆਹਲੂਵਾਲੀਆ, ਵਰਿੰਦਰ ਜੱਸ, ਸਤਵੀਰ ਕੌਰ, ਡਾ। ਜੀਵਨ ਸੰਧੇਰ, ਜੱਸ ਅਠਵਾਲ ਤੇ ਗੁਰਿੰਦਰ ਸਿੰਘ ਜੋਸਨ ਪਹਿਲੀ ਵਾਰ ਸੰਸਦ ਮੈਂਬਰ ਬਣੇ ਹਨ। ਲੇਬਰ ਪਾਰਟੀ ਦੀ ਸਰਕਾਰ ਦੀਆਂ ਸਿਆਸੀ, ਵਿਦੇਸ਼ ਤੇ ਆਰਥਿਕ ਨੀਤੀਆਂ ਪੂਰੀ ਆਲਮੀ ਸਿਆਸਤ ’ਤੇ ਅਸਰ ਪਾਉਣਗੀਆਂ। ਉਸ ਦੀ ਜਿੱਤ ਨਾਲ ਬਰਤਾਨੀਆ ਵਿਚ ਇਕ ਨਵੇਂ ਦੌਰ ਦੀ ਸ਼ੁਰੂਆਤ ਹੋ ਗਈ ਹੈ। ਭਾਰਤ ਬ੍ਰਿਟੇਨ ਦੀ ਬਸਤੀ ਰਹਿ ਚੁੱਕਾ ਹੈ। ਇਸ ਲਈ ਉਸ ਦੇ ਬ੍ਰਿਟੇਨ ਨਾਲ ਡੂੰਘੇ ਸਬੰਧ ਹਨ। ਆਰਥਿਕ ਤੇ ਸਮਾਜਿਕ ਤੌਰ ’ਤੇ ਵੀ ਬ੍ਰਿਟੇਨ ਦੇ ਭਾਰਤ ਨਾਲ ਗੂੜ੍ਹੇ ਸਬੰਧ ਹਨ। ਭਾਰਤੀ ਮੂਲ ਦੇ ਬ੍ਰਿਟਿਸ਼ ਨਾਗਰਿਕ ਵੱਡੀ ਵਿਚ ਬ੍ਰਿਟਿਸ਼ ਸਿਆਸਤ ਵਿਚ ਹਨ ਤੇ ਹਾਰ ਚੁੱਕੇ ਭਾਰਤੀ ਮੂਲ ਦੇ ਰਿਸ਼ੀ ਸੁਨਕ ਪਹਿਲੇ ਭਾਰਤੀ ਮੂਲ ਦੇ ਬ੍ਰਿਟਿਸ਼ ਪ੍ਰਧਾਨ ਮੰਤਰੀ ਸਨ। ਸੰਨ 2019 ਦੀਆਂ ਪਿਛਲੀਆਂ ਚੋਣਾਂ ਵਿਚ 650 ਸੀਟਾਂ ਵਾਲੀ ਬ੍ਰਿਟਿਸ਼ ਸੰਸਦ ਵਿਚ ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ 364 ਸੀਟਾਂ ਮਿਲੀਆਂ ਸਨ ਪਰ ਇਸ ਵਾਰ ਇਹ ਬਿਲਕੁਲ ਉਲਟ ਸਥਿਤੀ ਵਿਚ ਹੈ। ਸੰਨ 2024 ’ਚ ਲੇਬਰ ਪਾਰਟੀ ਨੂੰ ਵੱਡੀ ਜਿੱਤ ਨਸੀਬ ਹੋਈ ਹੈ। ਲੇਬਰ ਪਾਰਟੀ ਦੇ ਨੇਤਾ ਕੀਰ ਸਟਾਰਮਰ ਹੁਣ ਬ੍ਰਿਟਿਸ਼ ਪ੍ਰਧਾਨ ਮੰਤਰੀ ਹੋਣਗੇ। ਉਨ੍ਹਾਂ ਤੋਂ ਪਹਿਲਾਂ ਟੋਨੀ ਬਲੇਅਰ 419 ਸੀਟਾਂ ਜਿੱਤ ਕੇ ਪ੍ਰਧਾਨ ਮੰਤਰੀ ਬਣੇ ਸਨ। ਕੋਰੋਨਾ ਨਾਲ ਨਿਪਟਣ ਦੇ ਢੰਗਾਂ ਕਾਰਨ ਕੰਜ਼ਰਵੇਟਿਵ ਪਾਰਟੀ ਦੇ ਪ੍ਰਧਾਨ ਮੰਤਰੀ ਬੋਰਿਸ ਜੋਹਨਸਨ ਤੇ ਹੋਰ ਬ੍ਰਿਟਿਸ਼ ਪੀਐੱਮ ਬਦਲੇ ਸਨ। ਬ੍ਰਿਟਿਸ਼ ਸੰਸਦ ਵਿਚ ਬਹੁਮਤ ਲਈ 326 ਸੀਟਾਂ ਚਾਹੀਦੀਆਂ ਹਨ ਜਦਕਿ ਲੇਬਰ ਪਾਰਟੀ ਨੇ ਇਹ ਅੰਕੜਾ ਸਹਿਜੇ ਹੀ ਪ੍ਰਾਪਤ ਕਰ ਲਿਆ ਹੈ। ਅਸਲ ਵਿਚ ਪਿਛਲੇ 14 ਸਾਲਾਂ ਦੇ ਕੰਜ਼ਰਵੇਟਿਵ ਰਾਜ ਦੌਰਾਨ ਬ੍ਰਿਟੇਨ ਦਾ ਅਕਸ ਅਕਸਰ ਵਿਵਾਦਤ ਰਿਹਾ। ਅਮਰੀਕੀ ਤੇ ਨਾਟੋ ਭਾਈਵਾਲੀ ਨਾਲ ਪੂਰੀ ਦੁਨੀਆ ਵਿਚ ਬ੍ਰਿਟੇਨ ਦੇ ਅਕਸ ਨੂੰ ਢਾਹ ਲੱਗੀ ਖ਼ਾਸ ਤੌਰ ’ਤੇ ਅਫ਼ਗਾਨਿਸਤਾਨ, ਯੂਰਪੀ ਸੰਘ ’ਚੋਂ ਬਾਹਰ ਨਿਕਲਣ ਤੇ ਰੂਸ-ਯੂਕਰੇਨ ਜੰਗ ਕਾਰਨ ਵੀ। ਅਮਰੀਕਾ ਤੇ ਨਾਟੋ ਨਾਲ ਭਾਈਬੰਦੀ ਦੌਰਾਨ ਇਜ਼ਰਾਈਲ, ਹਮਾਸ, ਫ਼ਲਸਤੀਨ ਟਕਰਾਅ ਵਿਚ ਬ੍ਰਿਟੇਨ ਦੇ ਲੋਕਾਂ ਵਿਚ ਇਕ ਆਮ ਵਿਚਾਰ ਸੀ ਕਿ ਦੇਸ਼ ਦੀਆਂ ਆਪਣੀਆਂ ਸਮੱਸਿਆਵਾਂ ਤੋਂ ਅਲੱਗ ਵਿਦੇਸ਼ ਨੀਤੀ ਦੇ ਨਾਲ-ਨਾਲ ਵਧਦਾ ਰਹਿਣ-ਸਹਿਣ ਦਾ ਖ਼ਰਚਾ, ਮਹਿੰਗਾਈ ਤੇ ਬੇਰੁਜ਼ਗਾਰੀ ਦੇ ਨਾਲ-ਨਾਲ ਪਰਵਾਸੀਆਂ ਦੀ ਸਮੱਸਿਆ ਪ੍ਰਤੀ ਅਵੇਸਲੇਪਣ ਦੀ ਨੀਤੀ ਤੇ ਬ੍ਰਿਟਿਸ਼ ਆਰਥਿਕਤਾ ਦਾ ਡਿੱਗਦਾ ਪੱਧਰ ਚਿੰਤਾ ਦਾ ਸਬੱਬ ਬਣਿਆ ਰਿਹਾ। ਲੇਬਰ ਪਾਰਟੀ ਦੇ ਨੇਤਾ ਕੀਰ ਨੇ ਆਪਣੇ ਚੋਣ ਵਾਅਦਿਆਂ ਵਿਚ ਬ੍ਰਿਟਿਸ਼ ਨਾਗਰਿਕਾਂ ਲਈ ਆਧੁਨਿਕ ਸਿਹਤ ਸੇਵਾਵਾਂ ਤੇ 40000 ਨਵੀਆਂ ਨੌਕਰੀਆਂ, ਮਾਨਵ ਤਸਕਰੀ ਤੇ ਘਰਾਂ ਦੀ ਸਮੱਸਿਆ ਦੇ ਨਾਲ-ਨਾਲ ਸਿੱਖਿਆ ਵਰਗੇ ਲੋਕ ਲੁਭਾਊ ਨਾਅਰਿਆਂ ਨਾਲ ਨੌਕਰੀਆਂ ਦੇਣ ਦਾ ਵਾਅਦਾ ਕੀਤਾ ਸੀ।



ਭਾਰਤ ਵਾਂਗ ਬਿਜਲੀ-ਪਾਣੀ ਮੁਫ਼ਤ ਤੇ ਟਿਊਸ਼ਨ ਫੀਸ ਖ਼ਤਮ ਕਰਨ ਦੀ ਗੱਲ ਉਸ ਦੀ ਜਿੱਤ ਦਾ ਵੱਡਾ ਕਾਰਨ ਹੈ। ਸਭ ਤੋਂ ਵੱਡੀ ਗੱਲ ਬ੍ਰਿਟਿਸ਼ ਚੋਣਾਂ ਵਿਚ ਭਾਰਤੀ ਮੂਲ ਦੇ ਲੋਕ ਜੋ ਘੱਟੋ-ਘੱਟ 65 ਸੀਟਾਂ ’ਤੇ ਅਸਰ ਰੱਖਦੇ ਹਨ, ਉਨ੍ਹਾਂ ਨੇ ਇਕਜੁੱਟਤਾ ਨਾਲ ਲੇਬਰ ਪਾਰਟੀ ਨੂੰ ਵੋਟਾਂ ਪਾ ਕੇ ਰਿਸ਼ੀ ਸੁਨਕ ਦੀ ਪਾਰਟੀ ਨੂੰ ਹਰਾ ਦਿੱਤਾ ਹੈ।

ਪਿਛਲੀ ਸੰਸਦ ਵਿਚ ਭਾਰਤੀ ਮੂਲ ਦੇ 15 ਮੈਂਬਰ ਸਨ। ਹੁਣ ਸ਼ਿਵਾਨੀ ਰਾਜਾ, ਕਨਿਸ਼ਕ ਨਾਰਾਇਣ ਸੁਏਲਾ, ਮਹਿੰਦਰਾ, ਨਿਵੇਂਦੂ ਮਿਸ਼ਰਾ ਆਦਿ ਵੀ ਚੋਣ ਜਿੱਤੇ ਹਨ। ਇਨ੍ਹਾਂ ਚੋਣਾਂ ਵਿਚ ਵੱਡੇ-ਵੱਡੇ ਕੰਜ਼ਰਵੇਟਿਵ ਨੇਤਾ ਹਾਰ ਗਏ ਹਨ ਤੇ ਲੋਕਾਂ ਦਾ ਫ਼ਤਵਾ ਸਾਫ਼ ਹੈ ਕਿ ਪਰਵਾਸੀ ਸਮੱਸਿਆਵਾਂ ਤੇ ਨਾਜਾਇਜ਼ ਘੁਸਪੈਠ ਨੂੰ ਰੋਕਿਆ ਜਾਵੇ ਤੇ ਬ੍ਰਿਟਿਸ਼ ਫਸਟ ਨੀਤੀ ਨੂੰ ਪਹਿਲ ਦਿੱਤੀ ਜਾਵੇ ਕਿਉਂਕਿ ਘੁਸਪੈਠ 22 ਪ੍ਰਤੀਸ਼ਤ ਦੇ ਅਨੁਪਾਤ ਨਾਲ ਵਧ ਗਈ ਹੈ। ਬੇਰੁਜ਼ਗਾਰੀ ਬ੍ਰਿਟੇਨ ਲਈ ਖ਼ਾਸ ਤੌਰ ’ਤੇ ਨੌਜਵਾਨਾਂ ਲਈ ਵੱਡਾ ਮੁੱਦਾ ਹੈ। ਭਾਰਤ ਨਾਲ ਸਬੰਧਾਂ ਬਾਰੇ ਕੀਰ ਕਿਹੋ ਜਿਹੀ ਨੀਤੀ ਅਪਣਾਉਂਦੇ ਹਨ, ਇਹ ਤਾਂ ਸਮਾਂ ਹੀ ਦੱਸੇਗਾ ਪਰ ਇਕ ਗੱਲ ਸਾਫ਼ ਹੈ ਕਿ ਵਪਾਰਕ ਮੁੱਦੇ, ਰੱਖਿਆ ਸਹਿਯੋਗ, ਵਿਗਿਆਨਕ ਸਾਂਝੀਵਾਲਤਾ ਤੇ ਪੰਜਾਬੀ ਖਿੱਤੇ ਦੀਆਂ ਸਮੱਸਿਆਵਾਂ ਦੇ ਨਾਲ-ਨਾਲ ਭਾਰਤੀ ਵਿਦਿਆਰਥੀਆਂ ਦੇ ਅਦਾਨ-ਪ੍ਰਦਾਨ ਦੇ ਮੁੱਦਿਆਂ ਨੂੰ ਵੀ ਤੇਜ਼ੀ ਨਾਲ ਹੱਲ ਕੀਤਾ ਜਾਵੇਗਾ। ਬ੍ਰਿਟੇਨ ਦੇ ਸਾਰੇ ਹਿੱਸਿਆਂ ਜਿਵੇਂ ਉੱਤਰ ਪੱਛਮੀ ਇੰਗਲੈਂਡ, ਮਾਨ-ਚੈਸਟਰ ਤੋਂ ਬਿਨਾਂ ਯਾਰਕਸ਼ਾਇਰ ਤੇ ਲਿੰਕਨਸ਼ਾਇਰ, ਬ੍ਰੈਡਫੋਰਡ, ਵੈਸਟ ਮਿਡਲੈਂਡਜ਼ ਦੇ ਇਲਾਕੇ ਬਰਮਿੰਘਮ, ਬਲੋਕ ਕੰਟਰੀ, ਸਰੋਪਸ਼ਾਇਰ ਤੋਂ ਬਿਨਾਂ ਡਰਬੀਸ਼ਾਇਰ, ਨੋਟਿੰਘਮ, ਪੱਛਮੀ ਇੰਗਲੈਂਡ ਦੇ ਇਲਾਕਿਆਂ ਵਿਚ ਵੀ ਲੇਬਰ ਪਾਰਟੀ ਨੂੰ ਏਸ਼ਿਆਈ ਮੂਲ ਦੇ ਲੋਕਾਂ ਨੇ ਜਿਤਾਇਆ ਹੈ। ਐਸੈਕਸ, ਪੀਟਰਬੱਰ ਤੇ ਦੱਖਣੀ ਇੰਗਲੈਂਡ ਦੇ ਆਕਸਫੋਰਡ ਬਰਕਸ਼ਾਇਰ ਵਰਗੇ ਇਲਾਕਿਆਂ ਵਿਚ ਵੀ ਲੇਬਰ ਪਾਰਟੀ ਨੇ ਜਿੱਤ ਦਰਜ ਕਰ ਕੇ ਕੰਜ਼ਰਵੇਟਿਵ ਪਾਰਟੀ ਨੂੰ ਵੱਡੀ ਹਾਰ ਦਿੱਤੀ ਹੈ। ਦੱਸਣਯੋਗ ਹੈ ਕਿ ਲੇਬਰ ਪਾਰਟੀ 392 ਸੀਟਾਂ ਜਿੱਤ ਕੇ ਸੱਤਾ ’ਤੇ ਕਾਬਜ਼ ਹੋ ਗਈ ਹੈ ਜਦਕਿ ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਨੂੰ 101 ਸੀਟਾਂ ਹੀ ਮਿਲੀਆਂ ਹਨ। ਲਿਬਰਲ ਡੈਮੋਕ੍ਰੈਟਿਕ ਪਾਰਟੀ 61 ਸੀਟਾਂ ਹੀ ਜਿੱਤ ਸਕੀ ਹੈ। ਸਿਨਫਿਨ ਪਾਰਟੀ ਨੂੰ 7, ਐਨਐਨਪੀ ਨੂੰ 7 ਤੇ ਹੋਰਾਂ ਨੂੰ 24 ਸੀਟਾਂ ਮਿਲੀਆਂ ਹਨ। ਇਨ੍ਹਾਂ ਚੋਣਾਂ ਵਿਚ ਕਈ ਦਿੱਗਜ ਤੇ ਪ੍ਰਸਿੱਧ ਚਿਹਰੇ ਹਾਰ ਗਏ ਹਨ ਜਿਨ੍ਹਾਂ ਵਿਚ ਪ੍ਰਮੁੱਖ ਹਨ 44 ਦਿਨਾਂ ਦੀ ਪ੍ਰਧਾਨ ਮੰਤਰੀ ਰਹੀ ਲਿਜ਼ ਟ੍ਰਸ ਲੇਬਰ ਪਾਰਟੀ ਦੇ ਟੇਰੀ ਜਰਮੀ ਤੋਂ 600 ਵੋਟਾਂ ਨਾਲ ਹਾਰ ਗਈ ਹੈ।

ਮਜ਼ੇਦਾਰ ਗੱਲ ਇਹ ਵੀ ਹੈ ਕਿ ਚੋਣਾਂ ਵਿਚ 242 ਔਰਤਾਂ ਦੀ ਜਿੱਤ ਹੋਈ। ਇੰਜ ਉਨ੍ਹਾਂ ਦੀ ਵੱਡੀ ਭਾਗੀਦਾਰੀ ਹੋਵੇਗੀ ਜੋ 37 ਫ਼ੀਸਦੀ ਬਣਦੀ ਹੈ। ਓਧਰ ਪੀਐੱਮ ਬਣਨ ਜਾ ਰਹੇ ਕੀਰ ਨੇ ਕਿਹਾ ਹੈ ਕਿ ਉਨ੍ਹਾਂ ਦੀ ਪਾਰਟੀ ਨੇ 14 ਸਾਲਾਂ ਬਾਅਦ ਸੱਤਾ ਵਿਚ ਵਾਪਸੀ ਕਰ ਕੇ ਚਮਤਕਾਰ ਕਰ ਦਿਖਾਇਆ ਹੈ। ਰਿਸ਼ੀ ਸੁਨਕ ਨੇ ਅਸਤੀਫ਼ਾ ਕਿੰਗ ਚਾਰਲਸ ਨੂੰ ਸੌਂਪ ਦਿੱਤਾ ਹੈ। ਉਮੀਦ ਹੈ ਕਿ ਬ੍ਰਿਟੇਨ ਦੀ ਨਵੀਂ ਸਰਕਾਰ ਭਾਰਤ ਲਈ ਨਿਵੇਸ਼ ਤੇ ਦੁਵੱਲੇ ਸਬੰਧਾਂ ਦੀ ਇਕ ਨਵੀਂ ਪਾਰੀ ਤੇ ਨਵੀਆਂ ਸੰਭਾਵਨਾਵਾਂ ਵਾਲੇ ਨਵੇਂ ਰਾਹ ਖੋਲ੍ਹੇਗੀ ਜਿੱਥੇ ਭਾਰਤੀ ਲੋਕਾਂ ਲਈ ਹੋਰ ਮੌਕੇ ਰਾਖਵੇਂ ਹੋ ਜਾਣ। ਨਤੀਜਿਆਂ ’ਚ ਰਿਸ਼ੀ ਸੁਨਕ ਦੁਬਾਰਾ ਰਿਚਮੰਡ ਸੀਟ ਤੋਂ 23057 ਵੋਟਾਂ ਨਾਲ ਜਿੱਤੇ ਹਨ ਪਰ ਉਨ੍ਹਾਂ ਨੇ ਮਹੱਤਵਪੂਰਨ ਗੱਲਾਂ ਆਖੀਆਂ ਹਨ ਤੇ ਆਪਣੀਆਂ ਗ਼ਲਤੀਆਂ ਨੂੰ ਸਵੀਕਾਰ ਕੀਤਾ ਹੈ। ਇਹ ਦੇਖਣਾ ਹੋਵੇਗਾ ਕਿ 14 ਸਾਲਾਂ ਦੇ ਬਨਵਾਸ ਤੋਂ ਬਾਅਦ ਸੱਤਾ ’ਚ ਆਈ ਲੇਬਰ ਪਾਰਟੀ ਬ੍ਰਿਟੇਨ ਨੂੰ ਦੁਨੀਆ ਅੱਗੇ ਕਿਸ ਤਰ੍ਹਾਂ ਪੇਸ਼ ਕਰਦੀ ਹੈ। ਵੈਸੇ ਹਕੀਕਤ ਇਹ ਹੈ ਕਿ ਬਰਤਾਨਵੀ ਤੇ ਵਿਸ਼ਵ ਦੇ ਲੋਕਾਂ ਲਈ ਇਹ ਤਬਦੀਲੀ ਵੱਡੇ ਸੁਨੇਹੇ ਤੇ ਉਮੀਦਾਂ ਲੈ ਕੇ ਆਈ ਹੈ।

# ਯੂਕੇ ਦੀ ਪਾਰਲੀਮੈਂਟ ਵਿੱਚ ਪਹੁੰਚੇ ਪੰਜਾਬੀ

ਲੇਬਰ ਪਾਰਟੀ 14 ਸਾਲਾਂ ਬਾਅਦ ਬ੍ਰਿਟੇਨ ਦੀ ਸੱਤਾ ਵਿੱਚ ਵਾਪਸੀ ਕਰਨ ਜਾ ਰਹੀ ਹੈ। ਲੇਬਰ ਪਾਰਟੀ ਨੇ ਸਰਕਾਰ ਬਣਾਉਣ ਲਈ ਲੋੜੀਂਦੀਆਂ 326 ਸੀਟਾਂ ਦਾ ਅੰਕੜਾ ਪਾਰ ਕਰ ਲਿਆ ਹੈ। ਕੀਅਰ ਸਟਾਰਮਰ ਦੀ ਅਗਵਾਈ ਵਿੱਚ ਲੇਬਰ ਪਾਰਟੀ 1997 ਤੋ ਬਾਅਦ ਸਭ ਤੋਂ ਵੱਡੀ ਜਿੱਤ ਦਰਜ ਕਰਵਾ ਚੁੱਕੀ ਹੈ।

ਲੇਬਰ ਪਾਰਟੀ ਨੇ 410 ਤੋਂ ਵੱਧ ਸੀਟਾਂ ਜਿੱਤੀਆਂ ਹਨ ਜਦਕਿ ਮੌਜੂਦਾ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਦੀ ਕੰਜ਼ਰਵੇਟਿਵ ਪਾਰਟੀ ਹੁਣ ਤੱਕ ਸਿਰਫ਼ 119 ਸੀਟਾਂ ਹੀ ਜਿੱਤ ਸਕੀ ਹੈ। ਲੇਬਰ ਪਾਰਟੀ ਦੇ ਕੀਰ ਸਟਾਰਮਰ ਬ੍ਰਿਟੇਨ ਦੇ ਨਵੇਂ ਪ੍ਰਧਾਨ ਮੰਤਰੀ ਬਣ ਗਏ ਹਨ। ਸਟਾਰਮਰ ਨੂੰ 2020 ਵਿੱਚ ਜੇਰੇਮੀ ਕੋਰਬੀਨ ਦੀ ਥਾਂ ਲੈ ਕੇ ਲੇਬਰ ਪਾਰਟੀ ਦਾ ਨਵਾਂ ਨੇਤਾ ਚੁਣਿਆ ਗਿਆ ਸੀ। ਇਨ੍ਹਾਂ ਚੋਣਾਂ ਵਿੱਚ ਬ੍ਰਿਟੇਨ ਦੀ ਸੰਸਦ ਦੇ ਹੇਠਲੇ ਸਦਨ ਹਾਊਸ ਆਫ ਕਾਮਨਜ਼ ਲਈ ਨੁਮਾਇੰਦੇ ਚੁਣੇ ਗਏ ਹਨ। ਹਾਊਸ ਆਫ਼ ਕਾਮਨਜ਼ ਦੀਆਂ 650 ਸੀਟਾਂ ਹਨ। ਇਨ੍ਹਾਂ ਚੋਣਾਂ ਵਿੱਚ ਕਈ ਪੰਜਾਬੀ ਉਮੀਦਵਾਰਾਂ ਨੇ ਵੀ ਜਿੱਤ ਹਾਸਲ ਕੀਤੀ ਹੈ।

### ਜੇਤੂ ਪੰਜਾਬੀ ਉਮੀਦਵਾਰ

ਸਲੋਹ ਤੋਂ ਲੇਬਰ ਉਮੀਦਵਾਰ ਤਨਮਨਜੀਤ ਸਿੰਘ ਢੇਸੀ ਉਰਫ਼ ਤਨ ਢੇਸੀ ਜੇਤੂ ਰਹੇ ਹਨ। ਉਨ੍ਹਾਂ ਨੂੰ 14,666 ਅਤੇ ਦੂਜੇ ਨੰਬਰ ਉੱਤੇ ਰਹੇ ਅਜ਼ਾਦ ਉਮੀਦਵਾਰ ਅਜ਼ਹਰ ਕੋਹਨ ਨੂੰ 11,019 ਵੋਟਾਂ ਮਿਲੀਆਂ। ਇੱਥੇ ਕੰਜ਼ਰਵੇਟਿਵ ਉਮੀਦਵਾਰ ਮੋਨੀ ਕੌਰ ਨੰਦਾ ਤੀਜੇ ਨੰਬਰ ਉੱਤੇ ਰਹੇ।



ਬਰਮਿੰਘਮ ਅਜਬੈਸਟਨ ਤੋਂ ਲੇਬਰ ਉਮੀਦਵਾਰ ਪ੍ਰੀਤ ਗਿੱਲ ਜੇਤੂ ਰਹੇ ਹਨ। ਉਨ੍ਹਾਂ ਨੂੰ 16,599 ਅਤੇ ਦੂਜੇ ਨੰਬਰ ਉੱਤੇ ਰਹੇ ਕੰਜ਼ਰਵੇਟਿਵ ਉਮੀਦਵਾਰ ਅਸ਼ਵੀਰ ਸੰਘਾ ਨੂੰ 8,231 ਵੋਟਾਂ ਮਿਲੀਆਂ।

ਫੇਲਥਾਮ ਅਤੇ ਹੇਸਟੋਨ ਤੋਂ ਲੇਬਰ ਉਮੀਦਵਾਰ ਸੀਮਾ ਮਲਹੋਤਰਾ ਜੇਤੂ ਰਹੇ ਹਨ। ਉਨ੍ਹਾਂ ਨੂੰ 16,139 ਵੋਟਾਂ ਜਦਕਿ ਦੂਜੇ ਨੰਬਰ ਉੱਤੇ ਰਹੇ ਕੰਜ਼ਰਵੇਟਿਵ ਉਮੀਦਵਾਰ ਰਿਵਾ ਗੁੱਡੀ ਨੂੰ 8,195 ਵੋਟਾਂ ਮਿਲੀਆਂ। ਇੱਥੋਂ ਰਿਫੌਰਮ ਪਾਰਟੀ ਦੇ ਪ੍ਰਭਦੀਪ ਸਿੰਘ 5,130 ਵੋਟਾਂ ਲੈ ਕੇ ਤੀਜੇ ਨੰਬਰ ਉੱਤੇ ਰਹੇ।

ਸਾਊਥ ਵੈਸਟ ਹਰਟਫੋਰਡਸ਼ਾਇਰ ਤੋਂ ਕੰਜ਼ਰਵੇਟਿਵ ਉਮੀਦਵਾਰ ਗਗਨ ਮੋਹਿੰਦਰਾ ਜੇਤੂ ਰਹੇ ਹਨ। ਉਨ੍ਹਾਂ ਨੂੰ 16,458 ਅਤੇ ਦੂਜੇ ਨੰਬਰ ਉੱਤੇ ਰਹੇ ਲਿਬਰਲ ਡੈਮੋਕਰੇਟ ਪਾਰਟੀ ਦੇ ਸੈਲੀ ਸਿਮਿੰਗਟਨ ਨੂੰ 12,002 ਵੋਟਾਂ ਪਈਆਂ। ਲੇਬਰ ਪਾਰਟੀ ਇੱਥੇ ਤੀਜੇ ਨੰਬਰ ਉੱਤੇ ਰਹੀ।

ਗੁਰਿੰਦਰ ਸਿੰਘ ਜੋਸਨ, ਜੋ ਕਿ ਸਮਥਵਿਕ ਤੋਂ ਲੇਬਰ ਉਮੀਦਵਾਰ ਸਨ, ਜੇਤੂ ਰਹੇ ਹਨ। ਉਨ੍ਹਾਂ ਨੂੰ 16,858 ਵੋਟਾਂ ਪਈਆਂ। ਜਦਕਿ ਦੂਜੇ ਨੰਬਰ ਉੱਤੇ ਰਹਿਣ ਵਾਲੇ ਰਿਫੌਰਮ ਯੂਕੇ ਪਾਰਟੀ ਦੇ ਪੇਟੇ ਡਿਰਨੈਲ ਨੂੰ 5,670 ਵੋਟਾਂ ਪਈਆਂ।

ਡਡਲੇ ਤੋਂ ਲੇਬਰ ਉਮੀਦਵਾਰ ਸੋਨੀਆ ਕੁਮਾਰ ਜੇਤੂ ਰਹੇ ਹਨ। ਉਨ੍ਹਾਂ ਨੂੰ 12,215 ਵੋਟਾਂ ਪਈਆਂ ਜਦਕਿ ਦੂਜੇ ਨੰਬਰ ਉੱਤੇ ਰਹੇ ਕੰਜ਼ਰਵੇਟਿਵ ਉਮੀਦਵਾਰ ਮਾਰਕੋ ਲੋਂਘੀ ਨੂੰ 10,315 ਵੋਟਾਂ ਪਈਆਂ।

ਇਲਫੋਰਡ ਸਾਊਥ ਤੋਂ ਲੇਬਰ ਉਮੀਦਵਾਰ ਜੱਸ ਅਠਵਾਲ ਜੇਤੂ ਰਹੇ ਹਨ। ਉਨ੍ਹਾਂ ਨੂੰ 16,537 ਵੋਟਾਂ ਪਈਆਂ ਜਦਕਿ ਦੂਜੇ ਨੰਬਰ ਉੱਤੇ ਰਹਿਣ ਵਾਲੇ ਅਜ਼ਾਦ ਉਮੀਦਵਾਰ ਨੂਰ ਬੇਗਮ ਨੂੰ 9,643 ਵੋਟਾਂ ਪਈਆਂ। ਇੱਥੇ ਕੰਜ਼ਰਵੇਟਿਵ ਪਾਰਟੀ ਤੀਜੇ ਨੰਬਰ ਉੱਤੇ ਰਹੀ।

ਸਾਊਥੈਂਪਟਨ ਟੈਸਟ ਤੋਂ ਲੇਬਰ ਉਮੀਦਵਾਰ ਸਤਵੀਰ ਕੌਰ ਜੇਤੂ ਰਹੇ ਹਨ। ਉਨ੍ਹਾਂ ਨੂੰ 15,945 ਵੋਟਾਂ ਪਈਆਂ ਜਦਕਿ ਦੂਜੇ ਨੰਬਰ ਉੱਤੇ ਰਹੇ ਕੰਜ਼ਰਵੇਟਿਵ ਉਮੀਦਵਾਰ ਬੈਨ ਬਰਕੰਬਫਾਇਲਰ 6,612 ਵੋਟਾਂ ਲੈ ਸਕੇ।

ਹਡਰਸਫੀਲਡ ਤੋਂ ਲੇਬਰ ਉਮੀਦਵਾਰ ਹਰਪ੍ਰੀਤ ਉੱਪਲ ਜੇਤੂ ਰਹੇ ਹਨ। ਉਨ੍ਹਾਂ ਨੂੰ 15,101 ਅਤੇ ਦੂਜੇ ਨੰਬਰ ਉੱਤੇ ਰਹੇ ਗਰੀਨ ਪਾਰਟੀ ਦੇ ਐਂਡਰਿਊ ਕੂਪਰ ਨੂੰ 10,568 ਵੋਟਾਂ ਪਈਆਂ। ਕੰਜ਼ਰਵੇਟਿਵ ਪਾਰਟੀ ਇੱਥੇ ਵੀ ਤੀਜੇ ਨੰਬਰ ਉੱਤੇ ਰਹੀ।

ਵੁਲਵਰਹੈਂਪਟਨ ਵੈਸਟ ਤੋਂ ਲੇਬਰ ਉਮੀਦਵਾਰ ਵਰਿੰਦਰ ਜੱਸ ਜੇਤੂ ਰਹੇ ਹਨ। ਉਨ੍ਹਾਂ ਨੂੰ 19,331 ਜਦਕਿ ਕੰਜ਼ਰਵੇਟਿਵ ਉਮੀਦਵਾਰ ਮਾਈਕ ਨਿਊਟਨ ਨੂੰ 11,463 ਵੋਟਾਂ ਮਿਲੀਆਂ।

### ਪੰਜਾਬੀ ਜੇਤੂ ਉਮੀਦਵਾਰਾਂ ਦਾ ਪਿਛੋਕੜ

### ਤਨਮਨਜੀਤ ਸਿੰਘ ਢੇਸੀ

ਤਨਮਨਜੀਤ ਸਿੰਘ ਢੇਸੀ, ਜਿਨ੍ਹਾਂ ਨੂੰ ਤਨ ਢੇਸੀ ਦੇ ਨਾਮ ਨਾਲ ਜਾਣਿਆ ਜਾਂਦਾ ਹੈ, ਉਹ ਯੂਕੇ ਦੇ ਪਹਿਲੇ ਦਸਤਾਰਧਾਰੀ ਐੱਮਪੀ ਹਨ। ਉਹ 2017 ਤੋਂ ਸਲੋਹ ਹਲਕੇ ਤੋਂ ਲੇਬਰ ਪਾਰਟੀ ਦੇ ਐੱਮਪੀ ਹਨ ਅਤੇ ਸੁਨਕ ਸਰਕਾਰ ਵਿੱਚ 2023 ਤੋਂ ਸ਼ੈਡੋ ਨਿਰਯਾਤ ਮੰਤਰੀ ਵਜੋਂ ਵੀ ਸੇਵਾਵਾਂ ਨਿਭਾ ਰਹੇ ਹਨ। ਬ੍ਰਿਟੇਨ ਵਿੱਚ ਸਰਕਾਰ ਦੇ ਬਰਾਬਰ ਵਿਰੋਧੀ ਧਿਰ ਦੀ ਵੀ ਇੱਕ ਕੈਬਨਿਟ ਹੁੰਦੀ ਹੈ, ਜਿਸ ਨੂੰ ਸ਼ੈਡੋ ਕੈਬਨਿਟ ਜਾਂ ਪਰਛਾਵਾਂ ਕੈਬਨਿਟ ਕਿਹਾ ਜਾਂਦਾ ਹੈ। ਇਸ ਕੈਬਨਿਟ ਦੇ ਮੰਤਰੀ ਬਾਰੀਕੀ ਨਾਲ ਸਬੰਧਿਤ ਵਿਭਾਗਾਂ ਦੇ ਕੰਮਕਾਜ ਉੱਤੇ ਨਿਗ੍ਹਾ ਰੱਖਦੇ ਹਨ।

ਉਹ ਆਲ ਪਾਰਟੀ ਪਾਰਲੀਮੈਂਟਰੀ ਗਰੁੱਪ ਦੇ ਚੇਅਰ ਵਜੋਂ ਕੰਮ ਕਰ ਰਹੇ ਹਨ ਅਤੇ ਉਹ ਨੈਸ਼ਨਲ ਸਿੱਖ ਵਾਰ ਮੈਮੋਰੀਅਲ ਲਈ ਮੁਹਿੰਮ ਦੀ ਅਗਵਾਈ ਕਰ ਰਹੇ ਹਨ।

ਹੁਣ 2024 ਦੀਆਂ ਆਮ ਚੋਣਾਂ ਵਿੱਚ ਵੀ ਲੇਬਰ ਪਾਰਟੀ ਨੇ ਸਲੋਹ ਤੋਂ ਤਨਮਨਜੀਤ ਸਿੰਘ ਢੇਸੀ ਨੂੰ ਉਮੀਦਵਾਰ ਚੁਣਿਆ ਸੀ ਅਤੇ ਉਹ ਜੇਤੂ ਰਹੇ ਹਨ।

ਤਨਮਨਜੀਤ ਸਿੰਘ ਢੇਸੀ ਪੰਜਾਬ ਦੇ ਜਲੰਧਰ ਤੋਂ ਹਨ। ਨੌਂ ਸਾਲ ਦੀ ਉਮਰ ਵਿੱਚ ਇੰਗਲੈਂਡ ਆਉਣ ਤੋਂ ਪਹਿਲਾਂ ਤਨ ਢੇਸੀ ਨੇ ਮੁੱਢਲੀ ਪੜ੍ਹਾਈ ਪੰਜਾਬ ਤੋਂ ਹੀ ਕੀਤੀ ਹੈ।

ਢੇਸੀ ਨੇ ਯੂਨੀਵਰਸਿਟੀ ਕਾਲਜ ਲੰਡਨ ਤੋਂ ਮੈਨੇਜਮੈਂਟ ਸਟੱਡੀਜ਼ ਦੇ ਨਾਲ ਗਣਿਤ ਵਿੱਚ ਬੈਚਲਰ ਡਿਗਰੀ ਪ੍ਰਾਪਤ ਕੀਤੀ। ਔਕਸਫੋਰਡ ਯੂਨੀਵਰਸਿਟੀ ਵਿੱਚ ਅਪਲਾਈਡ ਸਟੇਟਿਸਟਿਕਸ ਅਤੇ ਕੈਮਬ੍ਰਿਜ ਤੋਂ ਦੱਖਣੀ ਏਸ਼ੀਆ ਦੇ ਇਤਿਹਾਸ ਵਿੱਚ ਐਮ।ਫਿਲ। ਕੀਤੀ ਹੈ।

2007 ਵਿੱਚ ਤਨਮਨਜੀਤ ਸਿੰਘ ਢੇਸੀ ਨੇ ਗ੍ਰੇਵਸ਼ਮ ਤੋਂ ਕੌਂਸਲਰ ਬਣ ਕੇ ਸਿਆਸਤ ਵਿੱਚ ਪੈਰ ਰੱਖਿਆ ਸੀ। 2011 ਵਿੱਚ ਉਹ ਗ੍ਰੇਵਸ਼ਮ ਦੇ ਮੇਅਰ ਬਣੇ।

2017 ਦੀਆਂ ਆਮ ਚੋਣਾਂ ਵਿੱਚ ਉਹ ਸਲੋਹ ਹਲਕੇ ਤੋਂ ਲੜ੍ਹੇ ਅਤੇ 17,000 ਦੀ ਬਹੁਮਤ ਨਾਲ ਸਾਂਸਦ ਚੁਣੇ ਗਏ। ਸਾਲ 2019 ਦੀਆਂ ਆਮ ਚੋਣਾਂ ਵਿੱਚ ਉਹ ਦੂਜੀ ਵਾਰ ਸਲੋਹ ਤੋਂ ਸਾਂਸਦ ਚੁਣੇ ਗਏ ਸਨ।

### ਪ੍ਰੀਤ ਕੌਰ ਗਿੱਲ (ਲੇਬਰ ਪਾਰਟੀ)

ਪ੍ਰੀਤ ਕੌਰ ਗਿੱਲ ਲੇਬਰ ਪਾਰਟੀ ਤੋਂ ਪੰਜਾਬੀ ਮੂਲ ਦੇ ਬ੍ਰਿਟਿਸ਼ ਸਿਆਸਤਦਾਨ ਹਨ। ਉਹ 2017 ਤੋਂ ਬਰਮਿੰਘਮ ਤੇ ਏਜਬਸਟਨ ਲਈ ਐੱਮਪੀ ਹਨ। ਉਹ ਯੂਕੇ ਦੀ ਸੰਸਦ ਵਿੱਚ ਚੁਣੀ ਜਾਣ ਵਾਲੀ ਪਹਿਲੀ ਸਿੱਖ ਔਰਤ ਹਨ।

2024 ਦੀਆਂ ਆਮ ਚੋਣਾਂ ਦੇ ਐਲਾਨ ਤੋਂ ਪਹਿਲਾਂ ਉਹ ਵਿਰੋਧੀ ਧਿਰ ਦੀ ਕੈਬਨਿਟ (ਸ਼ੈਡੋ ਕੈਬਨਿਟ) ਵਿੱਚ ਪ੍ਰਾਇਮਰੀ ਕੇਅਰ ਅਤੇ ਪਬਲਿਕ ਹੈਲਥ ਮੰਤਰੀ ਸਨ।

ਪ੍ਰੀਤ ਕੌਰ ਗਿੱਲ ਜਲੰਧਰ ਦੇ ਪਿੰਡ ਜਮਸ਼ੇਰ ਤੋਂ ਹਨ। ਉਨ੍ਹਾਂ ਦੇ ਪਿਤਾ ਇੰਗਲੈਂਡ ਦੇ ਪਹਿਲੇ ਗੁਰਦੁਆਰੇ, ਗੁਰੂ ਨਾਨਕ ਗੁਰਦੁਆਰਾ ਸਮੈਥਵਿਕ ਦੇ ਸਭ ਤੋਂ ਲੰਬੇ ਸਮੇਂ ਤੱਕ

(ਬਾਕੀ ਸਫਾ 19 ‘ਤੇ)

# ਸੁਰਿੰਦਰਪਾਲ ਸਿੰਘ ਔਲਖ ਹੁਰਾਂ ਨੇ ਮਨਾਈ ਵਿਆਹ ਦੀ 50ਵੀਂ ਵਰ੍ਹੇਗੰਢ





ਫਰੀਮਾਂਟ/ਨਿਊਆਰਕ- ਪਿਛਲੇ ਹਫਤੇ ਸੁਰਿੰਦਰਪਾਲ ਸਿੰਘ ਔਲਖ ਹੁਰਾਂ ਦੀ 50ਵੀਂ ਵਿਆਹ ਦੀ ਵਰ੍ਹੇਗੰਢ ਇੱਥੇ ਸਾਰੇ ਰਿਸ਼ਤੇਦਾਰਾਂ/ਦੋਸਤਾਂ ਦੇ ਨਾਲ ਰਲ ਕੇ ਮਨਾਈ ਗਈ ਤੇ ਦੋਵੇਂ ਜੀਆਂ ਨੇ ਆਏ ਹੋਏ ਰਿਸ਼ਤੇਦਾਂ, ਮਿੰਤਰਾਂ ਦਾ ਧੰਨਵਾਦ ਵੀ ਕੀਤਾ।

ਸ. ਸੁਰਿੰਦਰਪਾਲ ਸਿੰਘ ਔਲਖ ਤੇ ਉਹਨਾਂ ਦੀ ਸੁਪਤਨੀ ਬੀਬੀ ਸੁਰਿੰਦਰਪਾਲ ਕੌਰ ਦੀ 50ਵੀਂ ਵਿਆਹ ਦੀ ਵਰ੍ਹੇਗੰਢ ਤੇ ਪਹੁੰਚੇ ਹੋਏ ਰਿਸ਼ਤੇਦਾਰਾਂ ’ਚ ਸ. ਸਤਪਾਲ ਸਿੰਘ (ਸਰੀ- ਕੈਨੇਡਾ), ਡਾ. ਬਲਵਿੰਦਰ ਸਿੰਘ (ਮੁਕਤਸਰ ਸਾਹਿਬ ਤੋਂ), ਮਨਿੰਦਰ ਸਿੰਘ, ਜਸਵਿੰਦਰ ਸਿੰਘ, ਡਾ. ਹਰਵਿੰਦਰ ਸਿੰਘ (ਫਰਿਜ਼ਨੋ), ਰਾਜਵਿੰਦਰ ਸਿੰਘ, ਭੁਪਿੰਦਰ ਸਿੰਘ (ਸਰੀ-ਕੈਨੇਡਾ), ਰਮਨਦੀਪ ਸਿੰਘ, ਪ੍ਰੀਤ ਤੇ ਹੋਰ ਆਏ ਸੱਜਣਾਂ ਨੂੰ ਮਹਿਫਲ ’ਚ ਸਜਾਉਣ ਤੇ ਗੀਤਾਂ ਦੀ ਮਹਿਫਲ ਸਜਾ ਕੇ ਸ. ਪਰਮਪਾਲ ਸਿੰਘ ਹੁਰਾਂ ਦੇ ਬੈਕਯਾਰਡ ਨੂੰ ਰੁਸ਼ਨਾ ਦਿੱਤਾ।

ਸਾਰੇ ਰਿਸ਼ਤੇਦਾਰਾਂ/ਦੋਸਤਾਂ ਨੇ ਸ਼ਾਮ ਨੂੰ ਰੰਗੀਨ ਕਰਨ ਲਈ ਸਭ ਆਏ ਸੱਜਣਾਂ ਨੇ ਗੀਤਾਂ ਦੀ ਝੜੀ ਲਾ ਦਿੱਤੀ ਤੇ ਰਾਤ ਦੇ 1 ਵਜੇ ਤੱਕ ਰਿਸ਼ਤਿਆਂ ਦੀ ਰੰਗਤ ਨਜ਼ਰ ਆਉਂਦੀ ਰਹੀ।

ਬਹੁਤੇ ਰਿਸ਼ਤੇਦਾਰ ਪ੍ਰੋਗਰਾਮ ’ਚ ਜਦੋਂ ਇਕੱਠੇ ਹੁੰਦੇ ਹਨ, ਉਹ ਜ਼ਿਆਦਾਤਰ ਆਪਣੀਆਂ ਜ਼ਮੀਨਾਂ ਤੇ ਪੈਸਿਆਂ, ਤਨਖਾਹਾਂ ਬਾਰੇ ਗੱਲਾਂ ਕਰਕੇ ਇਕ-ਦੂਜੇ ਨੂੰ ਨੀਵਾਂ ਦਿਖਾਉਣ ’ਚ ਹੀ ਲੱਗੇ ਰਹਿੰਦੇ ਹਨ।

ਪਰ ਅੱਜ ਦੀ ਸ਼ਾਮ ’ਚ ਇਕ ਰੰਗ ਨਜ਼ਰ ਆਇਆ, ਜਿਸ ਰਾਹੀਂ ਸਭ ਲਈ ਸੁਖਾਵਾਂ ਸੁਨੇਹਾ ਇਹੀ ਹੈ ਕਿ ਜਦੋਂ ਵੀ ਇਕੱਠੇ ਬੈਠੋ, ਦੁਨਿਆਵੀ ਗੱਲਾਂ ਨਾਲੋਂ ਖੁਸ਼ੀ ਦ ਪਲ ਸਾਂਝੇ ਕਰਨ ਲਈ ਬੈਠਕਾਂ ਹੋਣੀਆਂ ਚਾਹੀਦੀਆਂ ਹਨ।

ਇਸ ਪਰਿਵਾਰ ਦਾ ਧੰਨਵਾਦ ਕਿ ਮੇਰੇ ਵਰਗੇ ਨੂੰ ਬਿਠਾ ਕੇ ਨਾਲ ਇਕ ਚੰਗਾ ਸੁਨੇਹਾ ਦੇ ਦਿੱਤਾ।

**- ਬਲਬੀਰ ਸਿੰਘ ਐਮ. ਏ.**

NANAK FOOD & GROCERY HATT
Your Neighborhood Indian Food Market
We Carry All Brands Quality Food Items,
Vegetables,
Spices, Frozen Food,
Ready-To-Eat
And Dairy
SPECIAL OFFER
10% OFF
Limited Time Only
ਹੋਰ ਜਾਣਕਾਰੀ ਲਈ ਆਖਰੀ ਸਫੇ ’ਤੇ ਇਸ਼ਤਿਹਾਰ ਦੇਖੋ

SANSAR
AUTHENTIC INDIAN CUISINE
We do catering for all occassions
ਅਸੀਂ ਵੱਡੇ ਤੋਂ ਵੱਡੇ ਪ੍ਰੋਗਰਾਮ/ਪਾਰਟੀ
ਲਈ ਕੇਟਰਿੰਗ ਦਾ ਪ੍ਰਬੰਧ ਕਰਦੇ ਹਾਂ
Santokh Singh Judge
925-487-4679
2220 First Street
Livermore, CA 94550
925-606-6191
www.SansarIndianCuisine.com
2610 S. Tracy Blvd
Tracy, CA 95376
209-834-2200
www.SansarTracy.com



Kw SILICON CITY
KELLERWILLIAMS.
To buy Home, business
or any kind of property
Gurjeet Rai
408-802-5303
GurjeetRai@kw.com
SoldbyGurjeetRai.com
5-STAR RATING
DRE 02149422
Please consult before finalizing
your deal or decision
REALTOR® OF THE YEAR 2022
AGENT OF THE EXCELLENCE 2022
2221 Oakland Rd, Ste 268
San Jose CA 95131



# ਸੰਪਾਦਕੀ

## ਜਲੰਧਰ ਜ਼ਿਮਨੀ ਚੋਣ

ਜਲੰਧਰ ਪੱਛਮੀ ਹਲਕੇ ਦੀ ਚੋਣ ਇਸ ਵਾਰ ਲੋਕ ਸਭਾ ਚੋਣਾਂ ਤੋਂ ਵੀ ਜ਼ਿਆਦਾ ਅਹਿਮ ਬਣ ਗਈ ਹੈ। ਕਾਰਨ ਕਈ ਹਨ ਪਰ ਮੁੱਖ ਤੌਰ ਤੇ ਆਮ ਆਦਮੀ ਪਾਰਟੀ ਦੀ ਸਾਰੀ ਸਰਕਾਰ ਹੀ ਉੱਠ ਕੇ ਜੇਕਰ ਜਲੰਧਰ ਵੈਸਟ ਹਲਕੇ ਵਿਚ ਪਹੁੰਚ ਜਾਂਦੀ ਹੈ ਤਾਂ ਇਸ ਦੇ ਕਈ ਮਾਅਨੇ ਦੇਖੇ ਜਾ ਸਕਦੇ ਹਨ। ਇਹ ਹਲਕਾ ਇਕ ਰਿਜ਼ਰਵ ਹਲਕਾ ਹੈ, ਜੋ ਕਿ ਆਮ ਆਦਮੀ ਪਾਰਟੀ ਦੇ ਵਿਧਾਇਕ ਸ਼ੀਤਲ ਅੰਗੁਰਾਲ ਦੁਆਰਾ ਅਸਤੀਫਾ ਦੇਣ ਤੋਂ ਬਾਅਦ ਖਾਲੀ ਹੋ ਗਈ ਸੀ। ਜਿਸ ਵਕਤ ਸ਼ੀਤਲ ਅੰਗੁਰਾਲ ਨੇ ਅਸਤੀਫਾ ਦਿੱਤਾ ਸੀ ਤਾਂ ਉਹਨਾਂ ਨੇ ਕੋਈ ਗੰਭੀਰ ਦੋਸ਼ ਆਮ ਆਦਮੀ ਪਾਰਟੀ ਜਾਂ ਮੁੱਖ ਮੰਤਰੀ ਭਗਵੰਤ ਮਾਨ 'ਤੇ ਨਹੀਂ ਲਗਾਇਆ ਸੀ ਪਰ ਜਦੋਂ ਭਗਵੰਤ ਮਾਨ ਆਪਣੀ ਸਾਰੀ ਸਰਕਾਰ ਸਮੇਤ ਹੀ ਜਲੰਧਰ ਪਹੁੰਚ ਗਏ ਅਤੇ ਜਲੰਧਰ ਨੂੰ ਪੰਜਾਬ ਦੀ ਰਾਜਧਾਨੀ ਬਣਾਉਣ ਦਾ ਐਲਾਨ ਕਰਕੇ ਸਾਰੇ ਵਿਭਾਗਾਂ ਦੇ ਮੁਖੀਆਂ ਨੂੰ ਉਥੇ ਹੀ ਸੱਦ ਲਿਆ ਤਾਂ ਇਹ ਚੋਣ ਬਹੁਤ ਜ਼ਿਆਦਾ ਦਿਲਚਸਪ ਬਣ ਗਈ।

ਇਸ ਸੀਟ ਉਤੇ ਹਾਲ ਹੀ ਵਿਚ ਲੋਕ ਸਭਾ ਚੋਣ ਹੋਈ ਹੈ, ਜਿਸ ਮੁਤਾਬਕ ਕਾਂਗਰਸ ਨੂੰ ਇੱਥੇ 1000-1500 ਵੋਟਾਂ ਹੀ ਜ਼ਿਆਦਾ ਮਿਲੀਆਂ ਹਨ। ਦੂਜੇ ਨੰਬਰ 'ਤੇ ਇੱਥੋਂ ਭਾਜਪਾ ਰਹੀ ਸੀ। ਆਮ ਆਦਮੀ ਪਾਰਟੀ ਨੂੰ ਕਾਫੀ ਘੱਟ ਵੋਟਾਂ ਮਿਲੀਆਂ ਅਤੇ ਇਹ ਤੀਜੇ ਨੰਬਰ ਤੇ ਰਹੀ ਸੀ ਪਰ ਅਕਾਲੀਆਂ ਦੀ ਹਾਲਤ ਇਸ ਸੀਟ ਤੇ ਵੀ ਬਹੁਤ ਮਾੜੀ ਸੀ। ਸ਼ਾਇਦ ਇਸੇ ਕਾਰਨ ਹੀ ਅਕਾਲੀ ਦਲ ਨੇ ਇੱਥੋਂ ਚੋਣ ਨਾ ਲੜ ਕੇ ਬਸਪਾ ਨੂੰ ਹੀ ਹਮਾਇਤ ਦੇ ਦਿੱਤੀ, ਹਾਲਾਂਕਿ ਇਸ ਦਾ ਅਕਾਲੀ ਦਲ ਅੰਦਰ ਚਲਦੇ ਘਮਾਸਾਨ ਦਰਮਿਆਨ ਵਿਰੋਧ ਵੀ ਹੋਇਆ।

ਇਸ ਚੋਣ ਦੀ ਜਿੱਤ-ਹਾਰ ਨਾਲ ਕਿਸੇ ਨੂੰ ਵੀ ਫਰਕ ਨਹੀਂ ਪੈਂਦਾ ਪਰ ਜੇਕਰ ਆਮ ਆਦਮੀ ਪਾਰਟੀ ਇਹ ਚੋਣ ਹਾਰ ਜਾਂਦੀ ਹੈ ਤਾਂ ਅਗਲੇਰੇ ਦਿਨਾਂ ਵਿਚ ਇਸ ਦਾ ਅਸਰ ਮੁੱਖ ਮੰਤਰੀ ਭਗਵੰਤ ਮਾਨ ਦੀ ਕੁਰਸੀ ਅਤੇ ਉਹਨਾਂ ਦੀ ਪਾਰਟੀ 'ਤੇ ਪਕੜ ਉਤੇ ਲਾਜ਼ਮੀ ਪੈ ਸਕਦਾ ਹੈ। ਇਹੀ ਕਾਰਨ ਹੈ ਕਿ ਭਗਵੰਤ ਮਾਨ ਖੁਦ ਇਸ ਸੀਟ ਉਤੇ ਡਟੇ ਪਏ ਹਨ। ਹੋਰ ਕਿਸੇ ਪਾਰਟੀ ਲਈ ਇਹ ਚੋਣ ਕੋਈ ਅਹਿਮੀਅਤ ਨਹੀਂ ਰੱਖਦੀ, ਹਾਲਾਂਕਿ ਇੱਥੇ ਮੁੱਖ ਮੁਕਾਬਲਾ ਆਮ ਆਦਮੀ ਪਾਰਟੀ, ਕਾਂਗਰਸ ਅਤੇ ਭਾਜਪਾ ਦਾ ਦੱਸਿਆ ਜਾ ਰਿਹਾ ਹੈ। ਚੋਣ ਪ੍ਰਚਾਰ ਦਰਮਿਆਨ ਇਹ ਸੀਟ ਚਰਚਾ ਵਿਚ ਉਦੋਂ ਜ਼ਿਆਦਾ ਆਈ ਜਦੋਂ ਸ਼ੀਤਲ ਅੰਗੁਰਾਲ ਨੇ ਦੋਸ਼ ਲਗਾਇਆ ਕਿ ਮੁੱਖ ਮੰਤਰੀ ਉਹਨਾਂ ਤੋਂ ਉਗਰਾਹੀਆਂ ਕਰਵਾਉਂਦੇ ਹਨ, ਇਸ ਕਰਕੇ ਉਹਨਾਂ ਨੇ ਅਸਤੀਫਾ ਦੇ ਕੇ ਭਾਜਪਾ ਵੱਲ ਜਾਣਾ ਬਿਹਤਰ ਸਮਝਿਆ। ਇਸ ਬਾਰੇ ਭਗਵੰਤ ਮਾਨ ਨੂੰ ਸਫਾਈਆਂ ਵੀ ਦੇਣੀਆਂ ਪਈਆਂ ਅਤੇ ਆਮ ਆਦਮੀ ਪਾਰਟੀ ਦੀਆਂ ਚੁਣੌਤੀਆਂ ਵੀ ਇੱਥੋਂ ਵੱਧ ਗਈਆਂ। ਕੁੱਲ ਮਿਲਾ ਕੇ ਇਹ ਕਹਿਣਾ ਮੁਨਾਸਿਬ ਹੋਵੇਗੀ ਕਿ ਜੇਕਰ ਇਹ ਸੀਟ ਆਮ ਆਦਮੀ ਪਾਰਟੀ ਜਿੱਤਦੀ ਹੈ ਤਾਂ ਇਸ ਦਾ ਫਾਇਦਾ ਮੁੱਖ ਮੰਤਰੀ ਭਗਵੰਤ ਮਾਨ ਨੂੰ ਹੋਵੇਗਾ ਅਤੇ ਜੇਕਰ ਹਾਰਦੀ ਹੈ ਤਾਂ ਇਸ ਦਾ ਨੁਕਸਾਨ ਵੀ ਉਹਨਾਂ ਨੂੰ ਹੀ ਹੋ ਸਕਦਾ ਹੈ।

-ਬਲਬੀਰ ਸਿੰਘ ਐਮ ਏ


Balbir Singh M.A.
Editor in Chief & Publisher
e-mail: bsma54@gmail.com
Tel : 510-938-7771

36415 RUSCHIN DR. NEWARK, CA 94560

Sub Office - Bakersfield (CA)
209 Weedpatch HWY, Bakersfield (CA)
Manmit Saggu 661-900-7357
Tanjit Saggu 661-761-8795

Buta Ram joshi Staff Reporter, Fresno 559-803-0055

Sanjeev Garg Kali, Reporter Malwa Area, 96713-53789

RAJ BUDWAL
MEDIA PARTNER / REPRESENTATIVE
8350202@gmail.com 408-835-0202

Web designed www.pardestimes.com
by Aman Bansil 510-589-2245


The Pardes Times and people associated with it are Not responsible for any claims made by the advertisers and don't endorse any product or services advertised in the Pardes Times. Please consult your attorney before, buying/hiring contracting through the ads published in the news paper. The Pardes Times is in business of selling spaces and claims made by advertisers are not tested/confirmed by an independent source.

# ਮਾਸਕੋ ਵੱਲ ਕਿਉਂ ਮੂੰਹ ਕਰ ਰਹੀ ਹੈ ਮੋਦੀ ਸਰਕਾਰ

ਜਯੋਤੀ ਮਲਹੋਤਰਾ

ਮਾਸਕੋ ਵਿੱਚ ਮੇਰੇ ਹੋਟਲ ਦੇ ਕਮਰੇ ਦੁਆਲੇ ਬਣੀ ਸ਼ੀਸ਼ੇ ਦੀ ਕੰਧ ਦੇ ਬਾਹਰ ਸਵੇਰ ਸਾਰ ਸੂਰਜ ਦੀ ਚਮਕ ਨਾਲ ਸੁਨਹਿਰੀ ਭਾਹ ਮਾਰਦੀ ਮੋਸਕਵਾ ਨਦੀ; ਨਦੀ ਦੇ ਪਾਰ ਰਾਤ ਨੂੰ ਕਿਸੇ ਪਰੀ ਕਹਾਣੀ ਦੇ ਕਿਲ੍ਹੇ ਵਾਂਗ ਚਮਕ ਰਿਹਾ ਸਟਾਲਿਨ ਦੇ ਸਮਿਆਂ ਦਾ ਬਣਿਆ ਸ਼ਾਨਦਾਰ ਯੂਕਰੇਨਾ ਹੋਟਲ। ਨਦੀ ਦਾ ਉਹ 'ਕੁਜ਼ਨੇਤਸਕੀ ਮੋਸਤ' ਪੁਲ ਜੋ ਅਕਤੂਬਰ 1993 ਦੇ ਉਨ੍ਹਾਂ ਸਿਆਹ ਦਿਨਾਂ ਦੀ ਯਾਦ ਦਿਵਾਉਂਦਾ ਹੈ ਜਦੋਂ ਰੂਸੀ ਟੈਂਕਾਂ ਨੇ ਆਪਣੇ ਹੀ ਸੰਸਦ ਭਵਨ ਜਿਸ ਨੂੰ 'ਵ੍ਹਾਈਟ ਹਾਊਸ' ਵੀ ਕਿਹਾ ਜਾਂਦਾ ਹੈ, ਵੱਲ ਆਪਣੀਆਂ ਬੰਦੂਕਾਂ ਤਾਣ ਲਈਆਂ ਸਨ।

ਰਤਾ ਕੁ ਆਪਣੀਆਂ ਅੱਖਾਂ ਮਲੋ ਤਾਂ ਤੁਹਾਨੂੰ ਅਗਲੇ ਦਰਾਂ 'ਤੇ ਖੜ੍ਹਾ ਵ੍ਹਾਈਟ ਹਾਊਸ ਹੁਣ ਸਫ਼ੇਦ ਅਤੇ ਸੁਨਹਿਰੇ ਰੰਗ ਨਾਲ ਨਹਾਤਾ ਨਜ਼ਰ ਆਉਂਦਾ ਹੈ। ਇਹੀ ਨਹੀਂ, ਬਾਕੀ ਸ਼ਹਿਰ ਵੀ ਸਾਫ਼-ਸੁਥਰਾ ਹੈ। ਸ਼ਹਿਰ ਨੂੰ ਦੇਖ ਕੇ ਤੁਸੀਂ ਕਿਸੇ ਨਵੇਂ ਸੰਕਟ ਦਾ ਅੰਦਾਜ਼ਾ ਨਹੀਂ ਲਗਾ ਸਕਦੇ ਹਾਲਾਂਕਿ ਮਰਸਿਡੀਜ਼ ਬੈਂਜ਼ ਕਾਰਾਂ, ਮੈਕਡੋਨਲਡਜ਼ ਬਰਗਰ ਅਤੇ ਮੈਕਸਿਮਜ਼ ਪੇਸਟ੍ਰੀਜ਼ ਜਿਹੇ ਪੱਛਮੀ ਦੇਵਾਂ ਦੇ ਬੁੱਤ ਨਦਾਰਦ ਹੋਣ ਤੋਂ ਇਹ ਝਾਉਲਾ ਪੈਂਦਾ ਹੈ ਕਿ ਰੂਸ ਦੇ ਹੱਥੋਂ ਸ਼ਾਇਦ ਖੇਡ ਨਿਕਲ ਚੁੱਕੀ ਹੈ। ਯੂਕਰੇਨ ਵਿਚ ਰੂਸ ਦੀ ਜੰਗ ਛਿੜੀ ਨੂੰ ਢਾਈ ਸਾਲ ਹੋਣ ਵਾਲੇ ਹਨ ਪਰ ਖ਼ਾਸ ਗੱਲ ਇਹ ਹੈ ਕਿ ਮਾਸਕੋ 1990ਵਿਆਂ ਦੀ ਅਫ਼ਰਾ-ਤਫ਼ਰੀ ਦੇ ਦਿਨਾਂ ਨਾਲੋਂ ਹੁਣ ਤੱਕ ਨਾ ਸਿਰਫ਼ ਸਭ ਤੋਂ ਵੱਧ ਖ਼ੁਸ਼ਹਾਲ ਨਜ਼ਰ ਆਉਂਦਾ ਹੈ ਸਗੋਂ ਪਹਿਲਾਂ ਨਾਲੋਂ ਵਧੇਰੇ ਜ਼ਬ੍ਹੇ ਵਾਲਾ ਅਤੇ ਇਕਮੁੱਠ ਵੀ ਦਿਖਾਈ ਦਿੰਦਾ ਹੈ।



ਹੁਣ ਜਦੋਂ ਹਫ਼ਤੇ ਕੁ ਬਾਅਦ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਇੱਕ ਰੋਜ਼ਾ ਸਿਖਰ ਵਾਰਤਾ ਲਈ ਮਾਸਕੋ ਜਾ ਰਹੇ ਹਨ ਤਾਂ ਕੋਈ ਵੀ ਇਹ ਨਹੀਂ ਕਹਿ ਸਕਦਾ ਕਿ ਲੋਕ ਜੰਗ ਤੋਂ ਅਛੂਤੇ ਹਨ। ਜੰਗ ਵਿਰੋਧੀ ਜਜ਼ਬਾਤ ਜੇ ਬਹੁਤੇ ਉੱਭਰ ਕੇ ਸਾਹਮਣੇ ਨਹੀਂ ਆ ਸਕੇ ਤਾਂ ਵੀ ਅਹਿਮ ਜ਼ਰੂਰ ਹਨ। ਇਹ ਤੱਥ ਹੈ ਕਿ ਰੂਸੀਆਂ ਅਤੇ ਯੂਕਰੇਨੀਆਂ ਵਿਚਕਾਰ ਬਹੁਤ ਸਾਰੀਆਂ ਸਾਂਝਾਂ ਹਨ ਜਿਨ੍ਹਾਂ ਵਿਚ ਓਰਥੋਡੌਕਸ ਚਰਚ, ਸਲਾਵ ਨਸਲ, ਵਿਆਹੁਤਾ ਅਤੇ ਪਰਿਵਾਰਕ ਰਿਸ਼ਤੇ ਜਿਨ੍ਹਾਂ ਸਾਰਿਆਂ ਦਾ ਮੂਲ ਅਰਥ ਇਹੀ ਹੈ ਕਿ ਉਹ ਸਰਹੱਦੋਂ ਪਾਰ ਵਡੇਰੇ ਪਰਿਵਾਰ ਦਾ ਹਿੱਸਾ ਹਨ। ਇਸ ਤੋਂ ਕਿਸੇ ਨੂੰ ਇਹ ਹੈਰਤ ਹੁੰਦੀ ਹੈ ਕਿ ਤਾਂ ਫਿਰ ਦੋਵੇਂ ਪਾਸੀਂ ਅਜੇ ਤੱਕ ਵੀ ਹਜ਼ਾਰਾਂ ਲੋਕ ਕਾਹਦੇ ਲਈ ਲੜ ਮਰ ਰਹੇ ਹਨ।

ਸ਼ਾਇਦ ਨਹੀਂ। ਕੁਝ ਕੁ ਵਿਚਾਰ ਅਜਿਹੇ ਹੁੰਦੇ ਹਨ ਜਿਨ੍ਹਾਂ ਖ਼ਾਤਿਰ ਲੋਕ ਗੋਲੀ ਖਾਣ ਲਈ ਤਿਆਰ ਹੋ ਜਾਂਦੇ ਹਨ। ਸਚਾਈ ਇਹ ਹੈ ਕਿ ਯੂਕਰੇਨ ਦੀ ਜੰਗ ਹੁਣ ਯੂਕਰੇਨੀਆਂ ਅਤੇ ਰੂਸੀਆਂ ਵਿਚਕਾਰ ਜੰਗ ਨਹੀਂ ਰਹਿ ਗਈ ਸਗੋਂ ਕਿਸੇ ਹੋਰ ਦੇ ਤਰਕ ਦੀ ਲੁਕਵੀਂ ਜੰਗ ਬਣ ਗਈ ਹੈ। ਫਰਵਰੀ 2022 ਵਿਚ ਜਦੋਂ ਜੰਗ ਸ਼ੁਰੂ ਹੋਈ ਸੀ ਤਾਂ ਉਦੋਂ ਤੋਂ ਹੀ ਯੂਕਰੇਨੀਆਂ ਕੋਲ ਰੂਸ ਦੇ ਮਾਰੂ ਹਥਿਆਰਾਂ ਦਾ ਟਾਕਰਾ ਕਰਨ ਦੀ ਸਮਰੱਥਾ ਨਹੀਂ ਸੀ; ਪੂਤਿਨ ਵੀ ਸ਼ਾਇਦ ਇਹ ਸੋਚਦੇ ਸੀ ਕਿ ਉਹ ਕੁਝ ਦਿਨਾਂ ਵਿਚ ਹੀ ਯੂਕਰੇਨ ਨੂੰ ਦਰੜ ਕੇ ਜਿੱਤ ਦਾ ਝੰਡਾ ਲਹਿਰਾ ਕੇ ਅੱਗੇ ਵਧ ਜਾਣਗੇ ਲੇਕਿਨ ਇੰਝ ਹੋ ਨਹੀਂ ਸਕਿਆ ਕਿਉਂਕਿ ਪੱਛਮ ਇਸ ਵਿਚ ਸ਼ਾਮਿਲ ਹੁੰਦਾ ਗਿਆ। ਪਿਛਲੇ ਦੋ ਸਾਲਾਂ ਤੋਂ ਅਮਰੀਕਾ ਰੂਸ ਨਾਲ ਲੜਨ ਲਈ ਯੂਕਰੇਨ ਨੂੰ ਲਗਾਤਾਰ ਮਾਰੂ ਹਥਿਆਰ ਮੁਹੱਈਆ ਕਰਵਾ ਰਿਹਾ ਹੈ। ਪਿਛਲੇ ਸਾਲ ਅਮਰੀਕਾ ਵਿਚ ਬਣੇ ਡਰੋਨਾਂ ਨੇ ਰੂਸ ਦੇ ਧੁਰ ਅੰਦਰ ਜਾ ਕੇ ਹਮਲੇ ਕੀਤੇ ਤੇ ਉਹ ਮਾਸਕੋ ਦੀਆਂ ਬਰੂਹਾਂ ਤੱਕ ਪਹੁੰਚ ਗਏ ਸਨ। ਅਮਰੀਕਾ, ਕੈਨੇਡਾ, ਬਰਤਾਨੀਆ, ਫਰਾਂਸ, ਪੋਲੈਂਡ ਅਤੇ ਰੋਮਾਨੀਆ ਜਿਹੇ ਕਈ ਨਾਟੋ ਮੁਲਕਾਂ ਦੇ ਭਾੜੇ ਦੇ ਫ਼ੌਜੀ ਯੂਕਰੇਨੀਆਂ ਦਾ ਸਾਥ ਦੇ ਰਹੇ ਹਨ। ਜ਼ਾਹਿਰਾ ਤੌਰ 'ਤੇ ਅਫ਼ਗ਼ਾਨਿਸਤਾਨ ਤੋਂ ਵਾਪਸੀ ਤੋਂ ਫ਼ੌਰੀ ਬਾਅਦ ਅਮਰੀਕੀ ਫ਼ੌਜੀਆਂ ਲਈ ਯੂਕਰੇਨ ਵਿੱਚ ਜ਼ਮੀਨ 'ਤੇ ਉਤਰਨਾ ਜਲਦਬਾਜ਼ੀ ਹੋਣੀ ਸੀ ਪਰ ਸਾਫ਼ ਤੌਰ 'ਤੇ ਨਾਟੋ ਦੇ ਭਾੜੇ ਦੇ ਫ਼ੌਜੀ ਵਧੇਰੇ ਮਾਰੂ ਹਥਿਆਰਾਂ ਦਾ ਇਸਤੇਮਾਲ ਕਰ ਰਹੇ ਹਨ ਜੋ ਸ਼ਾਇਦ ਯੂਕਰੇਨੀ ਵਰਤਣ ਦੇ ਯੋਗ ਨਹੀਂ ਸਨ।

ਅਫ਼ਰਾ-ਤਫ਼ਰੀ ਦੇ ਇਸ ਮਾਹੌਲ ਵਿਚ ਪ੍ਰਧਾਨ ਮੰਤਰੀ ਮਾਸਕੋ ਜਾ ਰਹੇ ਹਨ। ਪੱਛਮੀ ਕੂਟਨੀਤੀਵਾਨਾਂ ਨੂੰ ਹੈਰਾਨੀ ਹੈ ਕਿ ਅਜੇ ਦੋ ਹਫ਼ਤੇ ਪਹਿਲਾਂ ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ ਜੇਕ ਸੁਲੀਵਨ ਦਿੱਲੀ ਪਹੁੰਚੇ ਸਨ ਤੇ ਸੂਖਮ ਤਕਨਾਲੋਜੀਆਂ ਦੇ ਤਬਾਦਲੇ ਦਾ ਵਾਅਦਾ ਕਰ ਕੇ ਗਏ ਹਨ ਤਾਂ ਅਜਿਹੇ ਸਮੇਂ ਉਹ ਰੂਸੀ ਆਗੂ ਨੂੰ ਜੱਫੀ ਪਾਉਣ ਕਿਉਂ ਚੱਲੇ ਹਨ। ਦੂਜੇ ਪਾਸੇ, ਭਾਰਤ ਅਤੇ ਰੂਸ ਵਿਚਕਾਰ ਦੁਵੱਲਾ ਵਪਾਰ ਜੋ ਯੂਕਰੇਨ ਜੰਗ ਦੇ ਸ਼ੁਰੂ ਹੋਣ ਤੋਂ ਪਹਿਲਾਂ 10 ਅਰਬ ਡਾਲਰ ਸੀ, ਵਧ ਕੇ ਅੱਜ 70 ਅਰਬ ਡਾਲਰ 'ਤੇ ਪਹੁੰਚ ਗਿਆ ਹੈ ਜਿਸ ਦਾ ਮੁੱਖ ਕਾਰਨ ਭਾਰਤ ਵਲੋਂ ਭਾਰੀ ਮਾਤਰਾ ਵਿਚ ਖਰੀਦਿਆ ਜਾਂਦਾ ਰੂਸੀ ਤੇਲ ਹੈ ਜਿਸ ਨੂੰ ਇਹ ਥੋੜ੍ਹੇ ਜਿਹੇ ਮੁਨਾਫੇ 'ਤੇ ਸੋਧ ਕੇ ਮੁੜ ਯੂਰੋਪੀਅਨ ਰਿਫਾਈਨਰੀਆਂ ਨੂੰ ਸਪਲਾਈ ਕੀਤਾ ਜਾਂਦਾ ਹੈ। ਇਸ ਬਾਰੇ ਅਸੀਂ ਜਾਣ ਚੁੱਕੇ ਹਾਂ ਕਿ ਇਸ ਨੂੰ ਜੰਗ ਸ਼ੁਰੂ ਹੋਣ ਵੇਲੇ ਤੋਂ ਹੀ ਯੂਰੋਪੀਅਨਾਂ ਵਲੋਂ ਮਨਜ਼ੂਰੀ ਮਿਲੀ ਹੋਈ ਸੀ। ਇਸ ਤੋਂ ਮਾਸਕੋ ਦੀਆਂ ਸੜਕਾਂ ਤੋਂ ਪੱਛਮੀ ਕੰਪਨੀਆਂ ਦੇ ਬੋਰਡ ਨਦਾਰਦ ਹੋਣ ਦਾ ਵੀ ਖ਼ੁਲਾਸਾ ਹੁੰਦਾ ਹੈ।

ਯਕੀਨਨ, ਸਸਤਾ ਰੂਸੀ ਤੇਲ ਮਿਲਣ ਕਰ ਕੇ ਭਾਰਤ ਨੂੰ ਖ਼ਾਸ ਤੌਰ 'ਤੇ ਕੋਵਿਡ ਮਹਾਮਾਰੀ ਤੋਂ ਬਾਅਦ ਆਪਣੇ ਅਰਥਚਾਰੇ ਨੂੰ ਮੁੜ ਪੈਰਾਂ 'ਤੇ ਖੜ੍ਹਾ ਕਰਨ ਲਈ ਭਰਵੀਂ ਮਦਦ ਮਿਲੀ ਹੈ। ਭਾਰਤ ਵਿਚ ਮਹਿੰਗਾਈ ਬਹੁਤ ਸੰਵੇਦਨਸ਼ੀਲ ਮੁੱਦਾ ਰਹਿੰਦਾ ਹੈ ਅਤੇ ਆਪਣੀਆਂ ਊਰਜਾ ਦੀਆਂ 80 ਫ਼ੀਸਦੀ ਲੋੜਾਂ ਦੀ ਪੂਰਤੀ ਬਾਹਰੋਂ ਪੂਰੀਆਂ ਕਰਨ ਵਾਲੇ ਮੁਲਕ ਵਿੱਚ ਜੇ ਤੇਲ ਦੀਆਂ ਕੀਮਤਾਂ ਬੇਕਾਬੂ ਹੋ ਜਾਣ ਤਾਂ ਸੋਚੋ ਕਿ ਚੋਣਾਂ 'ਤੇ ਕਿਹੋ ਜਿਹਾ ਅਸਰ ਪਵੇਗਾ, ਖ਼ਾਸਕਰ ਸੱਤਾਧਾਰੀ ਭਾਜਪਾ ਦੀ ਸਥਿਤੀ 'ਤੇ। ਯਕੀਨਨ, ਮੋਦੀ ਇਸ ਤੋਂ ਬਾਖ਼ਬਰ ਹੋਣਗੇ ਕਿ ਉਨ੍ਹਾਂ ਦੀ ਮਾਸਕੋ ਫੇਰੀ 'ਤੇ ਸਾਰਿਆਂ ਦੀਆਂ ਨਜ਼ਰਾਂ ਹੋਣਗੀਆਂ। ਆਪਣੇ ਦੌਰੇ ਨੂੰ ਇੱਕ ਦਿਨ ਤੱਕ ਸੀਮਤ ਕਰਨਾ ਸ਼ਾਇਦ ਚੰਗਾ ਸੌਦਾ ਹੈ ਕਿਉਂਕਿ ਭਾਰਤ ਅਮਰੀਕੀਆਂ ਨੂੰ ਬਹੁਤਾ ਨਾਰਾਜ਼ ਨਹੀਂ ਕਰਨਾ ਚਾਹੁੰਦਾ; ਅਮਰੀਕਾ ਅਜੇ ਵੀ ਬਹੁਤ ਸ਼ਕਤੀਸ਼ਾਲੀ ਮੁਲਕ ਹੈ ਅਤੇ ਇਸ ਨੂੰ ਸਮਤੋਲ ਕਰਨ ਲਈ ਅਹਿਮ ਪਰਵਾਸੀ ਭਾਈਚਾਰਾ ਉੱਥੇ ਮੌਜੂਦ ਹੈ ਜਿਸ ਦਾ ਵੱਡਾ ਹਿੱਸਾ ਮੋਦੀ ਦੀ ਹਮਾਇਤ ਕਰਦਾ ਹੈ ਅਤੇ ਇਹ ਭਾਈਚਾਰਾ ਵਿਦੇਸ਼ੀ ਸਿੱਧੇ ਨਿਵੇਸ਼ ਦਾ ਵੱਡਾ ਸਰੋਤ ਵੀ ਹੈ।

ਬਹਰਹਾਲ, ਰੂਸ ਵਿਚ ਵੱਡੀ ਤਬਦੀਲੀ ਆ ਗਈ ਹੈ। 1990ਵਿਆਂ ਦੇ ਗਹਿਰੇ ਕੌਮੀ ਸੰਕਟ ਦੇ ਉਲਟ ਹੁਣ ਰੂਸ ਆਪਣੇ ਆਪ ਨੂੰ ਵੱਡੀ ਤਾਕਤ ਦਰਸਾਉਣ ਤੋਂ ਗੁਰੇਜ਼ ਨਹੀਂ ਕਰ ਰਿਹਾ। ਸੋਵੀਅਤ ਸੰਘ ਦੇ ਟੋਟੇ ਹੋਣ ਤੋਂ ਬਾਅਦ ਉਸ ਵੇਲੇ ਦੇ ਰੂਸੀ ਰਾਸ਼ਟਰਪਤੀ ਬੋਰਿਸ ਯੇਲਤਸਿਨ ਨੇ ਇਸ ਆਸ ਨਾਲ ਪੱਛਮ ਨਾਲ ਹੱਥ ਮਿਲਾਏ ਸਨ ਕਿ ਰੂਸ ਨੂੰ ਬਰਾਬਰ ਦੇ ਭਿਆਲ ਵਜੋਂ ਪ੍ਰਵਾਨ ਕੀਤਾ ਜਾਵੇਗਾ ਪਰ ਇਸ ਨੂੰ ਸ਼ਰੇਆਮ ਦੋਇਮ ਦਰਜੇ ਦੀ ਤਾਕਤ ਕਹਿ ਕੇ ਜ਼ਲੀਲ ਕੀਤਾ ਗਿਆ।

ਪਿਛਲੇ ਹਫ਼ਤੇ ਦੇ ਸ਼ੁਰੂ ਵਿਚ ਮਾਸਕੋ ਵਿਚ ਵਿਚਾਰਸ਼ੀਲ ਸੰਸਥਾ ਪ੍ਰਿਮਾਕੋਫ ਰੀਡਿੰਗਜ਼ ਦੀ ਵਾਰਤਾ ਜਿਸ ਵਿਚ ਮੈਂ ਵੀ ਸ਼ਾਮਿਲ ਹੋਈ ਸਾਂ, ਦਾ ਦੁਖਾਂਤ ਇਹ ਸੀ ਕਿ ਪੱਛਮ ਦਾ ਇਕ ਵੀ ਵਿਦਵਾਨ ਆਪਣੇ ਮੁਲਕ ਦੇ ਅਦਾਰਿਆਂ ਦੀ ਨੁਕਤਾਚੀਨੀ ਦੇ ਡਰੋਂ ਇਸ ਵਿਚ ਭੌਤਿਕ ਰੂਪ ਵਿਚ ਹਾਜ਼ਰੀ ਨਹੀਂ ਪਾ ਸਕਿਆ ਸਗੋਂ ਆਨਲਾਈਨ ਸ਼ਮੂਲੀਅਤ ਹੀ ਕਰ ਸਕੇ ਜਦੋਂਕਿ ਰੂਸੀਆਂ ਸਮੇਤ ਬਾਕੀ ਸਾਰਿਆਂ ਨੇ ਸੱਭਿਆਚਾਰ ਤੋਂ ਲੈ ਕੇ ਯੂਕਰੇਨ ਜੰਗ ਵਿੱਚ ਮਾਰੂ ਪਰਮਾਣੂ ਹਥਿਆਰਾਂ ਦੀ ਵਰਤੋਂ ਦੀ ਸੰਭਾਵਨਾ ਜਿਹੇ ਮੁੱਦਿਆਂ ਉਪਰ ਭਰਵਾਂ ਵਿਚਾਰ-ਵਟਾਂਦਰਾ ਕੀਤਾ।

ਇਸੇ ਕਰ ਕੇ ਸਮਝ ਪੈਂਦੀ ਹੈ ਕਿ ਇਸ ਸਾਲ ਮਾਰਚ ਮਹੀਨੇ ਪੂਤਿਨ ਪੰਜਵੀਂ ਵਾਰ ਰਾਸ਼ਟਰਪਤੀ ਦੇ ਅਹੁਦੇ ਲਈ ਕਿਉਂ ਚੁਣੇ ਗਏ ਹਾਲਾਂਕਿ ਉਨ੍ਹਾਂ ਨੂੰ ਇਸ ਅਹੁਦੇ 'ਤੇ 20 ਸਾਲ ਤੋਂ ਵੱਧ ਅਰਸਾ ਹੋ ਚੁੱਕਿਆ ਹੈ। ਪੂਤਿਨ ਨੇ ਰੂਸ ਦੇ ਵਿਸ਼ਾਲ ਖਣਿਜ ਭੰਡਾਰਾਂ ਦੀ ਵਰਤੋਂ ਕਰ ਕੇ ਖ਼ੁਸ਼ਹਾਲੀ ਦਾ ਪੱਧਰ ਬਣਾ ਕੇ ਇਕ ਲੇਖੇ 1990ਵਿਆਂ ਦੀਆਂ ਯਾਦਾਂ ਮਿਟਾ ਦਿੱਤੀਆਂ ਹਨ, ਬਜ਼ੁਰਗਾਂ ਤੇ ਗਰੀਬਾਂ ਨੂੰ ਪੈਨਸ਼ਨ ਜਾਰੀ ਰੱਖ ਕੇ, ਭ੍ਰਿਸ਼ਟ ਮੰਤਰੀਆਂ ਨੂੰ ਬਰਤਰਫ਼ ਕਰ ਕੇ ਅਤੇ ਯੂਕਰੇਨ ਜੰਗ ਦੇ ਸ਼ੁਰੂ ਹੋਣ ਤੋਂ ਬਾਅਦ ਛੱਡ ਕੇ ਜਾਣ ਵਾਲੀਆਂ ਪੱਛਮੀ ਕੰਪਨੀਆਂ ਦੀ ਥਾਂ ਚੀਨ ਤੇ ਭਾਰਤ ਜਿਹੇ ਮੁਲਕਾਂ ਨੂੰ ਸੱਦ ਲਿਆ। ਕਈ ਕੰਪਨੀਆਂ ਨੇ ਆਪਣੇ ਆਪ ਨੂੰ ਰੂਸੀ ਬ੍ਰਾਂਡ ਵਜੋਂ ਮਾਰਕਿਟ ਕਰਨਾ ਸ਼ੁਰੂ ਕਰ ਦਿੱਤਾ ਕਿਉਂਕਿ ਇਸ ਦਾ ਉਨ੍ਹਾਂ ਨੂੰ ਜ਼ਿਆਦਾ ਲਾਭ ਹੁੰਦਾ ਹੈ। ਪੂਤਿਨ ਆਪਣੇ ਦੇਸ਼ ਵਿਚ ਇਸ ਕਰ ਕੇ ਜਿੱਤ ਰਹੇ ਹਨ ਕਿਉਂਕਿ ਉਹ ਯੂਕਰੇਨ ਜੰਗ ਨੂੰ ਉਸ ਸਾਂਚੇ ਵਿਚ ਰੱਖ ਕੇ ਲੋਕਾਂ ਅੱਗੇ ਪੇਸ਼ ਕਰ ਰਹੇ ਹਨ ਕਿ ਯੂਕਰੇਨ ਦੀ ਪਿੱਠ ਪਿੱਛੇ ਪੱਛਮ ਲੜ ਰਿਹਾ ਹੈ ਅਤੇ ਉਹ ਲੋਕ ਰੂਸ ਨੂੰ ਦਬਾ ਕੇ ਰੱਖਣਾ ਚਾਹੁੰਦੇ ਹਨ।

ਇਸ ਲਈ ਮਾਸਕੋ ਦੀ ਫੇਰੀ 'ਤੇ ਜਾ ਰਹੇ ਮੋਦੀ ਲਈ ਇਸ ਕਹਾਣੀ ਦਾ ਕੀ ਸਬਕ ਹੈ? ਸਭ ਤੋਂ ਅਹਿਮ ਸਬਕ ਇਹ ਹੈ ਕਿ ਭਾਰਤ ਨੂੰ ਬਿਨਾਂ ਖੱਬੇ ਜਾਂ ਸੱਜੇ ਝੁਕੇ ਮੱਧ ਮਾਰਗ 'ਤੇ ਹੀ ਚਲਦੇ ਰਹਿਣਾ ਚਾਹੀਦਾ ਹੈ ਜਿਵੇਂ ਬੁੱਧ ਦੇ ਸਮਿਆਂ ਤੋਂ ਲੈ ਕੇ ਇਹ ਚਲਦਾ ਆ ਰਿਹਾ ਹੈ। ਬਾਇਡਨ ਹੋਵੇ ਜਾਂ ਟਰੰਪ ਜਾਂ ਫਿਰ ਪੂਤਿਨ, ਭਾਰਤ ਨੂੰ ਸਭਨਾਂ ਦੀ ਜ਼ਰੂਰ ਸੁਣਨੀ ਚਾਹੀਦੀ ਹੈ ਅਤੇ ਉਨ੍ਹਾਂ ਦਾ ਖ਼ੈਰਮਕਦਮ ਕਰਨਾ ਚਾਹੀਦਾ ਹੈ ਪਰ ਚੇਤੇ ਰੱਖੋ, ਉਹ ਭਾਰਤ ਵਲੋਂ ਆਪਣੇ ਲੋਕਾਂ ਦੇ ਬਿਹਤਰ ਕੱਲ੍ਹ ਦੇ ਨਿਰਮਾਣ ਲਈ ਅਪਣਾਏ ਜਾਣ ਵਾਲੇ ਵਿਆਪਕ ਅਤੇ ਪ੍ਰਭਾਵਸ਼ਾਲੀ ਬਦਲਾਂ ਵਿੱਚ ਮਹਿਜ਼ ਵਾਧਾ ਹੀ ਕਰ ਸਕਦੇ ਹਨ।


## 'ਪਰਦੇਸ ਟਾਇਮਜ਼' ਦੇ ਆਨਰੇਰੀ ਸਲਾਹਕਾਰ ਤੇ ਸਹਿਯੋਗੀ

| | | |
|---|---|---|
| (1) ਕਰਮਵੀਰ ਸਿੰਘ ਬੈਂਸ, ਯੂਬਾ ਸਿਟੀ | (7) ਪਰਮਪਾਲ ਸਿੰਘ | (13) ਸੁਰਿੰਦਰ ਸਿੰਘ ਧਨੋਆ |
| (2) ਅਵਤਾਰ ਸਿੰਘ ਸਹੋਤਾ | (8) ਸ. ਮਹਿੰਗਾ ਸਿੰਘ ਸਰਪੰਚ | (14) ਕਸ਼ਮੀਰ ਸਿੰਘ ਧੁੱਗਾ |
| (3) ਗੁਰਨਾਮ ਸਿੰਘ ਪੰਮਾ | (9) ਕੁਲਦੀਪ ਸਿੰਘ ਅਟਵਾਲ | (15) ਬਲਦੇਵ ਸਿੰਘ ਮਾਨ |
| (4) ਜਸਵੀਰ ਸਿੰਘ ਕੁਲਾਰ | (10) ਸੁਰਜੀਤ ਸਿੰਘ ਅਟਵਾਲ | (16) ਰਾਜ ਬਡਵਾਲ |
| (5) ਗੁਰਚਰਨ ਸਿੰਘ ਮਾਨ | (11) ਸੰਤੋਖ ਸਿੰਘ ਜੱਜ | (17) ਰਣਬੀਰ ਸਿੰਘ |
| (6) ਭੁਪਿੰਦਰ ਸਿੰਘ ਪਦਮ | (12) ਡਾ. ਹਰਮੇਸ਼ ਕੁਮਾਰ | (18) ਮਨਦੀਪ ਸਿੰਘ ਬਿਆੜਾ |

**Balbir Singh M.A.**

**A Youtube Show**

ਇਹ ਚੈਨਲ ਪੰਜਾਬੀ ਮਾਂ-ਬੋਲੀ 'ਚ ਯੂ-ਟਿਊਬ ਸ਼ੋਅ ਲੈ ਕੇ ਆਉਂਦਾ ਹੈ। ਵੇਖਣ ਲਈ ਸਾਨੂੰ ਸਬਸਕ੍ਰਾਈਬ ਕਰੋ।


# ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨੇ ਜਥੇਦਾਰ ਨਾਲ ਕੀਤੀ ਮੁਲਾਕਾਤ

ਅੰਮ੍ਰਿਤਸਰ- ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਹਰਪ੍ਰੀਤ ਸਿੰਘ ਨੇ ਮੰਜੀ ਸਾਹਿਬ ਦੀਵਾਨ ਹਾਲ ਵਿਖੇ ਕਥਾ ਕੀਤੀ। ਇਸ ਤੋਂ ਬਾਅਦ ਐੱਮਪੀ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਮੁਲਾਕਾਤ ਕੀਤੀ ਤੇ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਪਰਿਵਾਰ ਨਾਲ ਉਨ੍ਹਾਂ ਦੀ ਮੁਲਾਕਾਤ ਹੋਈ ਹੈ। ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਿੱਖਾਂ ਨਾਲ ਵਿਤਕਰਾ ਨਹੀਂ ਕਰਨਾ ਚਾਹੀਦਾ, ਬਾਕੀ ਸੂਬਿਆਂ ਲਈ ਹੋਰ ਨਿਯਮ ਹਨ, ਪੰਜਾਬ ਲਈ ਹੋਰ ਹੈ। ਬਾਕੀ ਸੂਬਿਆਂ ਵਿਚ ਐੱਨਐੱਸਏ ਇਕ ਸਾਲ ਦੀ ਹੈ, ਪੰਜਾਬ ਦੇ ਵਿਚ ਦੋ ਸਾਲ ਦੀ ਹੈ। ਬਿਨਾਂ ਵਜ੍ਹਾ ਅੰਮ੍ਰਿਤਪਾਲ ਸਿੰਘ ਨੂੰ ਜੇਲ੍ਹ ਵਿਚ ਰੱਖਣਾ ਗੈਰ-ਵਾਜਬ ਹੈ, ਜੋ ਨਹੀਂ ਹੋਣਾ ਚਾਹੀਦਾ। ਸਰਕਾਰ ਸਿੱਖਾਂ ਨਾਲ ਹਮੇਸ਼ਾ ਧੱਕਾ ਕਰਦੀ ਆਈ ਆ ਰਹੀ ਹੈ। ਇਹ ਵੀ ਇਕ ਕਿਸਮ ਦਾ ਧੱਕਾ ਹੀ ਹੈ ਕਿ ਚੋਣ ਤੋਂ ਇਕ ਦਿਨ ਪਹਿਲਾਂ ਇਕ ਸਾਲ ਦੀ ਐੱਨਐੱਸਏ ਵਧਾ ਦਿੱਤੀ ਜਾਂਦੀ ਹੈ, ਇਹ ਧੱਕੇ ਤੋਂ ਵੱਧ ਕੁਝ ਨਹੀਂ। ਇਹ ਸਿੱਖਾਂ ਨੂੰ ਅਹਿਸਾਸ ਕਰਾਇਆ ਜਾ ਰਿਹਾ ਕਿ ਸ਼ਾਇਦ ਅਸੀਂ ਦੂਜੇ ਜਾਂ ਤੀਜੇ ਨੰਬਰ 'ਤੇ ਸ਼ਹਿਰੀ ਹਾਂ।



ਜਥੇਦਾਰ ਨੇ ਕਿਹਾ ਕਿ ਅੰਮ੍ਰਿਤਪਾਲ ਸਿੰਘ ਦੇ ਸਹੁੰ ਚੁੱਕ ਸਮਾਗਮ ਨੂੰ ਲੈ ਕੇ ਬਿਨਾਂ ਵਜ੍ਹਾ ਬਖੇੜਾ ਖੜ੍ਹਾ ਕੀਤਾ ਗਿਆ। ਸਖਤ ਸੁਰੱਖਿਆ ਵਿਚ ਲਿਆਂਦਾ, ਲੱਖਾਂ ਲੋਕਾਂ ਦਾ ਜਿਹੜਾ ਫਤਵਾ ਦਿੱਤਾ, ਉਸ ਦਾ ਵੀ ਸਰਕਾਰ ਸਨਮਾਨ ਨਹੀਂ ਕਰ ਰਹੀ। ਆਪਣੇ ਆਪ ਨੂੰ ਭਾਰਤ ਦੁਨੀਆ ਦਾ ਬਹੁਤ ਵੱਡਾ ਡੈਮੋਕਰੇਸੀ ਦੇਸ਼ ਅਖਵਾਉਂਦਾ ਹੈ, ਜੋ ਡੈਮੋਕਰੇਸੀ ਦੇਸ਼ ਹੈ, ਫਿਰ ਡੈਮੋਕਰੇਟਿਕ ਲੀਡਰ, ਡੈਮੋਕਰੇਟਿਕ ਪਾਰਟੀਆਂ ਨੂੰ ਡੈਮੋਕਰੇਸੀ ਦਾ ਸਤਿਕਾਰ ਕਰਨਾ ਚਾਹੀਦਾ। ਡੈਮੋਕਰੇਸੀ ਦਾ ਸਤਿਕਾਰ ਕਰਦੇ ਬਿਨਾਂ ਸ਼ਰਤ ਸਿੱਖ ਨੌਜਵਾਨਾਂ ਦੀ ਰਿਹਾਈ ਹੋਣੀ ਚਾਹੀਦੀ ਹੈ। ਬਾਕੀ ਸੂਬਿਆਂ ਵਿਚ ਸਿੱਖਾਂ ਨੂੰ ਦਸਤਾਰਧਾਰੀ ਨੂੰ ਲੈ ਕੇ ਦਹਿਸ਼ਤ, ਵੱਖਵਾਦੀ, ਅੱਤਵਾਦੀ ਕਹਿ ਕੇ ਦੁਨੀਆ ਵਿਚ ਸਿੱਖਾਂ ਨੂੰ ਗਲਤ ਢੰਗ ਦੇ ਨਾਲ ਪੇਸ਼ ਕਰਨ ਦੀ ਸਾਜ਼ਿਸ਼ ਕੀਤੀ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਮਾਣ ਹੈ ਕਿ ਸਿੱਖ ਇੰਗਲੈਂਡ ਦੀ ਪਾਰਲੀਮੈਂਟ ਵਿਚ ਬੈਠੇ ਹਨ। ਲੁਧਿਆਣਾ ਵਿਚ ਨਿਹੰਗ ਸਿੰਘਾਂ ਵੱਲੋਂ ਕੀਤੇ ਗਏ ਹਮਲੇ ਬਾਰੇ ਜਥੇਦਾਰ ਹਰਪ੍ਰੀਤ ਸਿੰਘ ਨੇ ਕਿਹਾ ਕਿ ਉਹ ਕਿਸੇ ਹਿੰਸਾ ਦੇ ਹਮਾਇਤੀ ਨਹੀਂ ਪਰ ਧਾਰਮਿਕ ਤੌਰ 'ਤੇ ਬਹੁਤ ਸਾਰੇ ਲੋਕ ਨਫਰਤ ਫਲਾਉਣ ਦਾ ਕਾਰਜ ਕਰ ਰਹੇ ਹਨ ਜੋ ਬਹੁਤ ਮੰਦਭਾਗਾ ਹੈ।


**ਅੱਜ ਹੀ ਆਪਣਾ ਫ਼ੋਨ ਠੀਕ ਕਰਵਾਓ**

**CELL PHONE REPAIR BY SYCAMORE TECH**

**Location: 6170 Thornton Avenue Suite C, Newark, CA, 94560**

ਸੈਕਿੰਡ ਹੈਂਡ ਮੋਬਾਇਲ ਫੋਨ ਲੈਣਾ ਹੋਵੇ
ਮੋਬਾਇਲ ਦੀ ਤੁਰੰਤ ਅਤੇ ਉਸੇ ਦਿਨ (Same Day Repair) ਰਿਪੇਅਰ ਕਰਵਾਉਣੀ ਹੋਵੇ
ਸਾਡੇ ਨਾਲ ਜ਼ਰੂਰ ਸੰਪਰਕ ਕਰੋ ਜੀ:

**Phone: 510-894-9607**

ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 10.00 ਵਜੇ ਤੋਂ ਸ਼ਾਮੀ 7 ਵਜੇ ਤੱਕ,
ਸ਼ਨਿਚਰਵਾਰ ਨੂੰ ਸਵੇਰੇ 10.30 ਤੋਂ ਸ਼ਾਮੀ 5 ਵਜੇ ਤੱਕ, ਐਤਵਾਰ ਬੰਦ

**Services We Offer:**

* iPhone and iPad Repair
* Samsung Phones Repair
* PC and Mac Repair
* Sell Unlocked Phones
* Screen/LCD Replacement
* Battery and Charging Issue
* Back Glass and Camera Lens
* Water Damaged and Locked Phones

10% Off



CELL PHONE REPAIR BY SYCAMORE TECH

**Same Day Repair.**
**Get Your Phone Fixed Today!**

www.sycamoretechca.com





Matrimonial

**ਵਿਆਹ/ਸ਼ਾਦੀ**

'ਪਰਦੇਸ ਟਾਇਮਜ਼' ਇਕ ਯੋਗ ਵਰ ਲੱਭਣ ਵਿਚ ਤੁਹਾਡੀ ਬਹੁਤ ਸਹਾਇਤਾ ਕਰ ਸਕਦਾ ਹੈ। ਆਪਣਾ ਇਸ਼ਤਿਹਾਰ ਬੁੱਕ ਕਰਨ ਲਈ
ਸੰਪਰਕ ਕਰੋ: **510-938-7771** **shaadi@pardestimes.com**

### ਕੰਨਿਆ ਦੀ ਲੋੜ

ਅਮਰੀਕਨ ਨਾਗਰਿਕ ਸਿੱਖ ਮੁੰਡਾ ਜਨਮ 1984, 5'10'' ਤਲਾਕਸ਼ੁਦਾ, ਕੋਈ ਬੱਚਾ ਨਹੀਂ, ਲਈ ਅਮਰੀਕਾ ਵਿਚ ਪੱਕੀ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਸੰਪਰਕ +(510) 200-1772

### ਵਰ ਦੀ ਲੋੜ

Match for; PQM working in USA for beautiful Arora Sikh B.Tech.Girl 5'-2.5" born in Sept.,1986 VegetarianDivorcee( Issueless) Engineer in top MNC California on H1 B Visa(G.C.in process) @Package of 2.5 lack $. Contact; +91 94163 84158 (on WhatsApp only)

### ਲੜਕੀ ਦੀ ਲੋੜ

ਜੱਟ ਸਿੱਖ US, CPA ਕੈਨੇਡੀਅਨ ਸਿਟੀਜ਼ਨ, ਕੱਦ 5 ਫੁੱਟ 7 ਇੰਚ, ਉਮਰ 37 ਸਾਲ ਦੇ ਕੁਆਰੇ ਲੜਕੇ ਲਈ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਅਮਰੀਕਨ ਸਿਟੀਜ਼ਨ ਜਾਂ ਗਰੀਨ ਕਾਰਡ ਨੂੰ ਤਰਜੀਹ ਦਿੱਤੀ ਜਾਵੇਗੀ। ਈਮੇਲ pammi341@outlook.com ਫੋਨ 510-461-6629


# ਸੁਪਰੀਮ ਕੋਰਟ ਕਰੇਗੀ ਹਾਥਰਸ ਹਫੜਾ-ਦਫੜੀ ਮਾਮਲੇ ਦੀ ਸੁਣਵਾਈ

ਨਵੀਂ ਦਿੱਲੀ- ਹਾਥਰਸ ਹਫ਼ੜਾ-ਦਫ਼ੜੀ ਮਾਮਲੇ ਨੂੰ ਲੈ ਕੇ ਵੱਡਾ ਅਪਡੇਟ ਆਇਆ ਹੈ। ਦਰਅਸਲ, ਹੁਣ ਇਸ ਮਾਮਲੇ ਦੀ ਸੁਣਵਾਈ ਸੁਪਰੀਮ ਕੋਰਟ ਵਿੱਚ ਹੋਵੇਗੀ, ਜਿਸ ਦੀ ਤਰੀਕ ਵੀ ਤੈਅ ਹੋ ਗਈ ਹੈ। ਭਗਦੜ ਨੂੰ ਲੈ ਕੇ ਸੁਪਰੀਮ ਕੋਰਟ 'ਚ ਦਾਇਰ ਜਨਹਿਤ ਪਟੀਸ਼ਨ 'ਤੇ ਜਲਦ ਤੋਂ ਜਲਦ ਸੁਣਵਾਈ ਕਰਨ ਦੀ ਮੰਗ ਕੀਤੀ ਗਈ ਹੈ। ਦੱਸ ਦੇਈਏ ਕਿ ਇਸ ਹਾਦਸੇ ਵਿੱਚ 121 ਲੋਕਾਂ ਦੀ ਮੌਤ ਹੋ ਗਈ ਸੀ।



ਸੁਪਰੀਮ ਕੋਰਟ ਦੇ ਵਕੀਲ ਵਿਸ਼ਾਲ ਤਿਵਾਰੀ ਨੇ ਹਾਥਰਸ ਭਗਦੜ ਮਾਮਲੇ ਨੂੰ ਲੈ ਕੇ ਪਟੀਸ਼ਨ ਦਾਇਰ ਕੀਤੀ ਹੈ। ਜਨਹਿੱਤ ਪਟੀਸ਼ਨ ਨੇ ਭਗਦੜ ਦੀ ਜਾਂਚ ਲਈ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਨਿ-ਗਰਾਨੀ ਹੇਠ ਪੰਜ ਮੈਂਬਰੀ ਮਾਹਿਰ ਕਮੇਟੀ ਗਠਿਤ ਕਰਨ ਦੀ ਮੰਗ ਕੀਤੀ ਹੈ। ਪਟੀਸ਼ਨ ਵਿੱਚ ਘਟਨਾ ਲਈ ਜ਼ਿੰਮੇਵਾਰ ਲੋਕਾਂ ਅਤੇ ਅਧਿਕਾਰੀਆਂ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਮੰਗ ਵੀ ਕੀਤੀ ਗਈ ਹੈ।

ਪਟੀਸ਼ਨਰ ਅਤੇ ਐਡਵੋਕੇਟ ਵਿਸ਼ਾਲ ਤਿਵਾਰੀ ਨੇ ਆਪਣੀ ਪਟੀਸ਼ਨ 'ਤੇ ਤੁਰੰਤ ਸੁਣਵਾਈ ਦਾ ਜ਼ਿਕਰ ਕੀਤਾ ਹੈ। ਹਾਲਾਂਕਿ, ਚੀਫ਼ ਜਸਟਿਸ ਡੀਵਾਈ ਚੰਦਰਚੂੜ ਨੇ ਕੱਲ੍ਹ (ਸੋਮਵਾਰ) ਇਸ ਮਾਮਲੇ ਵਿੱਚ ਪਟੀਸ਼ਨ ਨੂੰ ਸੂਚੀਬੱਧ ਕਰਨ ਦਾ ਹੁਕਮ ਦਿੱਤਾ ਸੀ।

ਇਸ ਤੋਂ ਇਲਾਵਾ ਉੱਤਰ ਪ੍ਰਦੇਸ਼ ਸਰਕਾਰ ਨੂੰ 2 ਜੁਲਾਈ ਦੀ ਘਟਨਾ ਦੀ ਸਟੇਟਸ ਰਿਪੋਰਟ ਸੌਂਪਣ ਅਤੇ ਲਾਪ੍ਰਵਾਹੀ ਲਈ ਅਧਿਕਾਰੀਆਂ, ਕਰਮਚਾਰੀਆਂ ਅਤੇ ਹੋਰਨਾਂ ਵਿਰੁੱਧ ਕਾਨੂੰਨੀ ਕਾਰਵਾਈ ਕਰਨ ਦੇ ਨਿਰਦੇਸ਼ ਦੇਣ ਦੀ ਮੰਗ ਵੀ ਕੀਤੀ ਗਈ। ਪਿਛਲੇ ਮੰਗਲਵਾਰ ਨੂੰ ਹਾਥਰਸ ਵਿੱਚ ਇੱਕ ਧਾਰਮਿਕ ਸਮਾਗਮ ਵਿੱਚ ਮਚੀ ਹਫ਼ੜਾ-ਦਫ਼ੜੀ ਵਿੱਚ 121 ਲੋਕ ਮਾਰੇ ਗਏ ਸਨ। ਬਾਬਾ ਨਰਾਇਣ ਹਰੀ, ਜਿਨ੍ਹਾਂ ਨੂੰ ਸਾਕਰ ਵਿਸ਼ਵਾਹਾਰੀ ਭੋਲੇ ਬਾਬਾ ਵੀ ਕਿਹਾ ਜਾਂਦਾ ਹੈ, ਦੁਆਰਾ ਆਯੋਜਿਤ 'ਸਤਿਸੰਗ' ਲਈ ਹਾਥਰਸ ਜ਼ਿਲ੍ਹੇ ਦੇ ਫੁੱਲਰਾਈ ਪਿੰਡ ਵਿੱਚ 2.5 ਲੱਖ ਤੋਂ ਵੱਧ ਸ਼ਰਧਾਲੂ ਇਕੱਠੇ ਹੋਏ ਸਨ।


**TANVIR Tour & Travels FRESNO**

**(559) 803-0055**

Where journey don't cost the world
Cheap Fares For Airline Tickets all around the world
Best Deals to India England, Pakistan, Canada and Europe


Our Services

* Cheap Fares For Airline Tickets all around the world
* Best Deals to India, England, Pakistan, Canada and Europe
* Apply for USA Citizenship
* Indian Passport renewal and Visa
* OCI Card and Renunciation
* Family Petition, Work Permit
* Power of Attorney
* Green card renewal

B.R. Joshi, Prop.

5627 N. Figarden Dr. STE 114 Fresno, CA 93722

email: tanvirtravels@gmail.com, www.tanvirtravels.com




Sposored by- (Global Green) Insurance agency, Union City 510-487-1000

Issue- 452, Vol-18, July 10, 2024

# ਗੁਰਦੁਆਰਾ ਸਿੰਘ ਸਭਾ ਮਿਲਪੀਟਸ ਸੰਗਤਾਂ ਲਈ ਖੁੱਲ੍ਹ ਗਿਆ

ਮਿਲਪੀਟਸ- ਪਿਛਲੇ ਹਫਤੇ ਮਿਲਪੀਟਸ ਦੇ ਗੁਰਦੁਆਰਾ ਸਿੰਘ ਸਭਾ ਨੂੰ ਸੰਗਤ ਲਈ ਖੋਲ੍ਹ ਦਿੱਤਾ ਗਿਆ। ਇਸ ਮੌਕੇ ’ਤੇ ਭਾਰੀ ਗਿਣਤੀ ’ਚ ਸੈਨਹੋਜ਼ੇ, ਫਰੀਮਾਂਟ, ਟਰੇਸੀ, ਸੈਕਰਾਮੈਂਟੋ, ਫਰਿਜ਼ਨੋ ਆਦਿ ਇਲਾਕਿਆਂ ਤੋਂ ਨਾਮਵਰ ਹਸਤੀਆਂ ਸੰਗਤ ਦੇ ਰੂਪ ’ਚ ਪਹੁੰਚੇ।

ਇਹਨਾਂ ਸਾਰੇ ਸ਼ਹਿਰਾਂ ਤੋਂ ਮੇਅਰ ਤੇ ਹੋਰ ਅਹੁਦੇਦਾਰ ਵੀ ਪਹੁੰਚੇ ਤੇ ਉਹਨਾਂ ਨੂੰ ਗੁਰੂ ਘਰ ਵੱਲੋਂ ਮਾਣ ਪੱਤਰ ਵੀ ਦਿੱਤੇ ਗਏ, ਜਿਸ ਵਿਚ ਮਿਲਪੀਟਸ, ਸੈਨਹੋਜ਼ੇ, ਸਨੀਵੇਲ, ਸੈਂਟਾਕਲਾਰਾ, ਫਰੀਮਾਂਟ, ਲੈਥਰੋਪ, ਟਰੇਸੀ ਦੇ ਮੇਅਰ ਸਾਹਿਬਾਨ ਤੇ ਹੋਰ ਖਾਸ ਸ਼ਖਸੀਅਤਾਂ ਨੂੰ ਵੀ ਸਨ-ਮਾਨਿਤ ਕੀਤਾ ਗਿਆ, ਜਿਸ ਵਿਚ ਫਰੀਮਾਂਟ ਗੁਰੂ ਘਰ ਦੀ ਕਮੇਟੀ, ਸੈਨਹੋਜ਼ੇ ਦੀ ਸੰਗਤ ਦੀਆਂ ਕੁਝ ਨਾਮਵਰ ਹਸਤੀਆਂ, ਸੁਰਿੰਦਰ ਸਿੰਘ ਅਟਵਾਲ (ਟਰੇਸੀ ਤੋਂ) ਪਾਕਿਸਤਾਨ ਦੇ ਰਾਏ ਬੁਲਾਰ ਦੀ ਪੀੜ੍ਹੀ ’ਚ ਰਾਏ ਬਲਾਲ ਜੀ ਨੂੰ ਸਨਮਾਨਿਤ ਕੀਤਾ ਗਿਆ। ਪਾਕਿਸਤਾਨ ਦੀ ਹਾਕੀ ਟੀਮ ਦੇ ਦੁਨੀਆਂ ਭਰ ਦੇ ਮਸ਼ਹੂਰ ਖਿਡਾਰੀ ਜਨਾਬ ਮੁਹੰਮਦ ਉਸਮਾਨ ਜੀ ਨੂੰ ਵੀ ਗੁਰੂ ਘਰ ਵੱਲੋਂ ਸਨਮਾਨਿਤ ਕੀਤਾ ਗਿਆ।

ਪੰਜਾਬੀ ਰੇਡੀਓ ਯੂਐਸਏ ਦੇ ਮਾਲਕ ਸ. ਹਰਜੋਤ ਸਿੰਘ ਖਾਲਸਾ ਜੀ ਨੂੰ ਗੁਰੂ ਘਰ ਵੱਲੋਂ ਮਾਣ-ਪੱਤਰ ਦਿੱਤਾ ਗਿਆ। ਭਾਈ ਜਸਵੰਤ ਸਿੰਘ ਹੋਠੀ ਤੇ ਡਾ. ਸ. ਪ੍ਰਿਤਪਾਲ ਸਿੰਘ ਜੀ ਵੱਲੋਂ ਆਈਆਂ ਸੰਗਤਾਂ ਨੂੰ ਜੀਓ ਆਇਆਂ ਕਿਹਾ ਤੇ ਸਾਰੀ ਆਈ ਸੰਗਤ ਦਾ ਧੰਨਵਾਦ ਕੀਤਾ।

ਸ੍ਰੀ ਮੁਹਿੰਮਦ ਮਾਨ (ਅਟਾਰਨੀ) ਨੇ ਸਾਰੇ ਆਏ ਸ਼ਹਿਰਾਂ ਦੇ ਨੁਮਾਇੰਦਿਆਂ ਨੂੰ ਸੰਗਤ ਨਾਲ ਮਿਲਾਇਆ।

ਪਰਦੇਸ ਟਾਇਮਜ਼ ਵੱਲੋਂ ਵੀ ਸਾਰੀਆਂ ਆਈਆਂ ਸੰਗਤਾਂ ਨੂੰ ਵਧਾਈ ਦਿੰਦੇ ਹਾਂ ਤੇ ਗੁਰੂ ਘਰ ਵੱਲੋਂ ਸੰਗਤ ਵਾਸਤੇ ਲੰਗਰ ਅਤੁੱਟ ਵਰਤਿਆ।

**– ਬਲਬੀਰ ਸਿੰਘ ਐਮ. ਏ.**
















# ਡਾਕਟਰ ਦਲਬੀਰ ਸਿੰਘ ਪੰਨੂ ਦੇ ਘਰ ਪਹੁੰਚੇ ਰਾਏ ਬਿਲਾਲ ਤੇ ਡਾ. ਆਸਮਾਂ ਕਾਦਰੀ





ਸੈਨਹੋਜ਼ੇ- ਪਿਛਲੇ ਹਫਤੇ ਡਾ. ਦਲਬੀਰ ਸਿੰਘ ਪੰਨੂ ਹੁਰਾਂ ਦੇ ਗ੍ਰਿਹ ਵਿਖੇ ਲਹਿੰਦੇ ਪੰਜਾਬ ਤੋਂ ਜਨਾਬ ਰਾਏ ਬਿਲਾਲ ਭੱਟੀ (ਰਾਏ ਬੁਲਾ ਦੇ ਖਾਨਦਾਨ 'ਚੋਂ) ਅਤੇ ਲਾਹੌਰ ਦੀ ਪੰਜਾਬ ਯੂਨੀਵਰਸਿਟੀ ਦੀ ਪ੍ਰੋਫੈਸਰ ਡਾ. ਆਸਮਾ ਕਾਦਰੀ ਜੀ ਪਹੁੰਚੇ।

ਸ਼ਾਮ ਨੂੰ ਇਕ ਬੈਠਕ 'ਚ ਡਾ. ਆਸਮਾ ਕਾਦਰੀ ਜੀ ਨੇ ਗੁਰੂ ਗ੍ਰੰਥ ਸਾਹਿਬ 'ਚੋਂ ਸ੍ਰੀ ਜਪੁਜੀ ਸਾਹਿਬ ਦੀ ਸ਼ਬਦੀ ਪੜਚੋਲ ਤੇ ਟੀਕਾ ਕਰਕੇ ਸੁਣਾਇਆ। ਆਏ ਹੋਏ ਸਾਰੇ ਸੰਗਤੀ ਰੂਪ 'ਚ ਇਸ ਭਾਸ਼ਣ ਨੂੰ ਬਹੁਤ ਹੀ ਰੀਝ ਨਾਲ ਸੁਣ ਰਹੇ ਸਨ।

ਅਦਾਰਾ 'ਪਰਦੇਸ ਟਾਇਮਜ਼'






ਵੱਲੋਂ ਅਸੀਂ ਡਾ. ਪੰਨੂ ਜੀ ਦਾ ਤੇ ਆਏ ਪ੍ਰਾਹੁਣਿਆਂ ਨੂੰ ਜੀਓ ਆਇਆਂ ਕਹਿੰਦੇ ਹੋਏ ਧੰਨਵਾਦ ਕਰਦੇ ਹਾਂ। ਚੇਤੇ ਰਹੇ ਇਹ ਰਾਏ ਬੁਲਾਰ ਦਾ ਪਰਿਵਾਰ ਉਹੀ ਹੈ, ਜਿਹਨਾਂ ਨੇ ਗੁਰੂ ਨਾਨਕ ਦੇਵ ਜੀ ਦੇ ਘਰ ਨੂੰ ਸਿਜਦਾ ਕਰਕੇ ਉਹਨਾਂ ਨੂੰ ਆਪਣੀ ਅੱਧੀ ਜ਼ਮੀਨ ਦੇ ਦਿੱਤੀ ਸੀ, ਜੋ ਅੱਜ ਤੱਕ ਗੁਰਦੁਆਰਾ ਸਾਹਿਬ ਦੇ ਨਾਂ 'ਤੇ ਹੀ ਬੋਲਦੀ ਹੈ।

ਪੂਰੀ ਸਿੱਖ ਕੌਮ ਵੱਲੋਂ ਰਾਏ ਬਿਲਾਲ ਜੀ ਦੇ ਇੱਥੇ ਆਉਣ ਤੇ ਉਹਨਾਂ ਦਾ ਮਾਣ ਸਤਿਕਾਰ ਕੀਤਾ ਜਾ ਰਿਹਾ ਹੈ।

**– ਬਲਬੀਰ ਸਿੰਘ ਐਮ. ਏ.**

# ਸਾਉਣ ਦਾ ਮਹੀਨਾ–ਰੁੱਤ ਪੌਦੇ ਲਾਉਣ ਦੀ ਆਈ

ਸਾਉਣ ਦਾ ਮਹੀਨਾ ਧਰਤ 'ਤੇ ਅਜਬ ਜਿਹਾ ਅਹਿਸਾਸ ਲੈ ਕੇ ਆਉਂਦਾ ਹੈ। ਹਾੜ ਮਹੀਨੇ ਦੀ ਕੜਕਦੀ ਧੁੱਪ, ਧਰਤੀ ਦੀ ਹਿੱਕ ਨੂੰ ਸਾੜ ਕੇ ਰੱਖ ਦਿੰਦੀ ਹੈ ਜਦਕਿ ਸਾਉਣ ਦੀ ਆਮਦ ਭਾਵ ਬਰਸਾਤ ਧਰਤੀ ਦੇ ਸੀਨੇ ਨੂੰ ਠਾਰਦੀ ਹੈ। ਸਿਰਫ਼ ਮਨੁੱਖ ਹੀ ਨਹੀਂ ਬਲਕਿ ਧਰਤੀ 'ਤੇ ਵਸਦੇ ਸਭ ਜੀਵ-ਜੰਤੂਆਂ ਤੇ ਰੁੱਖਾਂ-ਪੌਦਿਆਂ ਵਿਚ ਵੀ ਨਵੀਂ ਜਾਨ ਪੈ ਜਾਂਦੀ ਹੈ। ਵੈਸੇ ਤਾਂ ਸਾਲ ਦੇ ਕਈ ਮਹੀਨੇ ਪੌਦੇ ਲਾਉਣ ਲਈ ਸਹਾਈ ਹੁੰਦੇ ਹਨ ਪ੍ਰੰਤੂ ਸਾਉਣ ਮਹੀਨਾ ਖ਼ਾਸ ਮੰਨਿਆ ਜਾਂਦਾ ਹੈ 'ਆਇਆ! ਸਾਉਣ ਦਾ ਮਹੀਨਾ, ਰੁੱਖ, ਲਾਉਣ ਦਾ ਮਹੀਨਾ।' ਹਰ ਦਿਨ ਵਧ ਰਹੀਆਂ ਕੁਦਰਤੀ ਆਫ਼ਤਾਂ ਤੇ ਵਾਤਾਵਰਨ ਬਾਰੇ ਹਾਲਾਤ ਸਾਨੂੰ ਸਿੱਧੇ ਤੌਰ 'ਤੇ ਸੰਕੇਤ ਦੇ ਰਹੇ ਹਨ ਕਿ ਅਸੀਂ ਕੁਦਰਤ ਤੋਂ ਦੂਰ ਹੁੰਦੇ ਜਾ ਰਹੇ ਹਾਂ। ਹਰੇ-ਭਰੇ ਜੰਗਲਾਂ ਵਿਚ ਵਸਣ ਵਾਲਾ ਮਨੁੱਖ ਅੱਜ ਕੰਕਰੀਟ ਦੇ ਜੰਗਲਾਂ ਦਾ ਵਾਸੀ ਹੋ ਗਿਆ ਹੈ। ਰੁੱਖਾਂ-ਬਿਰਖਾਂ ਨਾਲੋਂ ਨਾਤਾ ਤੋੜ ਕੇ ਅਸੀਂ ਇਮਾਰਤੀ ਅਤੇ ਬਨਾਵਟੀ ਮਾਹੌਲ ਨੂੰ ਤਰਜੀਹ ਦੇਣ ਲੱਗੇ ਹਾਂ। ਹਾਲਾਂਕਿ ਸਾਡੇ ਗੁਰੂਆਂ-ਪੀਰਾਂ ਨੇ ਤਾਂ ਸਦੀਆਂ ਪਹਿਲਾਂ ਸਾਨੂੰ ਬਿਰਖਾਂ ਦੀ ਮਨੁੱਖਾਂ ਅਤੇ ਜੀਵ-ਜੰਤੂਆਂ ਨਾਲ ਸਾਂਝ ਬਾਰੇ ਸੇਧ ਦਿੱਤੀ ਸੀ : 'ਬਿਰਖੇ ਹੇਠਿ ਸਭ ਜੰਤ ਇਕੱਠੇ।' ਪਰ ਅਫ਼ਸੋਸ, ਅਸੀਂ ਧਾਰਮਿਕ ਅਸਥਾਨਾਂ 'ਤੇ ਮੱਥੇ-ਨੱਕ ਤਾਂ ਰਗੜਦੇ ਹਾਂ ਪਰ ਜੋ ਸਿੱਖਿਆ, ਸੁਨੇਹਾ ਉਨ੍ਹਾਂ ਸਾਨੂੰ ਦਿੱਤਾ ਸੀ, ਉਸ ਉੱਪਰ ਅਮਲ ਕਰਨ ਬਾਰੇ ਸੋਚਦੇ ਵੀ ਨਹੀਂ। ਸੰਗਮਰਮਰ ਦਾ ਪੱਥਰ ਲਾ-ਲਾ ਕੇ ਅਸੀਂ ਪਤਾ ਨਹੀਂ ਕੀ ਸਿੱਧ ਕਰਨਾ ਚਾਹੁੰਦੇ ਹਾਂ?

ਦੋਸਤੋ! ਦੇਰ ਆਇਦ-ਦੁਰੁਸਤ ਆਇਦ। ਹਾਲਾਂਕਿ ਅਸੀਂ ਬਹੁਤ ਪਿੱਛੇ ਰਹਿ ਚੁੱਕੇ ਹਾਂ। ਫਿਰ ਵੀ ਡੁੱਲ੍ਹੇ ਬੇਰਾਂ ਦਾ ਕੁਝ ਨਹੀਂ ਵਿਗੜਿਆ ਜੇ ਅਸੀਂ ਆਪਣਾ ਫ਼ਰਜ਼ ਪਛਾਣ ਕੇ ਕਾਰਜ ਸ਼ੁਰੂ ਕਰੀਏ। ਬਰਸਾਤ ਆ ਚੁੱਕੀ ਹੈ। ਇਸ ਨੂੰ ਪੌਦੇ ਲਾਉਣ ਦੀ ਰੁੱਤ ਵੀ ਕਿਹਾ ਜਾਂਦਾ ਹੈ। ਅਸੀਂ ਸਾਲ ਵਿਚ ਅਨੇਕਾਂ ਤਿੱਥ-ਤਿਉਹਾਰ ਮਨਾਉਂਦੇ ਹਾਂ। ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਅੱਜ ਸਾਨੂੰ ਰੁੱਖਾਂ ਦੇ ਤਿਉਹਾਰ ਯਾਨੀ ਵਣ-ਮਹਾਉਤਸਵ ਨੂੰ ਵੀ ਓਨੀ ਹੀ ਸ਼ਿੱਦਤ ਨਾਲ ਮਨਾਉਣਾ ਪਵੇਗਾ ਜਿੰਨੀ ਸ਼ਿੱਦਤ ਨਾਲ ਅਸੀਂ ਹੋਰ ਤਿਉਹਾਰ ਮਨਾਉਂਦੇ ਹਾਂ। ਜਿਨ੍ਹਾਂ ਰੁੱਖਾਂ ਦੁਆਲੇ ਸ੍ਰਿਸ਼ਟੀ ਦਾ ਸਭ ਚੱਕਰ ਚੱਲਦਾ ਹੈ। ਸਾਡੀਆਂ ਲੋੜਾਂ ਦੀ ਪੂਰਤੀ ਇਹ ਕਰਦੇ ਹਨ। ਖ਼ਾਸ ਤੌਰ 'ਤੇ ਹਰ ਪਲ ਜੀਣ ਲਈ ਲੋੜੀਂਦੀ ਆਕਸੀਜਨ ਸਾਨੂੰ ਦਿੰਦੇ ਹਨ ਤਾਂ ਸਾਨੂੰ ਇਨ੍ਹਾਂ ਦੇ ਤਿਉਹਾਰ ਮਨਾਉਣ 'ਚ ਪੂਰਾ ਵਧ-ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਰੁੱਖ ਵਿਚਾਰੇ ਸਾਡੇ ਜਨਮ ਤੋਂ ਮਰਨ ਤੱਕ ਦੇ ਸਫ਼ਰ ਤੇ ਰੋਜ਼ਮੱਰਾ ਦੀ ਜ਼ਿੰਦਗੀ 'ਚ ਸਵੇਰ ਦੀ ਦਾਤਣ ਤੋਂ ਲੈ ਕੇ ਰਾਤ ਨੂੰ ਸੌਣ ਵਾਲੇ ਮੰਜੇ ਤੱਕ ਸਾਡੀ ਹਰ ਲੋੜ ਦੀ ਪੂਰਤੀ ਬਿਨਾਂ ਕੁਝ ਕਹੇ-ਸੁਣੇ ਪੂਰੀ ਕਰਦੇ ਹਨ। ਅਸੀਂ ਸਭ ਹਵਾ 'ਚ ਵੱਖ-ਵੱਖ ਸਾਧਨਾਂ ਰਾਹੀਂ ਜ਼ਹਿਰ ਘੋਲਣ ਲੱਗੇ ਹੋਏ ਹਾਂ ਤੇ ਇਹ ਡਾ। ਸੁਰਜੀਤ ਪਾਤਰ ਦੇ ਕਹਿਣ ਅਨੁਸਾਰ :'ਏਹੋ ਹੈ ਮੇਰੀ ਮੈ ਅਕਸ਼ੀ, ਏਸੇ 'ਚ ਮਸਤ ਹਾਂ। ਪੌਣਾਂ 'ਚੋਂ ਜ਼ਹਿਰ ਪੀ ਰਿਹਾ ਹਾਂ, ਮੈਂ ਦਰਖਤ ਹਾਂ।' ਵਣ-ਮਹਾਉਤਸਵ ਨੂੰ ਮਨਾਉਣ ਦੀ ਸ਼ੁਰੂਆਤ ਬਾਰੇ ਗੱਲ ਕਰੀਏ ਤਾਂ ਸਾਡੇ ਦੇਸ਼ ਵਿਚ ਪਹਿਲਾ 'ਰੁੱਖ ਉਗਾਓ ਉਤਸਵ' ਸੰਨ 1947 ਦੇ ਜੁਲਾਈ ਮਹੀਨੇ 'ਰੁੱਖ ਉਗਾਓ-ਸਪਤਾਹ' ਦੇ ਤੌਰ 'ਤੇ ਮਨਾਇਆ ਗਿਆ ਸੀ। ਕੁਝ ਲੋਕਾਂ ਨੇ ਇਸ ਨੂੰ ਰੁੱਖ ਬੀਜਣ-ਸਪਤਾਹ ਵੀ ਕਿਹਾ। ਇਸ ਉਤਸਵ ਦਾ ਆਗਾਜ਼ ਪੰਡਿਤ ਜਵਾਹਰਲਾਲ ਨਹਿਰੂ, ਡਾ. ਰਜਿੰਦਰ ਪ੍ਰਸਾਦ ਅਤੇ ਮੌਲਾਨਾ ਅਬਦੁਲ ਕਲਾਮ ਆਜ਼ਾਦ ਵਰਗੀਆਂ ਅਹਿਮ ਸ਼ਖ਼ਸੀਅਤਾਂ ਨੇ 'ਕਚਨਾਰ' ਦੇ ਬੂਟੇ ਲਾ ਕੇ ਕੀਤਾ। ਸੰਨ 1950 ਵਿਚ ਕੇਐੱਮ ਮੁਨਸ਼ੀ ਜੋ ਉਸ ਸਮੇਂ ਭਾਰਤ ਦੇ ਖ਼ੁਰਾਕ ਅਤੇ ਖੇਤੀਬਾੜੀ ਮੰਤਰੀ ਸਨ, ਨੇ ਇਸ ਦਾ ਨਾਂ ਬਦਲ ਕੇ ਵਣ-ਮਹਾਉਤਸਵ ਰੱਖਿਆ। ਉਨ੍ਹਾਂ ਨੇ ਪੌਦੇ ਲਾਉਣ ਦੀ ਲਹਿਰ ਕੌਮੀ ਪੱਧਰ 'ਤੇ ਚਲਾ ਕੇ ਆਮ ਲੋਕਾਂ ਦਾ ਧਿਆਨ ਵੀ ਇਸ ਵੱਲ ਦਿਵਾਇਆ। ਉਨ੍ਹਾਂ ਦੇ ਕਥਨ ਅਨੁਸਾਰ "ਦੇਸ਼ ਦੀ ਸਾਧਾਰਨ ਆਰਥਿਕ ਦਸ਼ਾ ਵਿਚ ਰੁੱਖਾਂ ਦਾ ਆਪਣਾ ਸਥਾਨ ਹੁੰਦਾ ਹੈ। ਜੰਗਲ ਖੇਤੀਬਾੜੀ ਨਾਲ ਸਬੰਧਤ ਨਹੀਂ ਹੁੰਦੇ। ਇਹ ਅਜਿਹਾ ਅਮੁੱਕ ਸੋਮਾ ਹਨ ਜਿਨ੍ਹਾਂ ਤੋਂ ਅਸੀਂ ਲੱਖਾਂ ਦੀ ਗਿਣਤੀ ਵਿਚ ਵਧ ਰਹੇ ਲੋਕਾਂ ਵਾਸਤੇ ਖ਼ੁਰਾਕ ਤੇ ਹੋਰ ਲੋੜਾਂ ਦੀ ਪੂਰਤੀ ਕਰ ਸਕਦੇ ਹਾਂ। ਰੁੱਖਾਂ ਦੇ ਹੋਣ ਦਾ ਅਰਥ ਹੋਵੇਗਾ ਪਾਣੀ ਦਾ ਹੋਣਾ ਤੇ ਜੇ ਪਾਣੀ ਆਮ ਹੋਵੇ ਤਾਂ ਖ਼ੁਰਾਕ ਆਮ ਹੋ ਸਕਦੀ ਹ ।

ਵਣ-ਮਹਾਉਤਸਵ ਸਾਡੇ ਹੋਰ ਤਿਉਹਾਰਾਂ ਦੀਵਾਲੀ, ਦੁਸਹਿਰੇ ਦੀ ਤਰ੍ਹਾਂ ਨਹੀਂ ਕਿ ਇਕ ਦਿਨ ਪਟਾਕੇ ਚਲਾਏ, ਰੌਲਾ ਪਾਇਆ ਤੇ ਫਿਰ ਬੈਠ ਗਏ। ਇਹ ਤਾਂ ਨਿਰੰਤਰ ਅੰਦੋਲਨ ਦੀ ਤਰ੍ਹਾਂ ਹੈ ਜੋ ਦਿਨ-ਰਾਤ ਚੱਲਦਾ ਹੈ। ਜੇ ਪੌਦੇ ਲਾਉਣਾ ਵੱਡੀ ਗੱਲ ਹੈ ਤਾਂ ਉਨ੍ਹਾਂ ਨੂੰ ਸੰਭਾਲਣਾ ਉਸ ਤੋਂ ਵੀ ਵੱਡੀ ਗੱਲ ਹੈ। ਮੈਂ ਤਾਂ ਇਹ ਸਮਝਦਾ ਹਾਂ ਕਿ ਅੱਜ ਦੀ ਸਥਿਤੀ ਨੂੰ ਮੱਦੇਨਜ਼ਰ ਰੱਖਦੇ ਹੋਏ ਸਾਨੂੰ 'ਰੁੱਖ ਬਚਾਓ ਅੰਦੋਲਨ' ਸ਼ੁਰੂ ਕਰਨਾ ਚਾਹੀਦਾ ਹੈ। ਛੋਟੇ ਤੋਂ ਵੱਡੇ ਰੁੱਖਾਂ ਨੂੰ ਲੋਕ ਕੱਟਣ ਵਿਚ ਦੇਰੀ ਨਹੀਂ ਕਰ ਰਹੇ। ਕਈ ਦੇਸ਼ ਜੰਗਲਾਂ ਨਾਲ ਭਰੇ ਪਏ ਹਨ ਪਰ ਫਿਰ ਵੀ ਉਹ ਲੋਕ 'ਰੁੱਖ ਦਿਵਸ', 'ਰੁੱਖਾਂ ਦਾ ਮੇਲਾ' ਅਤੇ 'ਹਰਿਆਵਲ ਸਪਤਾਹ' ਆਦਿ ਖ਼ੂਬ ਮਨਾਉਂਦੇ ਹਨ। ਕੈਨੇਡਾ ਵਿਚ 'ਵਣ ਰਖਸ਼ਾ ਸਪਤਾਹ' ਅਨੇਕਾਂ ਅਦਾਰੇ ਮਨਾਉਂਦੇ ਹਨ ਅਤੇ ਆਮ ਲੋਕਾਂ ਨੂੰ ਜੰਗਲਾਂ ਵਿਚ ਲੱਗਣ ਵਾਲੀ ਅੱਗ ਤੋਂ ਬਚਾਉਣ ਦੀ ਮਹੱਤਤਾ ਬਾਰੇ ਜਾਣੂ ਕਰਵਾਇਆ ਜਾਂਦਾ ਹੈ। ਆਸਟ੍ਰੇਲੀਆ, ਅਮਰੀਕਾ, ਇਜ਼ਰਾਈਲ ਆਦਿ ਦੇਸ਼ਾਂ ਵਿਚ ਵਾਤਾਵਰਨ ਸਬੰਧੀ ਹਾਲਾਤ ਅਨੁਸਾਰ ਸਾਲ ਦੇ ਕਿਸੇ ਨਾ ਕਿਸੇ ਮਹੀਨੇ ਰੁੱਖਾਂ ਦੀ ਸੰਭਾਲ ਅਤੇ ਬਚਾਅ ਖ਼ਾਤਰ ਉਤਸਵ ਮਨਾਏ ਜਾਂਦੇ। ਜਾਪਾਨ ਦੇ ਲੋਕ ਤਾਂ ਅਪ੍ਰੈਲ ਮਹੀਨੇ ਇਕ ਹਫ਼ਤੇ ਨੂੰ ਕੌਮੀ ਰੁੱਖ ਤਿਉਹਾਰ ਵਜੋਂ ਮਨਾਉਂਦੇ ਹਨ। 'ਹਰਿਆਵਲ ਸਪਤਾਹ' ਨਾਮੀ ਇਸ ਹਫ਼ਤੇ ਨੂੰ ਅੱਗੇ ਦਿਨਾਂ ਦੇ ਹਿਸਾਬ ਨਾਲ ਵੱਖ-ਵੱਖ ਸਥਾਨਾਂ ਅਨੁਸਾਰ ਜਿਵੇਂ 'ਮਾਰਗ ਹਰਿਆਵਲ ਦਿਵਸ', 'ਗ੍ਰਿਹ ਵਾਟਿਕਾ ਹਰਿਆਵਲ ਦਿਵਸ' ਅਤੇ 'ਸਕੂਲ ਹਰਿਆਵਲ ਦਿਵਸ' ਆਦਿ 'ਚ ਵੰਡ ਕੇ ਪੌਦੇ ਲਾਉਣ ਅਤੇ ਪਾਲਣ-ਪੋਸ਼ਣ ਸਬੰਧੀ ਲੋਕਾਂ ਦਾ ਧਿਆਨ ਦਿਵਾਇਆ ਜਾਂਦਾ ਹੈ।

ਬਹੁਤ ਸਾਰੇ ਅਜਿਹੇ ਲੋਕ ਵੀ ਹਨ ਜਿਨ੍ਹਾਂ ਦਾ ਮੁੱਖ ਮਕਸਦ ਰੋਟੀ ਖਾ ਕੇ ਸੌਣਾ, ਆਉਣ ਵਾਲੀ ਪੀੜ੍ਹੀ ਲਈ ਪੈਸਾ ਤੇ ਜ਼ਮੀਨ-ਜਾਇਦਾਦ ਇਕੱਠੇ ਕਰਨ ਦੀ ਬਜਾਏ ਲੋਕ ਭਲਾਈ ਦੇ ਕੰਮ ਕਰਨਾ ਹੁੰਦਾ ਹੈ। ਜੇ ਸਾਰਾ ਸੰਸਾਰ ਪੈਸੇ ਅਤੇ ਸ਼ੋਹਰਤ ਖ਼ਾਤਰ ਕੁਦਰਤ ਨਾਲ ਇਸੇ ਤਰ੍ਹਾਂ ਖਿਲਵਾੜ ਕਰਦਾ ਗਿਆ ਤਾਂ ਪਰਲੋ ਦੀ ਆਮਦ ਜ਼ਿਆਦਾ ਦੂਰ ਨਹੀਂ। ਪਹਿਲਾਂ ਲੋਕ ਰੁੱਖਾਂ ਨੂੰ ਹਰ ਜਗ੍ਹਾ ਲਾਉਂਦੇ ਸਨ ਚਾਹੇ ਉਹ ਘਰ ਹੋਵੇ, ਗਲੀ, ਪਿੰਡ ਜਾਂ ਸਾਂਝੀਆਂ ਸੰਸਥਾਵਾਂ ਹੋਣ, ਹਰ ਜਗ੍ਹਾ ਰੁੱਖਾਂ ਦੀ ਅਹਿਮੀਅਤ ਹੁੰਦੀ ਸੀ। ਲੋਕਾਂ ਦੇ ਘਰਾਂ ਦੀ ਨਿਸ਼ਾਨੀ ਵੀ ਰੁੱਖ ਦੇ ਤੌਰ 'ਤੇ ਹੁੰਦੀ ਸੀ ਜੋ ਇਸ ਤਰ੍ਹਾਂ ਲੋਕ ਗੀਤਾਂ 'ਚ ਆਉਂਦੀ ਹੈ : 'ਬਾਜ਼ਾਰ ਵਿਕੇਂਦੀ ਤਰ ਵੇ, ਮੇਰਾ ਸਾਹਮਣੀ ਗਲੀ ਵਿਚ ਘਰ ਵੇ। ਪਿੱਪਲ ਨਿਸ਼ਾਨੀ, ਜੀਵੇ ਢੋਲਾ। ਢੋਲਾ ਜਾਨੀ, ਸਾਡੀ ਗਲੀ ਆ ਵੇ, ਤੇਰੀ ਮਿਹਰਬਾਨੀ।'

ਪ੍ਰੰਤੂ ਅੱਜ ਸਥਿਤੀ ਬਦਲ ਚੁੱਕੀ ਹੈ। ਸਾਡੇ ਵਣ, ਪੀਲੂ, ਜੰਡ, ਕਰੀਰ, ਲਸੂੜੇ, ਬਰਨੇ ਆਦਿ ਅਨੇਕਾਂ ਰੁੱਖ ਦਿਨ-ਬ-ਦਿਨ ਪੰਜਾਬ 'ਚੋਂ ਖ਼ਤਮ ਹੋ ਰਹੇ ਹਨ। ਸਾਨੂੰ ਪੌਦੇ ਲਾਉਣ ਵੇਲੇ ਉਨ੍ਹਾਂ ਰੁੱਖਾਂ ਨੂੰ ਵੀ ਤਰਜੀਹ ਦੇਣੀ ਚਾਹੀਦੀ ਹੈ ਜੋ ਲੋਪ ਹੋਣ ਦੀ ਸੂਚੀ ਵਿਚ ਸ਼ਾਮਲ ਹੋ ਚੁੱਕੇ ਹਨ। ਸਮਾਜ ਦੇ ਹਰ ਵਰਗ, ਹਰ ਬੱਚੇ, ਜਵਾਨ ਤੇ ਬਜ਼ੁਰਗ ਤੇ ਹਰ ਰਿਸ਼ਤੇ ਦੀ ਜ਼ਿੰਮੇਵਾਰੀ ਬਣਦੀ ਹੈ ਕਿ ਪਹਿਲਾਂ ਲਾਏ ਰੁੱਖਾਂ ਨੂੰ ਸੁੱਕਣ-ਮੁੱਕਣ ਤੋਂ ਬਚਾਈਏ ਅਤੇ ਇਨ੍ਹਾਂ ਲਈ ਫ਼ਿਕਰਮੰਦ ਹੋਈਏ- 'ਪੀਲਾ ਮੁੱਕੀਆਂ ਟਾਹਲੀਆਂ ਸੁੱਕੀਆਂ, ਸੁੱਕ ਜਾਣ ਨਾ ਰੁੱਖ ਹਰੇ-ਭਰੇ। ਆਖ ਨੀ ਨਨਾਣੇ ਤੇਰੇ ਵੀਰ ਨੂੰ, ਕਦੇ ਤਾਂ ਭੋਰਾ ਫ਼ਫ਼ਕਰ ਕਰੇ।'

R.PAL SINGH TAX PROFESSIONAL
ENROLLED AGENT
BOOKKEEPING ACCOUNTS PAYROLLS
TAX-INDIVIDUAL FAMILY, BUSINESS, TRUCKING, BOOKKEEPING ACCOUNTS, PAYROLLS & INCORPORATION, INSURANCE LIFE Only-Agent. NOTARY, REAL ESTATE (SVA), EXPECTING REFUND : GET MONEY BACK FAST!
E.A.
Open 7 Days
Weekends/Evenings
(Year Round Service)
Resonalbe Rates
Call for Appointment
IRS e-file
CTEC
California Tax Education Council
Registered Tax Preparer
CALL: R. PAL. SINGH EA- 510-750-3464
EA 00097224, CRTP A44237 Realtor#148514,
Insurance Life- Only Agent #0G76896
39159 Paseo Padre Pkwy # 103, Fremont, CA 94538
Email:singhrpal@sbeglobal.net Singhtax.com



# ਪੰਜਾਬ ਦੇ ਧਰਾਤਲ 'ਤੇ ਕੀ ਲਾਵਾ ਖੌਲ ਰਿਹਾ ਹੈ?



ਗੁਰਬਚਨ ਜਗਤ

ਇਕ ਦਿਨ ਮੈਂ ਇਹ ਦੇਖਣ ਲਈ ਕਿਤਾਬਾਂ ਦੀ ਦੁਕਾਨ ’ਤੇ ਗਿਆ ਸੀ ਕਿ ਕੀ ਕੋਈ ਨਵੀਂ ਕਿਤਾਬ ਆਈ ਹੈ। ਮੈਂ ਕੁਝ ਕਿਤਾਬਾਂ ਲੈ ਕੇ ਉੱਥੋਂ ਚੱਲਣ ਹੀ ਲੱਗਿਆ ਸੀ ਕਿ ਇੱਕ ਜਵਾਨ ਔਰਤ ਮੇਰੇ ਕੋਲ ਆ ਕੇ ਕਹਿਣ ਲੱਗੀ ਕਿ ਉਹ ਮੇਰੇ ਨਾਲ ਗੱਲ ਕਰਨਾ ਚਾਹੁੰਦੀ ਹੈ। ਮੈਂ ਉਸ ਔਰਤ ਅਤੇ ਦਿੱਲੀ ਵਿਚ ਰਹਿੰਦੇ ਉਸ ਦੇ ਪਰਿਵਾਰ ਨੂੰ ਚੰਗੀ ਤਰ੍ਹਾਂ ਜਾਣਦਾ ਸੀ। ਉਹ ਕਾਫ਼ੀ ਉਤੇਜਿਤ ਲੱਗ ਰਹੀ ਸੀ; ਉਸ ਨੇ ਮੈਨੂੰ ਪੁੱਛਿਆ ਕਿ ਅੰਮ੍ਰਿਤਪਾਲ ਸਿੰਘ ਅਤੇ ਸਰਬਜੀਤ ਸਿੰਘ ਖ਼ਾਲਸਾ ਦਾ ਲੋਕ ਸਭਾ ਲਈ ਚੁਣਿਆ ਜਾਣਾ ਪੰਜਾਬ ਦੇ ਭਵਿੱਖ ਲਈ ਕਿਹੋ ਜਿਹੇ ਸੰਕੇਤ ਦਿੰਦਾ ਹੈ? ਮੈਂ ਉਸ ਦੇ ਤੌਖ਼ਲੇ ਦੂਰ ਕਰਨ ਦੀ ਕੋਸ਼ਿਸ਼ ਕੀਤੀ ਪਰ ਪੂਰੀ ਤਰ੍ਹਾਂ ਸਫਲ ਨਹੀਂ ਹੋ ਸਕਿਆ। ਕਿਤਾਬਾਂ ਦੀ ਦੁਕਾਨ ਦੇ ਸ਼ਾਂਤ ਜਿਹੇ ਮਾਹੌਲ ਵਿੱਚ ਇਸ ਤਰ੍ਹਾਂ ਦੇ ਟਕਰਾਅ ਨੇ ਮੈਨੂੰ ਪ੍ਰੇਸ਼ਾਨ ਕਰ ਦਿੱਤਾ ਅਤੇ ਮੈਂ ਇਸ ਵਿਚਾਰ ਲੜੀ ਤੋਂ ਪੱਲਾ ਛੁਡਾਉਣ ਦੀ ਕੋਸ਼ਿਸ਼ ਕੀਤੀ। ਮੈਂ ਵਾਪਸ ਘਰ ਆ ਗਿਆ ਅਤੇ ਚਚੇਰੇ ਭਰਾ ਦਾ ਫੋਨ ਆ ਗਿਆ ਜੋ ਫ਼ੌਜ ਵਿੱਚੋਂ ਸੀਨੀਅਰ ਅਹੁਦੇ ਤੋਂ ਸੇਵਾਮੁਕਤ ਹੋਇਆ ਸੀ ਤੇ ਹੁਣ ਪੰਜਾਬ ਵਿਚ ਵੱਸ ਗਿਆ ਹੈ। ਉਸ ਨੇ ਮੈਥੋਂ ਪੁੱਛਿਆ ਕਿ ਪੰਜਾਬ ਵਿੱਚ ਕੀ ਵਾਪਰ ਰਿਹਾ ਹੈ। ਮੈਂ ਕੁਝ ਚੰਗੀਆਂ ਜਿਹੀਆਂ ਗੱਲਾਂ ਕਰ ਕੇ ਉਸ ਦੀ ਬੇਚੈਨੀ ਸ਼ਾਂਤ ਕਰਨ ਦੀ ਕੋਸ਼ਿਸ਼ ਕੀਤੀ ਅਤੇ ਸੁਝਾਅ ਦਿੱਤਾ ਕਿ ਆਪਣੀ ਘਰਵਾਲੀ ਨੂੰ ਲੈ ਕੇ ਕੁਝ ਛੁੱਟੀਆਂ ਮਨਾ ਆਵੇ। ਅਗਲੇ ਕੁਝ ਦਿਨਾਂ ਵਿੱਚ ਮੈਨੂੰ ਪੰਜਾਬ ਤੋਂ ਆਪਣੇ ਰਿਸ਼ਤੇਦਾਰਾਂ, ਦੋਸਤਾਂ ਅਤੇ ਜਾਣ ਪਛਾਣ ਵਾਲਿਆਂ ਦੇ ਕਈ ਫੋਨ ਆਏ ਅਤੇ ਉਨ੍ਹਾਂ ਵੀ ਅੱਧਮਨੇ ਜਿਹੇ ਢੰਗ ਨਾਲ ਇਹੋ ਸਵਾਲ ਪੁੱਛਿਆ। ਪੰਜਾਬ ਵਿੱਚ ਸਤਹਿ ਦੇ ਹੇਠਾਂ ਬੇਚੈਨੀ ਬਣੀ ਹੋਈ ਸੀ ਅਤੇ ਫਿਰ ਇੱਕ ਦਹਾਕੇ ਤੱਕ ਇਸ ਨੇ ਹਿੰਸਾ ਦੀ ਸੁਨਾਮੀ ਦੇਖੀ ਸੀ। ਕੀ ਅਤੀਤ ਵਰਤਮਾਨ ਤੇ ਭਵਿੱਖ ਬਣ ਰਿਹਾ ਹੈ?



ਹਿੰਸਾ ਤੋਂ ਉਭਰਨ ਲਈ ਕਈ ਸਾਲ ਲੱਗੇ ਸਨ ਅਤੇ ਮੈਂ ਇਸ ਨੂੰ ਮੁੱਢ ਤੋਂ ਲੈ ਕੇ ਅੰਤ ਤੱਕ ਦੇਖਿਆ ਸੀ। ਇਸ ਨੂੰ ਸਿਆਹ ਸਾਇਆ ਬਣਨ ਵਿੱਚ ਕਈ ਸਾਲ ਲੱਗੇ ਸਨ ਅਤੇ ਆਮ ਧਾਰਨਾ ਦੇ ਉਲਟ ਇਸ ਸਿਆਹ ਨਾਟਕ ਦੇ ਪ੍ਰਮੁੱਖ ਅਦਾਕਾਰ ਜਾਣੇ ਪਛਾਣੇ ਹਨ। ਇਸ ਦੀ ਸ਼ਤਰੰਜ ਦੇ ਸਿਆਸੀ ਅਤੇ ਸਮਾਜਿਕ ਖਿਡਾਰੀਆਂ ਬਾਰੇ ਸਭ ਜਾਣਦੇ ਹਨ ਪਰ ਗ੍ਰੀਕ ਤਰਾਸਦੀ ਦੇ ਰਾਹੇਅਮਲ ਵਾਂਗ ਅਸੀਂ ਭਵਿੱਖ ਦੇਖ ਸਕਦੇ ਹਾਂ ਪਰ ਇਸ ਵਿੱਚ ਦਖ਼ਲ ਨਹੀਂ ਦੇ ਸਕਦੇ ਤੇ ਤਰਾਸਦੀ ਆਪਣੇ ਖ਼ੌਫ਼ਨਾਕ ਅੰਜਾਮ ਤੱਕ ਪਹੁੰਚ ਕੇ ਦਮ ਲਵੇਗੀ। ਇਹ ਕੋਈ ਬਹੁਤੀ ਪੁਰਾਣੀ ਗੱਲ ਨਹੀਂ ਅਤੇ ਲੋਕਾਂ ਦੀ ਯਾਦਦਾਸ਼ਤ ਬਹੁਤ ਘੱਟ ਹੁੰਦੀ ਹੈ।... ਕੀ ਅਸੀਂ ਉਸ ਦੇ ਦੁਹਰਾਓ ਵੱਲ ਵਧ ਰਹੇ ਹਾਂ? ਮੀਡੀਆ ਅਤੇ ਨਾਗਰਿਕ ਸਮਾਜ ਚੁੱਪ ਕਿਉਂ ਹਨ? ਇਹ ਦੋਵੇਂ ਬੰਦੇ ਕਿੱਥੋਂ ਆਏ ਹਨ ਅਤੇ ਕਿਵੇਂ ਇਹ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ ਹਨ? ਇਹ ਸਵਾਲ ਪੁੱਛਣ ਦਾ ਸਮਾਂ ਹੈ ਅਤੇ ਸਿਆਸੀ ਪਾਰਟੀਆਂ ਤੇ ਸਰਕਾਰ ਨੂੰ ਜਵਾਬ ਦੇਣਾ ਚਾਹੀਦਾ ਹੈ। ਜਾਪਦਾ ਹੈ, ਸਿਆਸੀ ਪਾਰਟੀਆਂ ਦਾ ਇੱਕੋ-ਇੱਕ ਮਕਸਦ ਰਹਿ ਗਿਆ ਹੈ ਕਿ ਪਾਰਲੀਮੈਂਟ, ਅਸੈਂਬਲੀਆਂ, ਨਗਰ ਨਿਗਮਾਂ ਤੇ ਪੰਚਾਇਤਾਂ ਲਈ ਚੋਣਾਂ ਲੜੋ ਅਤੇ ਜਿੱਤੋ। ਉਨ੍ਹਾਂ ਦੀ ਇੱਕੋ-ਇੱਕ ਖਾਹਿਸ਼ ਹੈ ਕਿ ਹਰ ਪੱਧਰ ’ਤੇ ਸੱਤਾ ਹਥਿਆਈ ਜਾਵੇ ਪਰ ਜਵਾਬਦੇਹੀ ਕੋਈ ਵੀ ਨਾ ਹੋਵੇ। ਸਰਕਾਰ ਨੂੰ ਹੁਣ ਤੱਕ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਕਿ ਲੋਕ ਫ਼ਿਕਰਮੰਦ ਹਨ; ਉਨ੍ਹਾਂ ਨੂੰ ਪੰਜਾਬ ਦੇ ਮੌਜੂਦਾ ਹਾਲਾਤ ਦੇ ਮੂਲ ਕਾਰਨਾਂ ਦੀ ਘੋਖ ਕਰ ਕੇ ਇਨ੍ਹਾਂ ਚੋਣ ਨਤੀਜਿਆਂ ਅਤੇ ਇਸ ਤੋਂ ਇਲਾਵਾ ਕੰਗਨਾ ਰਣੌਤ ਦੇ ਮੂੰਹ ’ਤੇ ਵੱਜੀ ਚਪੇੜ ਦੀ ਵੀ ਵਜ਼ਾਹਤ ਕਰਨੀ ਚਾਹੀਦੀ ਹੈ।

ਪਿਛਲੇ ਦੋ ਦਹਾਕਿਆਂ ਤੋਂ ਵੱਧ ਅਰਸੇ ਦੌਰਾਨ ਕਈ ਸਰਕਾਰਾਂ ਆਈਆਂ ਤੇ ਚਲੀਆਂ ਗਈਆਂ ਪਰ ਕਿਸੇ ਵੀ ਸਰਕਾਰ ਨੇ ਪੰਜਾਬ ਵਿਚ 1980ਵਿਆਂ ਤੇ 1990ਵਿਆਂ ਤੱਕ ਜੋ ਕੁਝ ਵਾਪਰਿਆ ਸੀ, ਉਸ ਦੇ ਕਾਰਨਾਂ ਦੀ ਜਾਂਚ ਨਹੀਂ ਕਰਵਾਈ ਅਤੇ ਇਸ ਤੋਂ ਕੋਈ ਸਬਕ ਵੀ ਨਹੀਂ ਲਿਆ। ਕਿਸੇ ਵੀ ਸਰਕਾਰ ਨੇ ਨੌਜਵਾਨਾਂ ਦੀ ਸਿੱਖਿਆ, ਉਨ੍ਹਾਂ ਦੇ ਰੁਜ਼ਗਾਰ, ਬੁਨਿਆਦੀ ਢਾਂਚੇ ਦੇ ਵਿਕਾਸ ਅਤੇ ਸਨਅਤਾਂ ਬਾਰੇ ਕੋਈ ਵਿਆਪਕ ਯੋਜਨਾਬੰਦੀ ਨਹੀਂ ਕੀਤੀ। ਇਹ ਗੱਲ ਨਹੀਂ ਕਿ ਪੰਜਾਬ ਵਿੱਚ ਕੋਈ ਵਿਕਾਸ ਨਹੀਂ ਹੋਇਆ; ਹਰੇ ਇਨਕਲਾਬ ਸਦਕਾ ਭਾਰਤ ਅਨਾਜ ਪੱਖੋਂ ਆਤਮ-ਨਿਰਭਰ ਹੋ ਗਿਆ। ਇੱਕ ਆਈਆਈਟੀ, ਇੱਕ ਆਈਆਈਐੱਮ, ਪ੍ਰੀਮੀਅਰ ਮੈਡੀਕਲ ਸੰਸਥਾ ਅਤੇ ਸੜਕੀ ਬੁਨਿਆਦੀ ਢਾਂਚੇ ਦਾ ਨਿਰਮਾਣ ਹੋਇਆ ਹੈ ਪਰ ਇਹ ਕਾਫ਼ੀ ਨਹੀਂ ਕਿਉਂਕਿ ਜ਼ਿਆਦਾਤਰ ਹਿੱਸਾ ਰਵਾਇਤੀ ਖੇਤੀਬਾੜੀ ਅਰਥਚਾਰੇ ਅਤੇ ਸੁੰਗੜ ਰਹੀਆਂ ਖੇਤੀ ਜੋਤਾਂ ਦਰਮਿਆਨ ਫਸਿਆ ਹੋਇਆ ਹੈ ਜਿਸ ਕਰ ਕੇ ਕਿਸਾਨਾਂ ਦੇ ਸਿਰ ਕਰਜ਼ੇ ਦਾ ਬੋਝ ਅਤੇ ਖ਼ੁਦਕੁਸ਼ੀਆਂ ਦੀ ਗਿਣਤੀ ਵਿਚ ਵਾਧਾ ਹੋ ਰਿਹਾ ਹੈ। ਰੁਜ਼ਗਾਰ ਦੇ ਹੋਰ ਸਰੋਤ ਜਿਵੇਂ ਹਥਿਆਰਬੰਦ ਦਸਤਿਆਂ ਵਿੱਚ ਭਰਤੀ ਘਟ ਰਹੀ ਹੈ ਜਿਸ ਕਰ ਕੇ ਨੌਜਵਾਨਾਂ ਦਾ ਵਿਦੇਸ਼ਾਂ ਵੱਲ ਪਰਵਾਸ ਵਧ ਰਿਹਾ ਹੈ। ਇਸ ਕਰ ਕੇ ਆਮ ਲੋਕਾਂ, ਖ਼ਾਸਕਰ ਨੌਜਵਾਨਾਂ ਅੰਦਰ ਬੇਚੈਨੀ ਪੈਦਾ ਹੋ ਰਹੀ ਹੈ ਜਿਸ ਨੂੰ ਕੱਟੜਵਾਦੀ ਅਨਸਰ ਵਰਤ ਸਕਦੇ ਹਨ। ਲੋਕਾਂ ਨੂੰ ਸਬਜ਼ਬਾਗ਼ ਦਿਖਾਉਣ, ਖ਼ੈਰਾਤਾਂ ਵੰਡਣ ਅਤੇ ਝੂਠੇ ਅੰਕੜੇ ਪੇਸ਼ ਕਰਨ ਦੀ ਸਿਆਸਤਦਾਨਾਂ ਦੀ ਆਦਤ ਉਲਟੀ ਪੈ ਰਹੀ ਹੈ? ਨਸ਼ਿਆਂ ਦਾ ਧੰਦਾ ਸਮੁੱਚੇ ਦੇਸ਼ ਅੰਦਰ ਪਸਰ ਚੁੱਕਿਆ ਹੈ ਅਤੇ ਦੇਸ਼ ਭਰ ਵਿੱਚ ਛਾਪੇ ਮਾਰ ਕੇ ਕੁਝ ਕੁ ਛੋਟੀਆਂ ਮਛਲੀਆਂ ਨੂੰ ਕਾਬੂ ਕਰ ਲਿਆ ਜਾਂਦਾ ਹੈ। ਅਜੇ ਤੱਕ ਨਸ਼ਿਆਂ ਦਾ ਵੱਡਾ ਕਾਰੋਬਾਰੀ ਜਾਂ ਇਸ ਧੰਦੇ ਦੇ ਕਿਸੇ ਫਾਇਨਾਂਸਰ ਨੂੰ ਕਾਬੂ ਨਹੀਂ ਕੀਤਾ ਗਿਆ।

ਮੁੱਖ ਧਾਰਾ ਦੀਆਂ ਸਿਆਸੀ ਪਾਰਟੀਆਂ ਦੀ ਥਾਂ ਕੱਟੜ ਸੱਜੇ ਪੱਖੀ ਲੈ ਰਹੇ ਹਨ। ਹਾਲੀਆ ਲੋਕ ਸਭਾ ਚੋਣਾਂ ਵਿੱਚ ਸ਼੍ਰੋਮਣੀ ਅਕਾਲੀ ਦਲ ਦੀਆਂ ਵੋਟਾਂ ਘਟ ਕੇ 13.4 ਪ੍ਰਤੀਸ਼ਤ ਰਹਿ ਗਈਆਂ। ਭਾਜਪਾ ਨੇ ਵੀ 18.5 ਪ੍ਰਤੀਸ਼ਤ ਵੋਟ ਲੈ ਕੇ ਬਹੁਤਾ ਚੰਗਾ ਪ੍ਰਦਰਸ਼ਨ ਨਹੀਂ ਕੀਤਾ। ਸ਼੍ਰੋਮਣੀ ਅਕਾਲੀ ਦਲ ਨੂੰ 2022 ਵਿਚ 18.3 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ ਤੇ ਇਹ ਹੁਣ ਉਸ ਤੋਂ ਵੀ ਹੇਠਾਂ ਖਿਸਕ ਗਿਆ ਹੈ। ਮੈਂ ਸ਼੍ਰੋਮਣੀ ਅਕਾਲੀ ਦਲ ਦਾ ਜ਼ਿਕਰ ਕੀਤਾ ਕਿਉਂਕਿ ਇਹ ਉਹ ਪਾਰਟੀ ਹੈ ਜਿਸ ਨੇ ਪੰਜਾਬੀ ਸੂਬਾ ਮੋਰਚਾ ਵਿੱਢਿਆ ਸੀ ਤੇ ਭਾਰਤ ਵਿੱਚ ਕਾਂਗਰਸ ਤੋਂ ਬਾਅਦ ਇਹ ਦੂਜੀ ਸਭ ਤੋਂ ਪੁਰਾਣੀ ਸਿਆਸੀ ਧਿਰ ਹੈ। ਉੱਚੇ ਸਿਆਸੀ ਕੱਦ ਵਾਲੀ ਸ਼ਖ਼ਸੀਅਤ ਮਰਹੂਮ ਪ੍ਰਕਾਸ਼ ਸਿੰਘ ਬਾਦਲ ਪੰਜ ਵਾਰ ਪੰਜਾਬ ਦੇ ਮੁੱਖ ਮੰਤਰੀ ਰਹੇ, ਐਮਰਜੈਂਸੀ ਤੋਂ ਲੈ ਕੇ ਐੱਸਵਾਈਐੱਲ ਨਹਿਰ ਜਿਹੇ ਸਿਆਸੀ ਮੁੱਦਿਆਂ ’ਤੇ ਆਪਣੇ ਰੁਖ਼ ਕਾਰਨ ਉਨ੍ਹਾਂ ਨੂੰ ਕਈ ਵਾਰ ਜੇਲ੍ਹ ਜਾਣਾ ਪਿਆ; ਹਾਲਾਂਕਿ ਖਾੜਕੂਵਾਦ ਦੇ ਦੌਰ ਵਿੱਚ ਅੱਸੀਵਿਆਂ ਤੇ ਨੱਬੇਵਿਆਂ ’ਚ, ਬਾਦਲ ਤੇ ਉਨ੍ਹਾਂ ਦੀ ਪਾਰਟੀ ਮੁੱਖ ਧਾਰਾ ਦੀਆਂ ਬਾਕੀ ਪਾਰਟੀਆਂ ਵਾਂਗ ਮੂਕ ਦਰਸ਼ਕ ਬਣੀਆਂ ਰਹੀਆਂ ਅਤੇ ਇਉਂ ਕੱਟੜਵਾਦੀਆਂ ਲਈ ਮੈਦਾਨ ਖਾਲੀ ਛੱਡ ਦਿੱਤਾ। ਇਸ ਤੋਂ ਇਲਾਵਾ ਖਾੜਕੂਆਂ ਦੀ ਚਿਤਾਵਨੀ ਅੱਗੇ ਝੁਕਦਿਆਂ ਉਨ੍ਹਾਂ ਦੀ ਪਾਰਟੀ ਨੇ 1992 ਵਿੱਚ ਸੂਬਾਈ ਚੋਣਾਂ ਦਾ ਬਾਈਕਾਟ ਵੀ ਕੀਤਾ।

ਪੰਜਾਬੀ ਕਿਸਾਨਾਂ ਵੱਲੋਂ ਦਿੱਲੀ ’ਚ ਘੜੀਆਂ ਜਾ ਰਹੀਆਂ ਨੀਤੀਆਂ ਖ਼ਿਲਾਫ਼ ਵਿੱਢੇ ਵਿਸ਼ਾਲ ਅੰਦੋਲਨ ’ਚੋਂ ਸੂਬਾ ਕਾਂਗਰਸ ਅਤੇ ਇਸ ਦੀ ਲੀਡਰਸ਼ਿਪ ਗ਼ੈਰ-ਹਾਜ਼ਰ ਰਹੀ। ਪੰਜਾਬ ਵਰਗੇ ਖੇਤੀ ਪ੍ਰਧਾਨ ਸੂਬੇ ’ਚ ਇਸ ਸੰਘਰਸ਼ ’ਚੋਂ ਗ਼ੈਰ-ਹਾਜ਼ਰ ਰਹਿ ਕੇ ਪਾਰਟੀ ਨੇ ਆਪਣਾ ਹੀ ਨੁਕਸਾਨ ਕੀਤਾ। ਇਸ ਨੁਕਸਾਨ ਦੀ ਪੁਸ਼ਟੀ ਬਾਅਦ ’ਚ ਵਿਧਾਨ ਸਭਾ ਚੋਣਾਂ ’ਚ ਕਾਂਗਰਸ ਦੀ ਕਰਾਰੀ ਹਾਰ ਨਾਲ ਹੋਈ (ਨਤੀਜੇ ਵਜੋਂ ਜ਼ਿਆਦਾਤਰ ਸੂਬਾਈ ਆਗੂ ਭਾਜਪਾ ’ਚ ਚਲੇ ਗਏ)। ਪੰਜਾਬੀਆਂ ਨੇ ਸਥਾਪਿਤ ਸਿਆਸੀ ਪਾਰਟੀਆਂ ਤੇ ਪਰਿਵਾਰ ਨਕਾਰ ਦਿੱਤੇ ਅਤੇ ਆਮ ਆਦਮੀ ਪਾਰਟੀ ਨੂੰ ਮੌਕਾ ਦਿੱਤਾ। ਸਪੱਸ਼ਟ ਤੌਰ ’ਤੇ ‘ਆਪ’ ਵੀ ਕੋਈ ਅਸਰ ਨਹੀਂ ਪਾ ਸਕੀ ਜੋ ਇਸ ਵੱਲੋਂ ਲੋਕ ਸਭਾ ਚੋਣਾਂ ਵਿੱਚ ਜਿੱਤੀਆਂ ਸੀਟਾਂ ਦੀ ਗਿਣਤੀ (13 ਵਿੱਚੋਂ ਸਿਰਫ਼ ਤਿੰਨ) ਤੇ ਵੋਟ ਸ਼ੇਅਰ ’ਚ ਆਏ ਨਿਘਾਰ ਤੋਂ ਪ੍ਰਤੱਖ ਹੈ। ਇਹ ਉਹੀ ਪਾਰਟੀ ਹੈ ਜਿਸ ਨੂੰ 2022 ਦੀਆਂ ਚੋਣਾਂ ’ਚ 42 ਪ੍ਰਤੀਸ਼ਤ ਵੋਟਾਂ ਮਿਲੀਆਂ ਸਨ ਜੋ ਹੁਣ ਘੱਟ ਕੇ 26 ਪ੍ਰਤੀਸ਼ਤ ਰਹਿ ਗਈਆਂ ਹਨ। ਅਹਿਮ ਨੁਕਤਾ ਇਹ ਹੈ ਕਿ ਮੁੱਖਧਾਰਾ ਦੀਆਂ ਪਾਰਟੀਆਂ ਆਪਣੇ ਹਿੱਸੇ ਦੀ ਵੋਟ ਅੰਮ੍ਰਿਤਪਾਲ ਵਰਗਿਆਂ ਨੂੰ ਗੁਆ ਰਹੀਆਂ ਹਨ ਜਿਸ ਨਾਲ ਰਾਜਨੀਤਕ ਬਹਿਸ ਤਿੱਖੀ ਤੇ ਕਠੋਰ ਹੋ ਰਹੀ ਹੈ। ਇਸ ਤੋਂ ਉਹ ਸਮਾਂ ਚੇਤੇ ਆਉਂਦਾ ਹੈ ਜਦ ਮੁੱਖ ਧਾਰਾ ਪਾਰਟੀਆਂ ਨੂੰ ਚੋਣਾਂ ਦਾ ਬਾਈਕਾਟ ਕਰਨਾ ਪਿਆ ਸੀ ਤੇ ਕੱਟੜਵਾਦੀਆਂ ਦੇ ਇਸ਼ਾਰਿਆਂ ’ਤੇ ਚੱਲਣਾ ਪਿਆ। ਇਹ ਸੂਬੇ ਅਤੇ ਇਸ ਦੇ ਲੋਕਾਂ, ਦੋਵਾਂ ਲਈ ਚੰਗਾ ਨਹੀਂ ਹੈ।

ਕੱਟੜ ਸੱਜੇ ਪੱਖੀਆਂ ਵੱਲੋਂ ਪੁਰਾਣੇ ਲਾਂਬੂਆਂ ’ਤੇ ਫੂਕਾਂ ਮਾਰਨ ਨਾਲ ਪੰਜਾਬ ਤੇ ਭਾਰਤ ਦੀ ਸੁਰੱਖਿਆ ਤੇ ਸ਼ਾਂਤੀ ਲਈ ਖ਼ਤਰਾ ਖੜ੍ਹਾ ਹੋਵੇਗਾ। ਜਦੋਂ ਤੱਕ ਸਮੱਸਿਆ ਦੀ ਜੜ੍ਹ ਨਹੀਂ ਫੜੀ ਜਾਂਦੀ, ਸਾਜ਼ਿਸ਼ੀ ਥਿਊਰੀਆਂ ਫੁੱਟਣਗੀਆਂ ਤੇ ਜਿਸ ਸ਼ਾਂਤੀ ਨੂੰ ਸਥਾਪਿਤ ਹੋਣ ’ਚ ਦਹਾਕੇ ਲੱਗ ਗਏ, ਉਹ ਡਗਮਗਾ ਜਾਵੇਗੀ। ਸੱਚ ਤਾਂ ਇਹ ਹੈ ਕਿ ਅਸਲ ਮੁੱਦਿਆਂ-ਬੇਰੁਜ਼ਗਾਰੀ, ਸਿੱਖਿਆ, ਸਿਹਤ, ਸੁਰੱਖਿਆ ਨੂੰ ਅਣਗੌਲਿਆਂ ਕੀਤਾ ਗਿਆ ਹੈ। ਵਿਕਾਸ ਦੀ ਸੂਚੀ ਵਿੱਚ ਪੰਜਾਬ ਲੰਮੇ ਸਮੇਂ ਤੋਂ ਹੇਠਾਂ ਨੂੰ ਹੀ ਜਾ ਰਿਹਾ ਹੈ, ਕਿਸੇ ਸਮੇਂ ਇਹ ਸਿਖਰ ’ਤੇ ਰਿਹਾ ਹੈ। ਅੱਜ ਪੰਜਾਬ ਦੀ ਹਾਲਤ ਅਜਿਹੀ ਹੈ ਕਿ ਇਹ ਵਿਕਾਸ ਤੇ ਤਰੱਕੀ ਦੇ ਸਾਰੇ ਮਾਪਦੰਡਾਂ ਵਿੱਚ ਬਿਲਕੁਲ ਹੇਠਾਂ ਜਾ ਚੁੱਕੇ ਰਾਜਾਂ ਵਿੱਚ ਸ਼ਾਮਿਲ ਹੈ। ਸਿਆਸਤਦਾਨ ਅੱਗ ਨਾਲ ਖੇਡ ਸਕਦੇ ਹਨ ਪਰ ਆਖ਼ਿਰ ਕਿਸ ਕੀਮਤ ’ਤੇ? ਸਮਾਂ ਆ ਗਿਆ ਹੈ ਕਿ ਮੁੱਖਧਾਰਾ ਆਪਣਾ ਪੱਧਰ ਉੱਚਾ ਚੁੱਕੇ ਤੇ ਲੋਕਾਂ ਨੂੰ ਲਾਮਬੰਦ ਕਰ ਕੇ ਗੁਆਚੀ ਜ਼ਮੀਨ ਮੁੜ ਹਾਸਿਲ ਕਰੇ। ਲੋਕਾਂ ਨੂੰ ਤੁਸੀਂ ਤਾਂ ਹੀ ਲਾਮਬੰਦ ਕਰ ਸਕਦੇ ਹੋ ਜੇ ਤੁਹਾਡੇ ਕੋਲ ਰਾਜ ਲਈ ਸੰਪੂਰਨ ਤੌਰ ’ਤੇ ਕੋਈ ਦ੍ਰਿਸ਼ਟੀਕੋਣ ਹੋਵੇ, ਅਜਿਹਾ ਦ੍ਰਿਸ਼ਟੀਕੋਣ ਜਿਸ ਵਿੱਚ ਹਰ ਪੱਧਰ ’ਤੇ ਸਾਰੇ ਨਾਗਰਿਕਾਂ ਦੇ ਯੋਜਨਾਬੱਧ ਵਿਕਾਸ ਲਈ ਖ਼ਾਕਾ ਹੋਵੇ।

## ਡੇਲਾਨੋ ਦੀ ਕਵਨਪ੍ਰੀਤ ਕੌਰ ਨੇ ਜਿੱਤਿਆ ਕਾਂਗਰੇਸ਼ਨਲ ਇੰਸਟੀਚਿਊਟ ਕਲਾਤਮਕ ਮੁਕਾਬਲਾ







ਕਾਂਗਰੇਸ਼ਨਲ ਇੰਸਟੀਚਿਊਟ ਕਲਾਤਮਕ ਪ੍ਰਤਿਭਾ ਨੂੰ ਪਛਾਨਣ ਅਤੇ ਉਤਸ਼ਾਹਿਤ ਕਰਨ ਲਈ ਪੂਰੇ ਮੁਲਕ ਦੇ ਹਾਈ ਸਕੂਲਾਂ ਦੇ ਵਿਦਿਆਰਥੀਆਂ ਲਈ ਇਕ ਕਲਾ ਮੁਕਾਬਲੇ ਨੂੰ ਸਪਾਂਸਰ ਕਰਦੀ ਹੈ। ਕੈਲੇਫੋਰਨੀਆ ਦੇ 22ਵੇਂ ਜ਼ਿਲ੍ਹੇ ਲਈ ਇਸ ਸਾਲ ਦੀ ਵਿਜੇਤਾ ਡੇਲਾਨੋ ਦੀ ਕਵਨਪ੍ਰੀਤ ਕੌਰ ਪੁੱਤਰੀ ਸ. ਮਨਮੀਤ ਸਿੰਘ ਸੱਗੂ ਹੈ ਜੋ ਉਸ ਦੀ ਕਲਾਕ੍ਰਿਤ ’ਕਿੱਡੂ ਅਤੇ ਮੀਚੀ’ ਲਈ ਜੇਤੂ ਚੁਣੀ ਗਈ ਹੈ। ਉਸਦੇ ਕੁੱਤੇ ਅਤੇ ਬਿੱਲੀ ਦੀ ਇਕ ਐਕ੍ਰੀਲਿਕ ਅਤੇ ਚਾਕ ਪੇਂਟਿੰਗ ਬਦਲੇ ਜੇਤੂ ਐਲਾਨਿਆ ਗਿਆ ਹੈ। ਕਾਂਗਰਸਮੈਨ ਡੇਵਿਡ ਵਾਲਾਦੋ ਵੱਲੋਂ ਇਹ ਇਨਾਮ ਵਾਸ਼ਿੰਗਟਨ ਡੀ. ਸੀ. ਵਿਖੇ ਜਾ ਕੇ ਦਿਵਾਇਆ। ਉਹਨਾਂ ਜੇਤੂ ਕਵਨਪ੍ਰੀਤ ਕੌਰ ਨੂੰ ਵਧਾਈ ਵੀ ਦਿੱਤੀ ਅਤੇ ਉਸ ਦੀ ਚੋਣ ਤੇ ਖੁਸ਼ੀ ਵੀ ਪ੍ਰਗਟ ਕੀਤੀ।ਇਹ ਪੇਂਟਿੰਗ ਹੁਣ ਕੈਪੀਟਲ ਹਿਲ ਵਿਖੇ ਟੰਗੀ ਜਾਵੇਗੀ।

## ’ਅੱਖੀਆਂ ਉਡੀਕਦੀਆਂ’ ਟੂਰ ਤਹਿਤ ਗੁਰਦਾਸ ਮਾਨ ਅਮਰੀਕਾ ਦੀ ਧਰਤੀ ’ਤੇ ਬਿਖੇਰਨਗੇ ਗੀਤ ਸੰਗੀਤ ਦੇ ਰੰਗ



ਸਾਨਫਰਾਂਸਿਸਕੋ- ਅੱਧੀ ਸਦੀ ਤੋਂ ਬਾਅਦ ਪੰਜਾਬ ਦੇ ਯੁੱਗ ਗਾਇਕ ਗੁਰਦਾਸ ਮਾਨ ਅਮਰੀਕਾ ਦੀ ਧਰਤੀ ’ਤੇ ਇਸ ਸਾਲ ਅਕਤੂਬਰ ਦੇ ਮਹੀਨੇ ਰੌਣਕਾਂ ਲਗਾਉਣ ਜਾ ਰਹੇ ਹਨ। ਬਾਲੀਵੁੱਡ ਈਵੈਂਟਸ ਦੇ ਬਿਕਰਮਜੀਤ ਸਿੰਘ ਬਿੱਟੂ ਨੇ ਦੱਸਿਆ ਕਿ ਗੁਰਦਾਸ ਮਾਨ ਦੇ ਇਸ ਟੂਰ ਦਾ ਨਾਂ ਵੀ ’ਅੱਖੀਆਂ ਉਡੀਕਦੀਆਂ’ ਰੱਖਿਆ ਗਿਆ ਹੈ ਕਿਉਂਕਿ ਲੰਮੇ ਅਰਸੇ ਤੋਂ ਬਾਅਦ ਅਮਰੀਕਾ ’ਚ ਗੁਰਦਾਸ ਮਾਨ ਨੂੰ ਵੇਖਣ ਅਤੇ ਸੁਣਨ ਦੀ ਉਤਸੁਕਤਾ ਨਾਲ ਉਡੀਕ ਕੀਤੀ ਜਾ ਰਹੀ ਸੀ। ਅਮਰੀਕਾ ਦੇ ਵੱਖ ਵੱਖ ਸ਼ਹਿਰਾਂ ਜਿਵੇਂ ਕਿ ਨਿਊਯਾਰਕ, ਨਿਊਜਰਸੀ, ਡੈਲਸ, ਬੇਕਰਸਫੀਲਡ, ਫਰਿਜ਼ਨੋ, ਸਟਾਕਟਨ, ਸੇਲਮ, ਸੈਨਹੋਜ਼ੇ ਤੇ ਸਿਆਟਲ ’ਚ ਗੁਰਦਾਸ ਮਾਨ ਆਪਣੇ ਨਵੇਂ ਪੁਰਾਣੇ ਗੀਤਾਂ ਨਾਲ ਰਵਾਇਤੀ ਪੇਸ਼ਕਾਰੀ ਵਾਂਗ ’ਅੱਖੀਆਂ ਉਡੀਕਦੀਆਂ’ ਸ਼ੋਆਂ ਰਾਹੀਂ ਆਪਣੇ ਸਰੋਤਿਆਂ ਦਾ ਮਨੋਰੰਜਨ ਕਰਨਗੇ। ਬਿੱਟੂ ਨੇ ਦੱਸਿਆ ਕਿ ਉਹ ਆਪਣੇ ਸਹਿਯੋਗੀ ਆਕਾਸ਼ ਸ਼ਰਮਾ ਅਤੇ ਪ੍ਰਵੀਨ ਸਿੰਘ ਨਾਲ ਮਿਲ ਕੇ ਇਹਨਾਂ ਸ਼ੋਆਂ ਨੂੰ ਨਿਵੇਕਲੇ ਢੰਗ ਨਾਲ ਸਰੋਤਿਆਂ ਤੱਕ ਲਿਆਉਣ ਦੇ ਯਤਨ ’ਚ ਲੱਗੇ ਹੋਏ ਹਨ। ਗੁਰਦਾਸ ਮਾਨ ਦੇ ਹਾਲ ਹੀ ਵਿਚ ਰਿਲੀਜ਼ ਗੀਤ ਜਿਸ ਵਿਚ ’ਚਿੰਤਾ ਨਾ ਕਰ ਯਾਰ’ ਨੂੰ ਵੀ ਭਰਵਾਂ ਹੁੰਗਾਰਾ ਮਿਲਣ ਕਰਕੇ ਉਸ ਪ੍ਰਤੀ ਸਰੋਤਿਆਂ ’ਚ ਪਿਆਰ ਹੋਰ ਵੀ ਵੱਡਾ ਹੋਇਆ ਹੈ।

# ਏਜੰਟਾਂ ਦੇ ਚੱਕਰ ਵਿਚ ਫਸੇ ਪੰਜਾਬੀ ਕਿਵੇਂ ਹੋ ਰਹੇ ਨੇ ਖੱਜਲ-ਖੁਆਰ

ਪੰਜਾਬ ਤੋਂ ਗ਼ੈਰ ਕਾਨੂੰਨੀ ਢੰਗ ਨਾਲ ਲੋਕਾਂ ਨੂੰ ਕੰਬੋਡੀਆ ਅਤੇ ਹੋਰ ਦੱਖਣੀ ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਭੇਜਣ ਦੇ ਇਲਜ਼ਾਮਾਂ ਤਹਿਤ 2 ਟਰੈਵਲ ਏਜੰਟਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਨ੍ਹਾਂ ਨੂੰ ਮਨੁੱਖੀ ਤਸਕਰੀ ਕਰਨ ਦੇ ਇਲਜ਼ਾਮਾਂ ਹੇਠ ਪੰਜਾਬ ਪੁਲਿਸ ਦੀ ਸਾਈਬਰ ਕ੍ਰਾਈਮ ਡਿਵੀਜ਼ਨ ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਹੈ। ਗ੍ਰਿਫ਼ਤਾਰ ਕੀਤੇ ਗਏ ਇਨ੍ਹਾਂ ਵਿਅਕਤੀਆਂ ਦੀ ਪਛਾਣ ਅਮਰਜੀਤ ਸਿੰਘ ਤੇ ਉਸ ਦੇ ਸਾਥੀ ਗੁਰਜੋਧ ਸਿੰਘ ਵਜੋਂ ਹੋਈ ਹੈ। ਅਮਰਜੀਤ ਸਿੰਘ ਮੋਹਾਲੀ 'ਚ ਸਥਿਤ ਵੀਜ਼ਾ ਪੈਲੇਸ ਇਮੀਗ੍ਰੇਸ਼ਨ ਦਾ ਮਾਲਕ ਹੈ। ਪੰਜਾਬ ਪੁਲਿਸ ਦਾ ਦਾਅਵਾ ਹੈ ਕਿ ਇਨ੍ਹਾਂ ਨੇ ਕਈ ਵਿਅਕਤੀਆਂ ਨੂੰ ਧੋਖੇ ਨਾਲ ਕੰਬੋਡੀਆ ਭੇਜਿਆ ਸੀ, ਜਿੱਥੇ ਹੁਣ ਉਹ ਜ਼ਬਰਦਸਤੀ 'ਸਾਈਬਰ ਗੁਲਾਮੀ ਵਿੱਚ ਫਸੇ ਹੋਏ ਹਨ। ਇੱਕ ਪੀੜਤ ਵਿਅਕਤੀ ਦੇ ਬਿਆਨ ਦੇ ਅਧਾਰ 'ਤੇ ਸੂਬੇ ਦੇ ਸਾਈਬਰ ਕ੍ਰਾਈਮ ਪੁਲਿਸ ਸਟੇਸ਼ਨ ਨੇ ਐਫਆਈਆਰ ਦਰਜ ਕਰਕੇ ਇਸ ਸਬੰਧੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਨ੍ਹਾਂ ਦੋ ਏਜੰਟਾਂ ਖਿਲਾਫ਼ ਆਈਪੀਸੀ ਦੀ ਧਾਰਾ 370, 406, 420 ਅਤੇ 120-ਬੀ ਅਤੇ ਇਮੀਗ੍ਰੇਸ਼ਨ ਐਕਟ ਦੀ ਧਾਰਾ 24 ਦੇ ਤਹਿਤ ਮਾਮਲਾ ਦਰਜ ਹੋ ਚੁਕਿਆ ਹੈ।

ਇਨ੍ਹਾਂ ਏਜੰਟਾਂ ਵੱਲੋਂ ਕੀਤੀ ਗਈ ਕਥਿਤ ਧੋਖਾਧੜੀ ਅਤੇ ਇਨ੍ਹਾਂ ਦੀ ਗ੍ਰਿਫ਼ਤਾਰੀ ਬਾਰੇ ਜਾਣਕਾਰੀ ਪੰਜਾਬ ਦੇ ਡਾਇਰੈਕਟਰ ਜਨਰਲ ਆਫ਼ ਪੁਲਿਸ (ਡੀਜੀਪੀ) ਗੌਰਵ ਯਾਦਵ ਵੱਲੋਂ ਬੁੱਧਵਾਰ ਨੂੰ ਦਿੱਤੀ ਗਈ। ਕਿਹੜੇ ਨੌਜਵਾਨ ਤਸਕਰਾਂ ਦੇ ਨਿਸ਼ਾਨੇ ਉੱਤੇ ਹੁੰਦੇ ਹਨ। ਬੀਤੇ ਕੁਝ ਸਾਲਾਂ ਵਿਚ ਅਜਿਹੇ ਮਾਮਲੇ ਸਾਹਮਣੇ ਆਏ ਹਨ ਜਦੋਂ ਨੌਜਵਾਨਾਂ ਨੂੰ ਨੌਕਰੀਆਂ ਦਾ ਝਾਂਸਾ ਦੇ ਕੇ ਮਨੁੱਖੀ ਤਸਕਰ ਦੱਖਣੀ ਏਸ਼ੀਆਈ ਦੇਸ਼ਾਂ ਜਿਵੇਂ ਇੰਡੋਨੇਸ਼ੀਆ, ਵੀਅਤਨਾਮ, ਮਲੇਸ਼ੀਆ, ਹਾਂਗਕਾਂਗ, ਅਤੇ ਤਾਈਵਾਨ ਵਿੱਚ ਭੇਜ ਦਿੰਦੇ ਹਨ। ਉਨ੍ਹਾਂ ਨੂੰ ਚੰਗੀਆਂ ਤਨਖ਼ਾਹਾਂ ਦਾ ਲਾਲਚ ਦਿੱਤਾ ਜਾਂਦਾ ਹੈ। ਨੌਜਵਾਨ ਜਿਵੇਂ ਹੀ ਇਨ੍ਹਾਂ ਦੇਸਾਂ ਵਿੱਚ ਪਹੁੰਚਦੇ ਹਨ ਤਾਂ ਉਨ੍ਹਾਂ ਨੂੰ ਕੈਦ ਕਰ ਲਿਆ ਜਾਂਦਾ ਹੈ ਤੇ ਆਨਲਾਈਨ ਸਕੈਮ ਸੈਂਟਰਾਂ ਵਿੱਚ ਜਬਰੀ ਕੰਮ ਕਰਵਾਇਆ ਜਾਂਦਾ ਹੈ। ਇਨ੍ਹਾਂ ਸੈਂਟਰਾਂ ਨੂੰ ਫਰਾਡ ਫੈਕਟਰੀਆਂ ਕਿਹਾ ਜਾਂਦਾ ਹੈ। ਇਨ੍ਹਾਂ ਦੇ ਟਾਰਗੇਟ ਉਹ ਨੌਜਵਾਨ ਹੁੰਦੇ ਹਨ ਜੋ ਪੜ੍ਹੇ-ਲਿਖੇ ਹੁੰਦੇ ਤੇ ਕੰਪਿਊਟਰ ਚਲਾਉਣਾ ਜਾਣਦੇ ਹਨ। ਮਾਰਚ 2024 ਵਿੱਚ ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਆਈਟੀ ਅਤੇ ਇੰਡੀਅਨ ਸਾਇਬਰ ਕਰਾਇਮ ਨੂੰ ਡੀਲ ਕਰਨ ਵਾਲੀਆਂ ਏਜੰਸੀਆਂ ਨਾਲ ਬੈਠਕ ਕੀਤੀ ਸੀ। ਜਿਸ ਵਿੱਚ ਪਿਛਲੇ 6 ਮਹੀਨੇ ਦੌਰਾਨ 5 ਹਜਾਰ ਭਾਰਤੀਆਂ ਦੇ ਕੰਬੋਡੀਆ ਵਿੱਚ ਫਸਣ ਦੀ ਜਾਣਕਾਰੀ ਸਾਂਝੀ ਕੀਤੀ ਗਈ ਸੀ।

### ਕਿਵੇਂ ਲੋਕਾਂ ਨੂੰ ਝਾਂਸਾ ਦੇ ਕੇ ਵਿਦੇਸ਼ ਭੇਜਦੇ ਏਜੰਟ

ਪੰਜਾਬ ਦੇ ਲੋਕਾਂ ਅੰਦਰ ਵਿਦੇਸ਼ ਜਾਣ ਦਾ ਰੁਝਾਨ ਕਾਫ਼ੀ ਜ਼ਿਆਦਾ ਦੇਖਿਆ ਜਾਂਦਾ ਹੈ। ਵਿਦੇਸ਼ ਜਾ ਕੇ ਆਪਣਾ ਭਵਿੱਖ ਸਵਾਰਨ ਲਈ ਏਜੰਟਾਂ ਵੱਲੋਂ ਇਨ੍ਹਾਂ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਅਤੇ ਲਾਲਚ ਦਿੱਤੇ ਜਾਂਦੇ ਹਨ। ਪਰ ਇਸ ਦੇ ਨਾਲ ਹੀ ਕੁਝ ਫ਼ਰਜ਼ੀ ਏਜੰਟਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਝਾਂਸੇ 'ਚ ਲੈ ਕੇ, ਲੱਖਾਂ ਰੁਪਏ ਠੱਗ ਕੇ, ਵਿਦੇਸ਼ ਭੇਜਣ ਦੇ ਮਾਮਲੇ ਸਾਹਮਣੇ ਆਉਣਾ ਵੀ ਕੋਈ ਨਵੀਂ ਗੱਲ ਨਹੀਂ ਹੈ। ਪੰਜਾਬ ਪੁਲਿਸ ਦੇ ਡੀਜੀਪੀ ਮੁਤਾਬਕ ਧੋਖੇ ਨਾਲ ਕੰਬੋਡੀਆ ਭੇਜੇ ਗਏ ਪੰਜਾਬੀਆਂ ਵਿੱਚੋਂ ਇੱਕ ਪੀੜਤ ਕੰਬੋਡੀਆ ਵਿਚਲੇ ਭਾਰਤੀ ਦੂਤਾਵਾਸ ਦੇ ਸੰਪਰਕ ਵਿੱਚ ਆਉਣ ਮਗਰੋਂ ਉਥੋਂ ਭੱਜਣ ਵਿੱਚ ਕਾਮਯਾਬ ਰਿਹਾ।




ਪੰਜਾਬ ਦੇ ਲੋਕਾਂ ਅੰਦਰ ਵਿਦੇਸ਼ ਜਾਣ ਦਾ ਰੁਝਾਨ ਕਾਫ਼ੀ ਜ਼ਿਆਦਾ ਦੇਖਿਆ ਜਾਂਦਾ ਹੈ। ਵਿਦੇਸ਼ ਜਾ ਕੇ ਆਪਣਾ ਭਵਿੱਖ ਸਵਾਰਨ ਲਈ ਏਜੰਟਾਂ ਵੱਲੋਂ ਇਨ੍ਹਾਂ ਲੋਕਾਂ ਨਾਲ ਕਈ ਤਰ੍ਹਾਂ ਦੇ ਵਾਅਦੇ ਅਤੇ ਲਾਲਚ ਦਿੱਤੇ ਜਾਂਦੇ ਹਨ। ਪਰ ਇਸ ਦੇ ਨਾਲ ਹੀ ਕੁਝ ਫ਼ਰਜ਼ੀ ਏਜੰਟਾਂ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਝਾਂਸੇ 'ਚ ਲੈ ਕੇ, ਲੱਖਾਂ ਰੁਪਏ ਠੱਗ ਕੇ, ਵਿਦੇਸ਼ ਭੇਜਣ ਦੇ ਮਾਮਲੇ ਸਾਹਮਣੇ ਆਉਣਾ ਵੀ ਕੋਈ ਨਵੀਂ ਗੱਲ ਨਹੀਂ ਹੈ।

ਡੀਜੀਪੀ ਨੇ ਦੱਸਿਆ ਕਿ ਭੱਜਣ ਵਿੱਚ ਕਾਮਯਾਬ ਹੋਏ ਵਿਅਕਤੀ ਨੇ ਪੁਲਿਸ ਨੂੰ ਦਿੱਤੇ ਬਿਆਨ ਵਿੱਚ ਕਿਹਾ ਕਿ ਠੱਗ ਟਰੈਵਲ ਏਜੰਟ ਡਾਟਾ ਐਂਟਰੀ ਦੀਆਂ ਨੌਕਰੀਆਂ ਦਾ ਲਾਲਚ ਦੇ ਕੇ ਭੋਲੇ-ਭਾਲੇ ਪੰਜਾਬੀ ਲੋਕਾਂ ਨੂੰ ਕੰਬੋਡੀਆ ਭੇਜ ਰਹੇ ਸਨ। ਡੀਜੀਪੀ ਨੇ ਦੱਸਿਆ, "ਕੰਬੋਡੀਆ ਦੇ ਸਿਆਮ ਰੀਪ ਪਹੁੰਚਣ 'ਤੇ ਹੀ ਉਨ੍ਹਾਂ ਦੇ ਪਾਸਪੋਰਟ ਖੋਹ ਲਏ ਜਾਂਦੇ ਸਨ।" "ਫਿਰ ਵਿੱਤੀ ਸਾਈਬਰ ਧੋਖਾਧੜੀ ਕਰਨ ਲਈ ਭਾਰਤੀ ਲੋਕਾਂ ਨੂੰ ਨਿਸ਼ਾਨਾ ਬਣਾਉਣ ਲਈ ਉਨ੍ਹਾਂ ਨੂੰ ਤਸੀਹੇ ਦੇ ਕੇ ਸਾਈਬਰ ਸਕੈਮਿੰਗ ਕਾਲ ਸੈਂਟਰਾਂ ਵਿੱਚ ਕੰਮ ਕਰਨ ਨੂੰ ਮਜਬੂਰ ਕੀਤਾ ਜਾਂਦਾ ਸੀ।" ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਮੁੱਢਲੀ ਜਾਂਚ ਤੋਂ ਇਹ ਪਤਾ ਲੱਗਿਆ ਕਿ ਮੁਲਜ਼ਮਾਂ ਨੇ ਧੋਖਾਧੜੀ ਨਾਲ ਕੰਬੋਡੀਆ ਅਤੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਕਈ ਲੋਕਾਂ ਨੂੰ ਭੇਜਿਆ ਹੈ। ਉਥੇ ਉਨ੍ਹਾਂ ਨੂੰ ਜ਼ਬਰਦਸਤੀ ਭਾਰਤੀਆਂ ਨੂੰ ਸਾਈਬਰ ਸਕੈਮਿੰਗ ਵਿੱਚ ਫਸਾਉਣ ਵਾਲੇ ਕੇਂਦਰਾਂ ਵਿੱਚ ਕੰਮ ਕਰਨ ਲਈ ਮਜਬੂਰ ਕੀਤਾ ਜਾਂਦਾ ਹੈ।

ਉਨ੍ਹਾਂ ਅੱਗੇ ਦੱਸਿਆ ਕਿ ਸਾਈਬਰ ਗੁਲਾਮੀ ਵਿੱਚ ਫਸੇ ਇਨ੍ਹਾਂ ਵਿਅਕਤੀਆਂ ਦੇ ਵੇਰਵੇ ਅਤੇ ਸੰਪਰਕ ਪ੍ਰਾਪਤ ਕਰ ਲਏ ਗਏ ਹਨ ਅਤੇ ਉਨ੍ਹਾਂ ਦੇ ਪਰਿਵਾਰਾਂ ਨਾਲ ਵੀ ਸੰਪਰਕ ਕੀਤਾ ਜਾ ਰਿਹਾ ਹੈ।

### ਸਾਈਬਰ ਕ੍ਰਾਈਮ ਡਵੀਜ਼ਨ ਨੇ ਕੀ ਕਿਹਾ

ਇਸ ਮਾਮਲੇ ਬਾਰੇ ਗੱਲ ਕਰਦਿਆਂ ਏਡੀਜੀਪੀ ਸਾਈਬਰ ਕ੍ਰਾਈਮ ਡਿਵੀਜ਼ਨ ਵੀ. ਨੀਰਜਾ ਨੇ ਦੱਸਿਆ ਕਿ ਸੂਬੇ ਦੀਆਂ ਸਾਈਬਰ ਕ੍ਰਾਈਮ ਦੀਆਂ ਟੀਮਾਂ ਨੇ ਮੋਹਾਲੀ ਸਥਿਤ ਵੀਜ਼ਾ ਪੈਲੇਸ ਇਮੀਗ੍ਰੇਸ਼ਨ ਦਫ਼ਤਰ 'ਤੇ ਛਾਪੇਮਾਰੀ ਕੀਤੀ ਅਤੇ ਦੋਵਾਂ ਮੁਲਜ਼ਮਾਂ, ਅਮਰਜੀਤ ਸਿੰਘ ਤੇ ਉਸ ਦੇ ਸਾਥੀ ਗੁਰਜੋਧ ਸਿੰਘ ਨੂੰ ਗ੍ਰਿਫਤਾਰ ਕਰ ਲਿਆ ਹੈ। ਉਨ੍ਹਾਂ ਦੱਸਿਆ ਕਿ ਮੁਲਜ਼ਮਾਂ ਵੱਲੋਂ ਇਹ ਵੀ ਖੁਲਾਸਾ ਕੀਤਾ ਹੈ ਕਿ ਉਹ ਵੱਖ-ਵੱਖ ਸੂਬਿਆਂ ਦੇ ਏਜੰਟਾਂ ਨਾਲ ਮਿਲੇ ਹੋਏ ਸਨ ਅਤੇ ਕਈ ਤਰ੍ਹਾਂ ਦੀਆਂ ਗੈਰ-ਕਾਨੂੰਨੀ ਸਰਗਰਮੀਆਂ ਵਿੱਚ ਸ਼ਾਮਲ ਸਨ। ਏਡੀਜੀਪੀ ਨੇ ਕਿਹਾ ਕਿ ਅਜਿਹੇ ਹੋਰ ਟਰੈਵਲ ਏਜੰਟਾਂ ਅਤੇ ਉਨ੍ਹਾਂ ਦੇ ਸਾਥੀਆਂ ਦੀ ਪਛਾਣ ਕਰਨ ਲਈ ਜਾਂਚ ਕੀਤੀ ਜਾ ਰਹੀ ਹੈ। ਏਡੀਜੀਪੀ ਵੀ. ਨੀਰਜਾ ਨੇ ਲੋਕਾਂ ਨੂੰ ਅਜਿਹੀਆਂ ਧੋਖੇਧੜੀਆਂ ਪ੍ਰਤੀ ਸੁਚੇਤ ਰਹਿਣ ਲਈ ਵੀ ਆਖਿਆ। ਉਨ੍ਹਾਂ ਕਿਹਾ ਕਿ ਨਾਗਰਿਕ ਅਜਿਹੀਆਂ ਫਰਜ਼ੀ ਇਮੀਗ੍ਰੇਸ਼ਨ ਗਤੀਵਿਧੀਆਂ ਤੋਂ ਸੁਚੇਤ ਰਹਿਣ ਅਤੇ ਵਿਦੇਸ਼ਾਂ, ਖਾਸ ਕਰਕੇ ਦੱਖਣੀ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਨੌਕਰੀਆਂ ਦਾ ਲਾਲਚ ਦੇਣ ਵਾਲੇ ਟਰੈਵਲ ਏਜੰਟਾਂ ਦੇ ਝੂਠੇ ਲਾਰਿਆਂ ਦਾ ਸ਼ਿਕਾਰ ਨਾ ਬਣਨ। ਉਨ੍ਹਾਂ ਨੇ ਲੋਕਾਂ ਨੂੰ ਸਲਾਹ ਦਿੱਤੀ ਕਿ ਨੌਕਰੀ ਦੇਣ ਵਾਲੇ ਦੇ ਪਿਛੋਕੜ ਦੀ ਚੰਗੀ ਤਰ੍ਹਾਂ ਜਾਂਚ ਕੀਤੀ ਜਾਵੇ, ਖਾਸ ਤੌਰ 'ਤੇ ਜਦੋਂ ਤੁਹਾਨੂੰ 'ਡਾਟਾ ਐਂਟਰੀ ਆਪਰੇਟਰ' ਦੀ ਨੌਕਰੀ ਦੀ ਪੇਸ਼ਕਸ਼ ਕੀਤੀ ਜਾਂਦੀ ਹੈ। ਉਨ੍ਹਾਂ ਅੱਗੇ ਲੋਕਾਂ ਨੂੰ ਕੋਈ ਵੀ ਗੈਰ-ਕਾਨੂੰਨੀ ਸਾਈਬਰ ਗਤੀਵਿਧੀਆਂ ਵਿੱਚ ਸ਼ਾਮਲ ਨਾ ਹੋਣ ਅਤੇ ਪੀੜਤ ਭਾਰਤੀ ਦੂਤਾਵਾਸ ਤੱਕ ਪਹੁੰਚ ਕਰਨ।

### ਠੱਗੀ ਤੋਂ ਕਿਵੇਂ ਬਚੀਏ?

ਭਾਰਤ ਸਰਕਾਰ ਵੱਲੋਂ ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਇੱਕ ਨਵੀਂ ਸੇਵਾ ਦੀ ਸ਼ੁਰੂਆਤ ਕੀਤੀ ਜਾ ਰਹੀ ਹੈ। ਭਾਰਤੀ ਵਿਦੇਸ਼ ਮੰਤਰਾਲੇ ਨੇ ਰੁਜ਼ਗਾਰ ਲਈ ਵਿਦੇਸ਼ ਜਾਣ ਵਾਲੇ ਵਿਅਕਤੀਆਂ ਨੂੰ ਲੋੜੀਂਦੀਆਂ ਸਹਾਇਤਾ ਸੇਵਾਵਾਂ ਪ੍ਰਦਾਨ ਕਰਨ ਲਈ ਇੱਕ ਸਿੰਗਲ-ਵਿੰਡੋ ਸੁਵਿਧਾ ਕੇਂਦਰ ਵਜੋਂ ਓਵਰਸੀਜ਼ ਵਰਕਰਜ਼ ਰਿਸੋਰਸ ਸੈਂਟਰ (OWRC) ਦੀ ਸਥਾਪਨਾ ਵੀ ਕੀਤੀ ਹੈ। ਓਵਰਸੀਜ਼ ਵਰਕਰਜ਼ ਰਿਸੋਰਸ ਸੈਂਟਰ ਇੱਕ 24/7 ਹੈਲਪਲਾਈਨ (1800113090) ਦਾ ਸੰਚਾਲਨ ਕਰ ਰਿਹਾ ਹੈ ਤਾਂ ਜੋ ਪਰਵਾਸੀਆਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਇੱਕ ਟੋਲ ਫਰੀ ਨੰਬਰ ਰਾਹੀਂ ਲੋੜ ਅਧਾਰਤ ਜਾਣਕਾਰੀ ਮੁਹਈਆ ਕਰਵਾਈ ਜਾ ਸਕੇ। ਜੇਕਰ ਪੰਜਾਬ ਦਾ ਕੋਈ ਹੋਰ ਨਾਗਰਿਕ ਵੀ ਇਸ ਕਥਿਤ ਘੁਟਾਲੇ ਦਾ ਸ਼ਿਕਾਰ ਹੋਇਆ ਹੈ, ਤਾਂ ਉਹ ਸਟੇਟ ਸਾਈਬਰ ਕ੍ਰਾਈਮ ਡਵੀਜ਼ਨ, ਪੰਜਾਬ ਹੈਲਪਲਾਈਨ ਨੰ। 0172-2226258 'ਤੇ ਸੰਪਰਕ ਕਰ ਸਕਦਾ ਹੈ।







# 'ਨਸ਼ਿਆਂ ਦੀ ਸਮੱਸਿਆ' ਨਾਲ ਜੂਝ ਰਹੇ ਪਿੰਡ ਨੇ ਖ਼ੁਦ ਤੋੜਿਆ ਨਸ਼ੇ ਦੇ ਨੈਟਵਰਕ

ਹਰਿਆਣਾ ਦੇ ਜੀਂਦ ਦਾ ਪਿੰਡ ਅਸ਼ਰਫ਼ਗੜ੍ਹ ਕਦੇ ਇਲਾਕੇ ਵਿੱਚ ਨਸ਼ੇ ਦੇ ਕਾਰੋਬਾਰ ਲਈ ਜਾਣਿਆ ਜਾਂਦਾ ਸੀ। ਇਲਾਕਾ ਵਾਸੀਆਂ ਦਾ ਦਾਅਵਾ ਸੀ ਕਿ ਇਥੇ ਮਰਦ ਹੀ ਨਹੀਂ ਔਰਤਾਂ ਵੀ ਨਸ਼ੇ ਦੇ ਕਾਰੋਬਾਰ ਵਿੱਚ ਬਰਾਬਰ ਦੀਆਂ ਸ਼ਾਮਲ ਸਨ। ਪਰ ਪਿੰਡ ਦੇ ਨੌਜਵਾਨਾਂ ਤੇ ਔਰਤਾਂ ਨੇ ਹੀ ਪਿੰਡ ਦਾ ਸੂਰਤੇਹਾਲ ਬਦਲਿਆ। ਦੋਵਾਂ ਨੇ ਨਸ਼ਾ ਤਸਕਰਾਂ ਉੱਤੇ ਨਿਗ੍ਹਾ ਰੱਖਣੀ ਸ਼ੁਰੂ ਕੀਤੀ ਤੇ ਪੰਚਾਇਤ ਨੇ ਵੀ ਇਸ ਵਿੱਚ ਉਨ੍ਹਾਂ ਦਾ ਸਾਥ ਦਿੱਤਾ ਤੇ ਪੁਲਿਸ ਪ੍ਰਸ਼ਾਸਨ ਵੀ ਮਦਦ ਤੋਂ ਪਿੱਛੇ ਨਹੀਂ ਹਟੇ।



**ਪਿੰਡ ਦੀ ਰਹਿਣ ਵਾਲੀ ਕਰੀਬ 45 ਸਾਲਾਂ ਦੀ ਮੰਜੇਸ਼ ਦੇਵੀ ਦਾ ਕਹਿਣਾ ਹੈ ਕਿ ਇਸ ਮੁਹਿੰਮ ਦੀ ਕਾਮਯਾਬੀ ਇੰਨੀ ਸੌਖੀ ਇਸ ਲਈ ਨਹੀਂ ਸੀ ਕਿਉਂਕਿ ਨਸ਼ਿਆ ਦੇ ਕਾਰੋਬਾਰ ਵਿੱਚ ਜ਼ਿਆਦਾਤਰ ਔਰਤਾਂ ਸ਼ਾਮਲ ਸਨ। ਉਹ ਦੱਸਦੇ ਹਨ, "ਮੇਰਾ ਪਤੀ ਵੀ ਨਸ਼ੇ ਦਾ ਆਦੀ ਹੋ ਗਿਆ ਸੀ ਅਤੇ ਮੇਰੇ ਘਰ ਦਾ ਬਹੁਤ ਨੁਕਸਾਨ ਹੋ ਗਿਆ ਸੀ, ਫਿਰ ਮੈਨੂੰ ਨਸ਼ਿਆਂ ਦੇ ਮਾੜੇ ਪਾਸੇ ਬਾਰੇ ਪਤਾ ਲੱਗਾ।" "ਇਸ ਲਈ ਮੈਂ ਪਿੰਡ ਦੇ ਨੌਜਵਾਨਾਂ ਦੀ ਟੀਮ ਦੇ ਨਾਲ-ਨਾਲ ਇੱਕ ਹੋਰ ਟੀਮ ਬਣਾਈ ਔਰਤਾਂ ਦੀ। ਸਾਡੀ ਔਰਤਾਂ ਦੀ ਟੀਮ ਨਸ਼ੇ ਵੇਚਣ ਵਾਲੀਆਂ ਔਰਤਾਂ 'ਤੇ ਵੀ ਸ਼ਿਕੰਜਾ ਕੱਸਿਆ ਜਾ ਸਕਦਾ ਸੀ।"**

ਇਸ ਪਿੰਡ ਦੀ ਆਬਾਦੀ ਸੱਤ ਹਜ਼ਾਰ ਦੇ ਕਰੀਬ ਹੈ ਅਤੇ ਇਸ ਵਿੱਚ ਬਹੁਤੇ ਸਿੱਖ ਅਤੇ ਯਾਦਵ ਪਰਿਵਾਰ ਰਹਿੰਦੇ ਹਨ ਪਰ ਪਿੰਡ ਵਿੱਚ ਹੋਰ ਭਾਈਚਾਰਿਆਂ ਦੇ ਲੋਕ ਵੀ ਰਹਿੰਦੇ ਹਨ। ਪਿੰਡ ਦੇ ਨਸ਼ਿਆਂ ਦਾ ਗੜ੍ਹ ਬਣਨ ਬਾਰੇ ਸ਼ਹੀਦ ਭਗਤ ਸਿੰਘ ਕਲੱਬ ਦੇ ਮੁਖੀ ਗੁਰਜੋਤ ਸਿੰਘ ਸੰਧੂ ਕਹਿੰਦੇ ਹਨ ਕਿ, "ਕਰੋਨਾ ਤੋਂ ਬਾਅਦ ਬਹੁਤ ਸਾਰੇ ਲੋਕਾਂ ਦੀ ਨੌਕਰੀ ਚਲੀ ਗਈ ਤੇ ਲੋਕ ਬੇਰੁਜ਼ਗਾਰੀ ਤੇ ਆਰਥਿਕ ਤੰਗੀ ਨਾਲ ਜੂਝ ਰਹੇ ਸਨ।"

ਗੁਰਜੋਤ ਸਿੰਘ ਸੰਧੂ ਨਸ਼ਿਆ ਖ਼ਿਲਾਫ਼ ਸਮਾਜਿਕ ਮੁਹਿੰਮ ਦਾ ਹਿੱਸਾ ਹਨ, ਉਨ੍ਹਾਂ ਦਾ ਕਹਿਣਾ ਹੈ, "ਇਹ ਇੱਕ ਕਾਰਨ ਬਣਿਆ ਕਿ ਲੋਕ ਗ਼ੈਰ-ਕਾਨੂੰਨੀ ਨਸ਼ੇ ਕਰਨ ਲਈ ਮਜਬੂਰ ਹੋ ਗਏ। ਤੇ ਇਸੇ ਤੋਂ ਅੱਗੇ ਇਸ ਦਾ ਕਾਰੋਬਾਰ ਵੱਧਣ ਲੱਗਿਆ।" ਉਹ ਦਾਅਵਾ ਕਰਦੇ ਹਨ ਕਿ, "ਹਾਲਾਤ ਇਹ ਸਨ ਕਿ ਰਾਤ ਸਮੇਂ ਪਿੰਡ ਵਿੱਚ ਹੋਰ ਥਾਵਾਂ ਤੋਂ ਵੀ ਲੋਕ ਨਸ਼ੇ ਲੈਣ ਲਈ ਆਉਂਦੇ ਸਨ।" "ਹੌਲੀ-ਹੌਲੀ ਪਿੰਡ ਦੇ ਹੋਰ ਨੌਜਵਾਨ ਵੀ ਨਸ਼ੇ ਅਤੇ ਲੜਾਈ-ਝਗੜੇ ਦੇ ਆਦੀ ਹੋ ਗਏ, ਪਿੰਡ ਵਿੱਚ ਚੋਰੀਆਂ ਵਧਣ ਲੱਗੀਆਂ ਅਤੇ ਨਵੇਂ ਮੁੰਡੇ ਵੱਡੀਆਂ ਕਾਰਾਂ ਲਿਆਉਣ ਲੱਗ ਪਏ।" "ਪਿੰਡ ਵਿੱਚ ਮਰਦ ਤਾਂ ਨਸ਼ੇ ਦਾ ਕੰਮ ਕਰਦੇ ਹੀ ਸਨ, ਕਈ ਔਰਤਾਂ ਵੀ ਇਸ ਗ਼ੈਰ-ਕਾਨੂੰਨੀ ਕਾਰੋਬਾਰ ਵਿੱਚ ਸ਼ਾਮਲ ਹੋ ਗਈਆਂ।" ਸੰਧੂ ਦੱਸਦੇ ਹਨ ਕਿ, "ਇੱਕ ਦਿਨ ਪਿੰਡ ਦੇ ਮੁਖੀਆਂ ਨੇ ਬੈਠ ਕੇ ਫ਼ੈਸਲਾ ਕੀਤਾ ਕਿ ਬਦਲਾਅ ਦੀ ਲੋੜ ਹੈ। ਕਿਉਂਕਿ ਜੇ ਅਜਿਹਾ ਨਾ ਹੋਇਆ ਤਾਂ ਪਿੰਡ ਦੀ ਤਬਾਹੀ ਨੂੰ ਰੋਕਣਾ ਨਾਮੁਮਕਿਨ ਹੋ ਜਾਂਦਾ।"

### ਤਸਵੀਰ ਬਦਲੀ ਕਿਵੇਂ?

ਪਿੰਡ ਦੇ ਸਰਪੰਚ ਰਾਮ ਪ੍ਰਸਾਦ ਜੋ ਕਈ ਸਾਲ ਦੁਬਈ ਵਿੱਚ ਰਹਿ ਕੇ ਵਾਪਸ ਪਰਤੇ ਹਨ, ਦਾ ਕਹਿਣਾ ਸੀ ਕਿ ਉਹ ਪਿੰਡ ਦੀ ਭਲਾਈ ਲਈ ਵਾਪਸ ਆਏ ਸਨ ਤੇ ਸਮਾਜ ਸੇਵਾ ਦੇ ਕੰਮ ਕਰਨਾ ਚਾਹੁੰਦੇ ਸਨ। ਉਹ ਦੱਸਦੇ ਹਨ,"ਇੱਕ ਦਿਨ ਪਿੰਡ ਦੇ ਕਈ ਮੋਹਤਬਰ ਬੰਦੇ ਮੇਰੇ ਕੋਲ ਆਏ। ਉਨ੍ਹਾਂ ਨੇ ਸਮੱਸਿਆ ਦੱਸੀ ਤੇ ਪਿੰਡ ਦੇ ਯੂਥ ਕਲੱਬ ਦੇ ਮੈਂਬਰਾਂ ਨੇ ਕਿਹਾ ਕਿ ਜੇ ਪਿੰਡ ਵਿੱਚ ਸੀਸੀਟੀਵੀ ਕੈਮਰੇ ਲਗਾਏ ਜਾਣ ਤਾਂ ਨਸ਼ਾ ਵੇਚਣ ਅਤੇ ਖਰੀਦਣ ਵਾਲਿਆਂ ਦੀ ਪਹਿਚਾਣ ਕੀਤੀ ਜਾ ਸਕੇਗੀ ਅਤੇ ਬਾਹਰੋਂ ਆਉਣ ਵਾਲੇ ਲੋਕਾਂ ਨੂੰ ਕਾਬੂ ਕਰਨਾ ਵੀ ਸੰਭਵ ਹੋ ਸਕੇਗਾ।" "ਇਸ ਤੋਂ ਬਾਅਦ ਮਿਲ ਕੇ ਸਾਰੇ ਮੁੱਖ ਚੌਕਾਂ ਵਿੱਚ ਸੀਸੀਟੀਵੀ ਕੈਮਰੇ ਲਗਾਏ ਗਏ ਅਤੇ ਇਸ ਦਾ ਕੰਟਰੋਲ ਪਿੰਡ ਦੇ ਯੂਥ ਕਲੱਬ ਦੀ 21 ਮੈਂਬਰੀ ਕਮੇਟੀ ਨੂੰ ਦੇ ਦਿੱਤਾ ਗਿਆ।" ਉਹ ਦੱਸਦੇ ਹਨ, "ਅਸੀਂ ਪਿੰਡ ਵਿੱਚ ਹੀ ਇੱਕ ਬੈਨਰ ਵੀ ਲਟਕਾਇਆ ਹੈ ਕਿ ਜੇਕਰ ਕੋਈ ਪਿੰਡ ਵਿੱਚ ਨਸ਼ਾ ਵੇਚਦਾ ਜਾਂ ਖਰੀਦਦਾ ਫੜਿਆ ਗਿਆ ਤਾਂ ਉਸ 'ਤੇ ਵਿੱਤੀ ਜ਼ੁਰਮਾਨਾ ਲਗਾਇਆ ਜਾਵੇਗਾ ਅਤੇ ਪੁਲਿਸ ਕਾਰਵਾਈ ਕੀਤੀ ਜਾਵੇਗੀ।" ਰਾਮ ਪ੍ਰਸਾਦ ਦੱਸਦੇ ਹਨ ਕਿ, "ਪਹਿਲਾਂ ਤਾਂ ਪਿੰਡ ਦੇ ਲੋਕਾਂ ਨੇ ਸਾਡਾ ਵਿਰੋਧ ਕੀਤਾ ਪਰ ਨੌਜਵਾਨਾਂ ਨੇ ਨਸ਼ਿਆਂ ਦੇ ਵਿਰੁੱਧ ਸਾਡਾ ਸਾਥ ਦਿੱਤਾ।" "ਪੰਚਾਇਤ ਤੇ ਨੌਜਵਾਨ ਪੁਲਿਸ ਅਤੇ ਪ੍ਰਸ਼ਾਸਨ ਦੀ ਮਦਦ ਨਾਲ ਅਜਿਹੇ ਲੋਕਾਂ ਦੀ ਸ਼ਨਾਖਤ ਕਰਕੇ ਉਨ੍ਹਾਂ ਖ਼ਿਲਾਫ਼ ਕਾਰਵਾਈ ਕੀਤੀ ਗਈ।"

"ਜੇ ਕਿਤੇ ਨਸ਼ਿਆ ਦਾ ਕੋਈ ਲੈਣ-ਦੇਣ ਹੁੰਦਾ ਤਾਂ ਪਿੰਡ ਵਾਸੀ ਉਸੇ ਵੇਲੇ ਪੁਲਿਸ ਨੂੰ ਬੁਲਾ ਕੇ ਛਾਪੇਮਾਰੀ ਕਰਵਾਉਂਦੇ, ਜਿਸ ਨਾਲ ਨਸ਼ੇੜੀਆਂ ਦਾ ਹੌਸਲਾ ਟੁੱਟ ਗਿਆ ਅਤੇ ਪਿੰਡ ਵਿੱਚ ਤਬਦੀਲੀ ਆਉਣੀ ਸ਼ੁਰੂ ਹੋ ਗਈ।" ਨਸ਼ਿਆ ਤੋਂ ਪਿੰਡ ਦੇ ਬਚਾਅ ਲਈ ਕੰਮ ਕਰਨ ਵਾਲੇ ਮਾਜਰਾ ਖਾਪ ਦੇ ਮੁਖੀ ਗੁਰਵਿੰਦਰ ਸਿੰਘ ਸੰਧੂ ਦੱਸਦੇ ਹਨ ਕਿ, "ਅਸੀਂ ਜ਼ਿਲ੍ਹਾ ਪ੍ਰੀਸ਼ਦ ਦੇ ਚੇਅਰਮੈਨ ਤੋਂ ਮਦਦ ਮੰਗੀ ਸੀ। ਉਨ੍ਹਾਂ ਨੇ ਗਤੀਵਿਧੀਆਂ 'ਤੇ ਨਜ਼ਰ ਰੱਖਣ ਲਈ ਹਰ ਪ੍ਰਮੁੱਖ ਸਥਾਨ 'ਤੇ ਨਾਈਟ ਵਿਜ਼ਨ ਵਾਲੇ 20 ਸੀਸੀਟੀਵੀ ਕੈਮਰੇ ਲਗਵਾਏ।" "ਅਸੀਂ ਘਰ- ਘਰ ਜਾ ਕੇ ਲੋਕਾਂ ਨੂੰ ਨਸ਼ੇ ਵੇਚਣ ਜਾਂ ਸੇਵਨ ਕਰਨ ਤੋਂ ਦੂਰ ਰਹਿਣ ਜਾਂ ਸਖ਼ਤ ਕਾਰਵਾਈ ਦਾ ਸਾਹਮਣਾ ਕਰਨ ਦੀ ਚੇਤਾਵਨੀ ਦਿੱਤੀ ਹੈ।" ਸੰਧੂ ਦਾ ਕਹਿਣਾ ਹੈ, "ਇਸ ਤੋਂ ਬਾਅਦ ਪਿੰਡ ਵਾਸੀਆਂ ਨੇ ਸਾਡੇ ਵਿਚਾਰਾਂ ਦਾ ਸਮਰਥਨ ਕਰਨਾ ਸ਼ੁਰੂ ਕਰ ਦਿੱਤਾ। ਮਹਿੰਗੀਆਂ ਵੱਡੀਆ ਗੱਡੀਆਂ ਵਿੱਚ ਸਾਡੇ ਪਿੰਡ ਆਉਣ ਵਾਲੇ ਲੋਕ ਅਤੇ ਨੌਜਵਾਨ ਹੌਲੀ-ਹੌਲੀ ਇਸ ਇਲਾਕੇ ਵਿੱਚ ਆਉਣੇ ਬੰਦ ਹੋ ਗਏ।" "ਅਸੀਂ ਪਿੰਡ ਵਿੱਚ ਆਉਣ ਵਾਲੇ ਕਿਸੇ ਵੀ ਅਣਪਛਾਤੇ ਵਿਅਕਤੀ ਦਾ ਆਧਾਰ ਕਾਰਡ ਚੈਕ ਕਰਦੇ ਸੀ ਅਤੇ ਜੇਕਰ ਉਹ ਨਸ਼ੇ ਦਾ ਸੰਭਾਵੀ ਖਰੀਦਦਾਰ ਲੱਗੇ ਤਾਂ ਉਸ ਨੂੰ ਪਿੰਡ ਵਿੱਚ ਦਾਖ਼ਲ ਨਹੀਂ ਹੋਣ ਦਿੰਦੇ।" "ਇਸੇ ਤਰ੍ਹਾਂ, ਅਸੀਂ ਪਿੰਡ ਵਿੱਚ ਸ਼ੱਕੀ ਵਿਕਰੇਤਾਵਾਂ ਦੇ ਘਰਾਂ 'ਤੇ ਛਾਪੇ ਮਾਰੇ ਅਤੇ ਉਨ੍ਹਾਂ ਨੂੰ ਸਖ਼ਤ ਕਾਰਵਾਈ ਦੀ ਚੇਤਾਵਨੀ ਦਿੱਤੀ। ਅਸੀਂ ਚਿੰਤਤ ਸਾਂ ਕਿਉਂਕਿ ਸਾਡੇ ਪਿੰਡ ਦੇ ਨੌਜਵਾਨ ਨਸ਼ਿਆਂ ਦਾ ਸੇਵਨ ਕਰਨ ਲੱਗੇ ਸਨ।" ਸੰਧੂ ਕਹਿੰਦੇ ਹਨ ਕਿ ਪਿੰਡ ਵਾਲਿਆਂ ਦੀਆਂ ਕੋਸ਼ਿਸ਼ਾਂ ਨੇ ਰੰਗ ਲਿਆਦਾਂ ਹੈ ਤੇ ਹੁਣ ਪਿੰਡ ਵਿੱਚ ਨਸ਼ੇ ਬਹੁਤ ਘੱਟ ਗਏ ਹਨ।

### ਯੂਥ ਕਲੱਬ ਬਣਾਉਣਾ

ਸ਼ਹੀਦ ਭਗਤ ਸਿੰਘ ਯੂਥ ਕਲੱਬ ਦੇ ਮੁਖੀ ਗੁਰਜੋਤ ਦਾ ਕਹਿਣਾ ਹੈ, "ਅਸੀਂ ਕਮੇਟੀ ਵਿੱਚ ਸੇਵਾਮੁਕਤ ਫੌਜੀ, ਬੁੱਧੀਜੀਵੀ, ਸਮਾਜ ਸੇਵੀ, ਵੱਖ-ਵੱਖ ਵਿਭਾਗਾਂ ਤੋਂ ਸੇਵਾਮੁਕਤ ਵਿਅਕਤੀਆਂ ਅਤੇ ਨੌਜਵਾਨਾਂ ਨੂੰ ਸ਼ਾਮਲ ਕੀਤਾ ਹੈ।" "ਸਾਡੇ ਕੋਲ ਸਾਰੇ ਸੀਸੀਟੀਵੀ ਕੈਮਰਿਆਂ ਤੱਕ ਆਨਲਾਈਨ ਪਹੁੰਚ ਸੀ ਅਤੇ ਅਸੀਂ ਪਿੰਡ ਵਿੱਚ ਹੋ ਰਹੀਆਂ ਗਤੀਵਿਧੀਆਂ 'ਤੇ 24 ਘੰਟੇ ਨਜ਼ਰ ਰੱਖਣ ਦੇ ਨਾਲ-ਨਾਲ ਸ਼ੱਕੀ ਗਤੀਵਿਧੀਆਂ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਤੇ ਟੀਮ ਦੇ ਸਾਰੇ ਮੈਂਬਰਾਂ ਨੂੰ ਸੁਚੇਤ ਕਰਨ ਲਈ ਇੱਕ ਵੱਟਸਐਪ ਗਰੁੱਪ ਵੀ ਬਣਾਇਆ ਸੀ।"

"ਅਸੀਂ ਚਾਰ ਵਿਅਕਤੀਆਂ ਨੂੰ ਫੜ ਕੇ 60,000 ਰੁਪਏ ਦੇ ਕਰੀਬ ਜੁਰਮਾਨਾ ਕੀਤਾ ਅਤੇ ਉਨ੍ਹਾਂ ਨੂੰ ਕਿਹਾ ਕਿ ਜੇਕਰ ਉਹ ਦੁਬਾਰਾ ਨਸ਼ਾ ਵੇਚਦੇ ਜਾਂ ਖਰੀਦਦੇ ਫ਼ੜੇ ਗਏ ਤਾਂ ਉਨ੍ਹਾਂ ਨੂੰ ਦੁੱਗਣੀ ਰਕਮ ਅਦਾ ਕਰਨੀ ਪਵੇਗੀ।" ਸੰਧੂ ਦੱਸਦੇ ਹਨ ਕਿ, "ਜੁਰਮਾਨੇ ਦੀ ਰਕਮ ਨਾਲ ਅਸੀਂ ਪੰਜ ਹੋਰ ਸੀਸੀਟੀਵੀ ਕੈਮਰੇ ਖਰੀਦੇ ਅਤੇ ਕੁਝ ਪੈਸੇ ਪਿੰਡ ਦੇ ਹੋਰ ਵਿਕਾਸ 'ਤੇ ਲਾਏ। ਪਿੰਡ ਵਿੱਚ ਜਿਸ ਉੱਤੇ ਵੀ ਥੋੜ੍ਹਾ-ਬਹੁਤ ਸ਼ੱਕ ਸੀ ਅਸੀਂ ਕੋਸ਼ਿਸ਼ ਕੀਤੀ ਕਿ ਉਸ ਦੇ ਘਰ ਦੇ ਮੂਹਰੇ ਖੰਬੇ ਉੱਤੇ ਕੈਮਰਾ ਲਾਇਆ ਜਾਵੇ।" "ਇਸ ਕਾਰਵਾਈ ਵਿੱਚ ਪਿੰਡ ਵਾਸੀਆਂ ਨੇ ਸਾਡਾ ਪੂਰਾ ਸਾਥ ਦਿੱਤਾ ਅਤੇ ਨੌਜਵਾਨਾਂ ਨੇ ਵੀ ਅਜਿਹੇ ਮਾੜੇ ਅਨਸਰਾਂ ਜਾਂ ਗਤੀਵਿਧੀਆਂ ਤੋਂ ਦੂਰੀ ਬਣਾਈ ਰੱਖਣੀ ਸ਼ੁਰੂ ਕਰ ਦਿੱਤੀ ਹੈ।"

### ਸੌਖੀ ਨਹੀਂ ਸੀ ਨਸ਼ਾ ਵਿਰੋਧੀ ਮੁਹਿੰਮ

ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਨਸ਼ੇ ਪਿੰਡ ਦਾ ਇਸ ਤਰ੍ਹਾਂ ਦਾ ਹਿੱਸਾ ਬਣ ਚੁੱਕੇ ਸਨ ਕਿ ਇਨ੍ਹਾਂ ਨੂੰ ਅਸ਼ਰਫ਼ਗੜ੍ਹ ਵਿੱਚੋਂ ਕੱਢਣਾ ਸੰਭਵ ਨਹੀਂ ਸੀ ਲੱਗਦਾ। ਪਿੰਡ ਦੀ ਰਹਿਣ ਵਾਲੀ ਕਰੀਬ 45 ਸਾਲਾਂ ਦੀ ਮੰਜੇਸ਼ ਦੇਵੀ ਦਾ ਕਹਿਣਾ ਹੈ ਕਿ ਇਸ ਮੁਹਿੰਮ ਦੀ ਕਾਮਯਾਬੀ ਇੰਨੀ ਸੌਖੀ ਇਸ ਲਈ ਨਹੀਂ ਸੀ ਕਿਉਂਕਿ ਨਸ਼ਿਆ ਦੇ ਕਾਰੋਬਾਰ ਵਿੱਚ ਜ਼ਿਆਦਾਤਰ ਔਰਤਾਂ ਸ਼ਾਮਲ ਸਨ। ਉਹ ਦੱਸਦੇ ਹਨ, "ਮੇਰਾ ਪਤੀ ਵੀ ਨਸ਼ੇ ਦਾ ਆਦੀ ਹੋ ਗਿਆ ਸੀ ਅਤੇ ਮੇਰੇ ਘਰ ਦਾ ਬਹੁਤ ਨੁਕਸਾਨ ਹੋ ਗਿਆ ਸੀ, ਫਿਰ ਮੈਨੂੰ ਨਸ਼ਿਆਂ ਦੇ ਮਾੜੇ ਪਾਸੇ ਬਾਰੇ ਪਤਾ ਲੱਗਾ।" "ਇਸ ਲਈ ਮੈਂ ਪਿੰਡ ਦੇ ਨੌਜਵਾਨਾਂ ਦੀ ਟੀਮ ਦੇ ਨਾਲ-ਨਾਲ ਇੱਕ ਹੋਰ ਟੀਮ ਬਣਾਈ ਔਰਤਾਂ ਦੀ। ਸਾਡੀ ਔਰਤਾਂ ਦੀ ਟੀਮ ਨਸ਼ੇ ਵੇਚਣ ਵਾਲੀਆਂ ਔਰਤਾਂ 'ਤੇ ਵੀ ਸ਼ਿਕੰਜਾ ਕੱਸਿਆ ਜਾ ਸਕਦਾ ਸੀ।"

### ਪੁਲਿਸ ਵੀ ਪਿੰਡ ਵਾਲਿਆਂ ਦਾ ਕਾਇਲ

ਪਿੰਡ ਅਸਰਫ਼ਗੜ੍ਹ ਦੇ ਨੌਜਵਾਨਾਂ ਦੀ ਤਾਰੀਫ਼ ਕਰਦਿਆਂ ਜੀਂਦ ਪੁਲਿਸ ਦੇ ਡੀਐੱਸਪੀ ਰੋਹਤਾਸ਼ ਢੁੱਲ ਨੇ ਕਿਹਾ ਕਿ ਕਿਸੇ ਸਮੇਂ ਇਸ ਪਿੰਡ ਦੇ ਹਾਲਾਤ ਚਿੰਤਾਜਨਕ ਸਨ। "ਹਰ ਰੋਜ਼ ਚੋਰੀ ਦੀਆਂ ਘਟਨਾਵਾਂ ਵਾਪਰ ਰਹੀਆਂ ਸਨ ਅਤੇ ਨਸ਼ੇ ਵੇਚਣ ਅਤੇ ਖਰੀਦਣ ਦੀਆਂ ਸ਼ਿਕਾਇਤਾਂ ਆਉਂਦੀਆਂ ਰਹਿੰਦੀਆਂ ਸਨ। ਪੁਲਿਸ ਨੇ ਕਾਫੀ ਕੋਸ਼ਿਸ਼ਾਂ ਕੀਤੀਆਂ ਪਰ ਸਫਲਤਾ ਉਦੋਂ ਹੀ ਮਿਲੀ ਜਦੋਂ ਪਿੰਡ ਵਾਸੀਆਂ ਨੇ ਖ਼ੁਦ ਹੀ ਚੌਰਾਹੇ 'ਤੇ ਕੈਮਰੇ ਲਗਾ ਦਿੱਤੇ ਅਤੇ ਅੱਗੇ ਆ ਕੇ ਪੁਲਿਸ ਦਾ ਸਾਥ ਦਿੱਤਾ।"

### ਹਰਿਆਣਾ ਵਿੱਚ ਨਸ਼ਿਆਂ ਬਾਰੇ ਅੰਕੜੇ

ਹਰਿਆਣਾ ਦੇ ਡੀਜੀਪੀ ਸ਼ਤਰੂਜੀਤ ਕਪੂਰ ਨੇ ਦੱਸਿਆ ਕਿ ਪਿਛਲੇ ਡੇਢ ਸਾਲ ਵਿੱਚ ਪੁਲਿਸ ਨੇ ਨਸ਼ੀਲੇ ਪਦਾਰਥਾਂ ਦਾ ਕਾਰੋਬਾਰ ਕਰਦੇ 7769 ਲੋਕਾਂ ਨੂੰ ਫੜਿਆ ਹੈ ਅਤੇ ਕਰੀਬ 5400 ਲੋਕਾਂ ਖ਼ਿਲਾਫ਼ ਐੱਨਡੀਪੀਐੱਸ ਦੀ ਧਾਰਾ ਤਹਿਤ ਕੇਸ ਦਰਜ ਕੀਤਾ ਹੈ। ਕਪੂਰ ਦਾ ਕਹਿਣਾ ਹੈ ਕਿ ਪੁਲਿਸ ਜ਼ਮੀਨੀ ਪੱਧਰ 'ਤੇ ਜਾ ਕੇ ਲੋਕਾਂ ਦੀ ਮਦਦ ਲੈ ਕੇ ਪੂਰੀ ਤਰ੍ਹਾਂ ਆਪਣੀ ਭੂਮਿਕਾ ਨਿਭਾ ਰਹੀ ਹੈ, ਜਿਸ ਕਾਰਨ ਇਸ ਸਾਲ ਅੰਕੜਿਆਂ ਵਿੱਚ ਕੁਝ ਕਮੀ ਆਈ ਹੈ। ਪੀ ਜੀ ਆਈ ਐੱਮ ਐੱਸ ਰੋਹਤਕ ਮੈਡੀਕਲ ਕਾਲਜ ਦੇ ਮੁਤਾਬਕ, ਨਸ਼ਾ ਛੁਡਾਉਣ ਲਈ ਆਉਣ ਵਾਲੇ ਮਰੀਜ਼ਾਂ ਵਿੱਚ ਹਰ ਸਾਲ ਵਾਧਾ ਹੋ ਰਿਹਾ ਹੈ। "ਪਿਛਲੇ ਪੰਜ ਸਾਲਾਂ ਵਿੱਚ 8630 ਮਰੀਜ਼ ਇਲਾਜ ਲਈ ਆਏ ਹਨ ਅਤੇ ਉਨ੍ਹਾਂ ਵਿੱਚੋਂ ਕੁਝ ਦਾ ਅਜੇ ਵੀ ਇਲਾਜ ਚੱਲ ਰਿਹਾ ਹੈ।" ਸਿਰਸਾ ਨਸ਼ਾ ਛੁਡਾਊ ਕੇਂਦਰ ਦੇ ਡਾਕਟਰ ਪੰਕਜ ਸ਼ਰਮਾ ਦਾ ਦਾਅਵਾ ਹੈ ਕਿ ਨਸ਼ਿਆਂ ਦੀ ਸਮੱਸਿਆ ਇੰਨੀ ਗੰਭੀਰ ਹੈ ਕਿ ਛੋਟੇ ਬੱਚੇ ਵੀ ਇਸ ਦਾ ਸ਼ਿਕਾਰ ਹੋਣ ਲੱਗ ਪਏ ਹਨ ਅਤੇ ਸਿੰਥੈਟਿਕ ਨਸ਼ਿਆਂ ਦੀ ਤਸਕਰੀ ਇਸ ਹੱਦ ਤੱਕ ਵਧਦੀ ਨਜ਼ਰ ਆ ਰਹੀ ਹੈ ਕਿ ਸਥਿਤੀ ਚਿੰਤਾਜਨਕ ਹੈ।ਢੁੱਲ ਦੱਸਦੇ ਹਨ, "ਇਸ ਪਿੰਡ ਵਿੱਚ ਪਹਿਲਾਂ ਨਸ਼ੇ ਦਾ ਕਾਰੋਬਾਰ ਹੁੰਦਾ ਸੀ ਪਰ ਅੱਜ ਪਿੰਡ ਵਾਸੀਆਂ ਦੇ ਯਤਨਾਂ ਸਦਕਾ ਇਹ ਪੂਰ੍ਹੀ ਤਰ੍ਹਾਂ ਬੰਦ ਹੋ ਗਿਆ ਹੈ ਜੋ ਕਿ ਆਪਣੇ ਆਪ ਵਿੱਚ ਵੱਡੀ ਗੱਲ ਹੈ। ਇਹ ਪਿੰਡ ਹੋਰ ਪਿੰਡਾਂ ਲਈ ਵੀ ਮਿਸਾਲ ਬਣਿਆ ਹੈ।"

# ਪਲਾਸਟਿਕ ਪ੍ਰਦੂਸ਼ਣ ਦਾ ਖ਼ਾਤਮਾ ਜ਼ਰੂਰੀ

**(ਸਫਾ 10 ਦੀ ਬਾਕੀ)**

ਸਫਲਤਾ ਵਿਚ ਵੱਡੀ ਰੁਕਾਵਟ ਬਣ ਗਏ ਹਨ। ਪਲਾਸਟਿਕ ਦੀ ਖੋਜ ਦੀ ਗੱਲ ਤਾਂ ਭਾਵੇਂ 1862 ਈਸਵੀ ਤੋਂ ਹੀ ਸ਼ੁਰੂ ਹੋ ਗਈ ਸੀ। ਪ੍ਰੰਤੂ ਇਸ ਦਾ ਮੌਜੂਦਾ ਰੂਪ 1907 ਵਿਚ ਬੈਲਜੀਅਮ ਮੂਲ ਦੇ ਅਮਰੀਕੀ ਵਿਗਿਆਨੀ ਲਿਉ ਹੈਡ੍ਰਿਕ ਬੈਕਲੈਂਡ ਦੀ ਖੋਜ ਨਾਲ ਹੀ ਦੁਨੀਆ ਦੇ ਸਾਹਮਣੇ ਆਇਆ ਸੀ। ਉਸ ਨੇ 1912 ਵਿਚ ਜਦੋਂ ਇਸ ਦੀ ਘੋਸ਼ਣਾ ਕੀਤੀ ਤਾਂ ਇਸ ਨੂੰ ਮਨੁੱਖਤਾ ਦੀ ਸਹੂਲਤ ਵੱਲ ਵੱਡਾ ਕਦਮ ਅਤੇ ਵਿਗਿਆਨ ਦੀ ਅਦਭੁਤ ਖੋਜ ਦੱਸਿਆ ਗਿਆ ਸੀ।

ਥੋੜ੍ਹੇ ਸਮੇਂ ਵਿਚ ਹੀ ਪਲਾਸਟਿਕ ਪੂਰੇ ਵਿਸ਼ਵ ਵਿਚ ਮਨੁੱਖੀ ਜੀਵਨ ਦਾ ਅਟੁੱਟ ਅੰਗ ਬਣ ਗਿਆ। ਪਲਾਸਟਿਕ ਬੈਗਜ਼, ਪਲੇਟਾਂ, ਗਲਾਸ, ਚਮਚੇ, ਛੋਟੀਆਂ ਬੋਤਲਾਂ, ਪੈਕਿੰਗ ਲਈ ਵਰਤੋਂ ਵਿਚ ਆਉਣ ਵਾਲਾ ਪਲਾਸਟਿਕ, ਖਿਡੌਣੇ, ਪਾਈਪਾਂ, ਫਰਨੀਚਰ ਅਤੇ ਬਰਤਨਾਂ ਆਦਿ ਦੇ ਰੂਪ ਵਿਚ ਪਲਾਸਟਿਕ ਹੀ ਪਲਾਸਟਿਕ ਸਾਡੇ ਬਾਜ਼ਾਰਾਂ ਅਤੇ ਘਰਾਂ ਵਿਚ ਦਾਖ਼ਲ ਹੋ ਗਿਆ ਹੈ। ਦੁਨੀਆ ਭਰ ਵਿਚ ਲੋਕ ਇਕ ਮਿੰਟ ਵਿਚ ਪਲਾਸਟਿਕ ਦੀਆਂ 10 ਲੱਖ ਬੋਤਲਾਂ ਖ਼ਰੀਦਦੇ ਹਨ। ਪਲਾਸਟਿਕ ਦੇ ਆਉਣ ਨਾਲ ਸਾਡਾ ਜੀਵਨ ਆਸਾਨ ਤਾਂ ਜ਼ਰੂਰ ਹੋਇਆ ਹੈ ਪ੍ਰੰਤੂ ਇਸ ਦੇ ਭਿਅੰਕਰ ਨਤੀਜੇ ਹੁਣ ਸਾਡੇ ਸਾਹਮਣੇ ਆਉਣ ਲੱਗੇ ਹਨ। ਸਾਡੇ ਦੇਸ਼ ਵਿਚ ਪੋਲੀਥੀਨ ਦੇ ਲਿਫ਼ਾਫ਼ਿਆਂ ਦਾ ਚਲਨ 1960 ਦੇ ਕਰੀਬ ਸ਼ੁਰੂ ਹੋਇਆ। ਇਸ ਉੱਪਰ ਬਹਿਸ ਤਾਂ ਉਸ ਸਮੇਂ ਹੀ ਸ਼ੁਰੂ ਹੋ ਗਈ ਸੀ ਪ੍ਰੰਤੂ 1970 ਵਿਚ ਇਸ ਵਿਰੁੱਧ ਆਵਾਜ਼ ਵੀ ਉੱਠਣ ਲੱਗੀ ਸੀ। ਪਲਾਸਟਿਕ ਸਿਹਤ ਅਤੇ ਵਾਤਾਵਰਨ ਦੋਹਾਂ ਲਈ ਹੀ ਨੁਕਸਾਨਦੇਹ ਹੈ। ਇਸ ਦਾ ਉਤਪਾਦਨ ਪੈਟਰੋਲੀਅਮ ਤੋਂ ਪ੍ਰਾਪਤ ਰਸਾਇਣਾਂ ਤੋਂ ਹੁੰਦਾ ਹੈ। ਪਲਾਸਟਿਕ ਨੂੰ ਰੀਸਾਈਕਲ ਕਰਨਾ ਬਹੁਤ ਵੱਡੀ ਸਮੱਸਿਆ ਹੈ।

ਕੁੱਲ ਉਤਪਾਦਨ ਦਾ 91 ਪ੍ਰਤੀਸ਼ਤ ਪਲਾਸਟਿਕ ਰੀਸਾਈਕਲ ਨਹੀਂ ਕੀਤਾ ਜਾ ਸਕਦਾ। ਉੱਥੇ ਇਸ ਕਾਰਨ ਸ਼ਹਿਰਾਂ ਦੀਆਂ ਨਾਲੀਆਂ, ਨਦੀਆਂ, ਨਹਿਰਾਂ, ਦਰਿਆਵਾਂ ਤੋਂ ਲੈ ਕੇ ਸਮੁੰਦਰ ਤੱਕ ਦੀ ਬਰਬਾਦੀ ਸਾਫ਼ ਨਜ਼ਰ ਆ ਰਹੀ ਹੈ। ਸ਼ਹਿਰਾਂ ਵਿਚ ਪੋਲੀਥੀਨ ਬੈਗਜ਼ ਕਾਰਨ ਸੀਵਰੇਜ ਜਾਮ ਦੀ ਸਮੱਸਿਆ ਗੰਭੀਰ ਰੂਪ ਧਾਰਨ ਕਰ ਜਾਂਦੀ ਹੈ। ਪਲਾਸਟਿਕ ਦੇ ਲਿਫ਼ਾਫ਼ਿਆਂ ਵਿਚ ਪੈਕ ਹੁੰਦੇ ਖਾਣ ਵਾਲੇ ਪਦਾਰਥ ਅਤੇ ਹੋਰ ਕਾਰਨਾਂ ਕਰ ਕੇ ਪਲਾਸਟਿਕ ਦੇ ਕਣ ਮਨੁੱਖੀ ਸਰੀਰ ਦੇ ਅੰਦਰ ਜਾਣਾ ਸਿਹਤ ਲਈ ਬੇਹੱਦ ਖ਼ਤਰਨਾਕ ਹੈ। ਇਸ ਕਾਰਨ ਪਸ਼ੂ, ਪੰਛੀ ਅਤੇ ਜਲ ਜੀਵ ਬਿਮਾਰ ਹੋ ਕੇ ਦਮ ਤੋੜ ਰਹੇ ਹਨ। ਸਮੁੰਦਰੀ ਜਲ ਜੀਵਾਂ ਲਈ ਤਾਂ ਪਲਾਸਟਿਕ ਪਦਾਰਥ ਬਹੁਤ ਵੱਡਾ ਖ਼ਤਰਾ ਬਣ ਚੁੱਕੇ ਹਨ।

ਮਿੱਟੀ ਦੀ ਉਪਜਾਊ ਸ਼ਕਤੀ ਵੀ ਪਲਾਸਟਿਕ ਕਾਰਨ ਘਟਦੀ ਜਾ ਰਹੀ ਹੈ। ਅਸੀਂ ਇਸ ਦੇ ਭਿਅੰਕਰ ਨਤੀਜਿਆਂ ਤੋਂ ਜਾਣੂ ਜ਼ਰੂਰ ਹਾਂ ਪਰ ਇਸ ਦੀ ਵਰਤੋਂ ਕਰਨਾ ਫਿਰ ਵੀ ਨਹੀਂ ਛੱਡ ਰਹੇ। ਸਰਕਾਰ ਦੇ ਯਤਨ ਅਤੇ ਪਾਬੰਦੀ ਲਗਾਉਣ ਦੇ ਬਾਵਜੂਦ ਇਸ ਦੀ ਵਰਤੋਂ ਸ਼ਰੇਆਮ ਹੋ ਰਹੀ ਹੈ। ਜੇ ਅਸੀਂ ਇਸ ਦੀ ਵਰਤੋਂ ਬੰਦ ਨਹੀਂ ਕਰ ਸਕਦੇ ਤਾਂ ਘੱਟੋ-ਘੱਟ ਇਸ ਦੀ ਵਰਤੋਂ ਦਾ ਤਰੀਕਾ ਤਾਂ ਜ਼ਰੂਰ ਸਿੱਖ ਲਈਏ। ਇਸ ਨੂੰ ਸਾੜਨ ਤੋਂ ਪੂਰੀ ਤਰਾਂ ਗੁਰੇਜ਼ ਕੀਤਾ ਜਾਵੇ। ਨਦੀਆਂ, ਨਾਲਿਆਂ, ਸੀਵਰੇਜ ਅਤੇ ਸਮੁੰਦਰ ਵਿਚ ਸੁੱਟਣ ਤੋਂ ਪੂਰੀ ਤਰ੍ਹਾਂ ਬਚਿਆ ਜਾਵੇ।

ਗਿਫਟ ਪੈਕ 'ਤੇ ਪਲਾਸਟਿਕ ਦੀ ਹੁੰਦੀ ਬੇਲੋੜੀ ਵਰਤੋਂ ਤੇ ਖ਼ਰਚ ਨੂੰ ਬੰਦ ਕੀਤਾ ਜਾਵੇ। ਬਾਜ਼ਾਰ ਜਾਂਦੇ ਸਮੇਂ ਕੱਪੜੇ ਦਾ ਥੈਲਾ ਨਾਲ ਰੱਖਣ ਦੀ ਆਦਤ ਚੰਗੀ ਸ਼ੁਰੁਆਤ ਹੋ ਸਕਦੀ ਹੈ।

ਘਰ ਦਾ ਕੂੜਾ-ਕਰਕਟ ਪਲਾਸਟਿਕ ਦੇ ਲਿਫ਼ਾਫ਼ੇ ਵਿਚ ਪਾ ਕੇ ਗਲੀ ਦੇ ਕੋਨੇ ਵਿਚ ਰੱਖਣ ਦੀ ਆਦਤ ਨੂੰ ਮਨੁੱਖਤਾ ਦੀ ਭਲਾਈ ਲਈ ਛੱਡਣਾ ਹੋਵੇਗਾ। ਕੇਂਦਰੀ ਟਰਾਂਸਪੋਰਟ ਮੰਤਰੀ ਵੱਲੋਂ ਸੜਕ ਨਿਰਮਾਣ ਵਿਚ ਪਲਾਸਟਿਕ ਦੀ ਵਰਤੋਂ ਦੇ ਐਲਾਨ ਨੂੰ ਅਮਲੀਜਾਮਾ ਪਹਿਨਾ ਕੇ ਪਲਾਸਟਿਕ ਨੂੰ ਰੀਸਾਈਕਲ ਕੀਤਾ ਜਾ ਸਕਦਾ ਹੈ। ਪਲਾਸਟਿਕ ਦੀਆਂ ਖ਼ਾਲੀ ਬੋਤਲਾਂ ਵਿਚ ਵਰਤੋਂ ਕੀਤੇ ਪੋਲੀਥੀਨ ਬੈਗ ਭਰ ਕੇ ਈਕੋ ਬ੍ਰਿਕਸ ਬਣਾਉਣ ਦਾ ਉਪਰਾਲਾ ਬੇਹੱਦ ਸ਼ਲਾਘਾਯੋਗ ਹੈ। ਮੈਂ ਨਿੱਜੀ ਤੌਰ 'ਤੇ ਵੀ ਇਸ ਨੂੰ ਸਫਲਤਾਪੂਰਵਕ ਕਰ ਚੁੱਕਿਆ ਹਾਂ।

ਇਨ੍ਹਾਂ ਦੀ ਵਰਤੋਂ ਬਗੀਚੇ ਦੀ ਸੁੰਦਰਤਾ, ਪਾਰਕ ਦੀ ਵਾੜ , ਸਜਾਵਟੀ ਸਾਮਾਨ ਅਤੇ ਫਰਨੀਚਰ ਬਣਾਉਣ ਲਈ ਬਹੁਤ ਹੀ ਆਸਾਨੀ ਨਾਲ ਕੀਤੀ ਜਾ ਸਕਦੀ ਹੈ। ਸਵੱਛਤਾ ਮੁਹਿੰਮ ਨੂੰ ਸਫਲ ਬਣਾਉਣਾ ਹਰ ਨਾਗਰਿਕ ਦਾ ਮੁੱਢਲਾ ਫ਼ਰਜ਼ ਹੈ। ਇਸ ਲਈ ਅੱਜ ਅੰਤਰਰਾਸ਼ਟਰੀ ਪਲਾਸਟਿਕ ਬੈਗ ਮੁਕਤ ਦਿਵਸ 'ਤੇ ਆਓ, ਸਵੱਛਤਾ ਨੂੰ ਸ਼ੌਕ ਬਣਾਉਣ ਦੀ ਪਹਿਲ ਕਰਨ ਲਈ ਪਲਾਸਟਿਕ ਬੈਗਜ਼ ਦੀ ਵਰਤੋਂ ਨਾ ਕਰਨ ਦਾ ਪ੍ਰਣ ਲਈਏ ਅਤੇ ਪਲਾਸਟਿਕ ਪ੍ਰਦੂਸ਼ਣ ਨੂੰ ਘੱਟ ਕਰਨ ਵਿਚ ਵੱਡਮੁੱਲਾ ਯੋਗਦਾਨ ਪਾਈਏ।

# TASTE OF INDIA

specialist- Gurh Dee Barfee, Gurh Diyaan Jalebian

32 ਸਾਲ ਤੋਂ ਕੈਲੇਫੋਰਨੀਆ ਦਾ ਸਭ ਤੋਂ ਪਹਿਲਾ ਤੇ ਵਧੀਆ ਰੈਸਟੋਰੈਂਟ

ਗੁੜ ਦੀ ਬਰਫੀ, ਫਿੱਕਾ ਕਲਾਕੰਦ
ਗੁੜ ਦੀਆਂ ਜਲੇਬੀਆਂ, ਇਮਰਤੀ

ਬਿਲਕੁਲ ਨਵੀਂ ਦਿੱਖ ਦੇ ਨਾਲ ਸਜਾਇਆ ਰੈਸਟੋਰੈਂਟ




lunch buffet everyday
fresh jalebian every day

DEVINDER SINGH PABLA (OWNER)
510-791-1316

ਛੋਟੇ-ਵੱਡੇ ਹਰ ਕਿਸਮ ਦੇ ਪ੍ਰੋਗਰਾਮ ਲਈ ਕੇਟਰਿੰਗ ਦਾ ਸਪੈਸ਼ਲ ਪ੍ਰਬੰਧ

5144 MOWRY AVE (ON FARWELL DR)
FREMONT, CA 94538
510-773-8810



# Quick Lube & Smog

OFFICIAL LAMP ADJUSTING STATION

OFFICIAL BRAKE ADJUSTING STATION

Auto repair, Diagnostics & Smog Check Station

SMOG CHECK

ਚਲਦੀਆਂ (Used) ਕਾਰਾਂ, ਵਾਜਬ ਕੀਮਤਾਂ ਤੇ
ਖਰੀਦਣ ਲਈ ਗੋਗੀ ਹੁਰਾਂ ਨੂੰ ਕਾਲ ਕਰੋ

## SUKHWINDER BHELLA

510-757-6775 gogibhella@gmail.com

# TENNYSON AUTO

Car Sale Service and Repair

SUKHWINDER BHELLA, Manager
tennysonauto1@gmail.com
510-330-7112, 510-757-6775
691 W. Tennyson Rd Hayward, CA 94544

# United Pet Hospital

VETERINARIAN UNITED PET HOSPITAL

## Dr. Mandeep Bhullar DVM

510-363-9980

1641 Industrial
Pkwy W.
Hayward, CA.
94544



unitepets@gmail.com Fax : 510-397-0142




# Kash Fabrics

37 ਸਾਲ ਤੋਂ ਤੁਹਾਡੀ ਸੇਵਾ ਵਿਚ

ਸਾਡੀ ਵਿਸ਼ੇਸ਼ਤਾ

1.Wedding Lehngas
2.Mens wear-shervani
3.Kurte Pajame
4. Sharara Suits.
5.Patiala. Suits.
6. pression stove jewelery
7. kids wear
8. Turbans (paggan). 80 colors

1. ਵਿਆਹ ਦੇ ਲਹਿੰਗੇ
2. ਪੁਰਸ਼ਾਂ ਦੇ ਪਹਿਨਣ ਵਾਲੀ ਸ਼ੇਰਵਾਨੀ
3. ਕੁੜਤੇ ਪਜਾਮੇ
4. ਸ਼ਰਾਰਾ ਸੂਟ
5. ਪਟਿਆਲਾ ਸੂਟ
6. ਗਹਿਣੇ
7. ਬੱਚਿਆਂ ਦੇ ਕੱਪੜੇ
80 ਰੰਗਾਂ ਵਿਚ ਪੱਗਾਂ




Kashmir Singh Dhugga
Gurjeet kaur Dhugga
kashfabrics@gmail.com

KASH FABRICS
29576 Mission Blvd
Hayward,CA 94544
510-538-1138

# PREET FABRICS & APPLIANCE

Under New Management



ਅਸੀਂ ਹੋਲਸੇਲ ਅਤੇ ਰੀਟੇਲ ਵਿਚ ਨਵੇਂ ਡਿਜ਼ਾਇਨਾਂ ਦੇ ਸੂਟ, ਜਿਊਲਰੀ,ਫੈਸ਼ਨ ਦਾ ਹੋਰ ਸਮਾਨ, ਵਿਆਹ ਲਈ ਲਹਿੰਗੇ ਅਤੇ ਮੁੰਡਿਆਂ ਲਈ ਵਿਆਹ ਵਾਸਤੇ ਸ਼ੇਰਵਾਨੀ ਅਤੇ ਹੁਣੇ ਨਵੇਂ ਚੱਲੇ ਡਿਜ਼ਾਇਨਾਂ ਦੇ ਕੱਪੜੇ ਵੀ ਰੱਖਦੇ ਹਾਂ। ਸਾਡੇ ਕੋਲ ਕਲਗੀ, ਸਿਹਰਾ, ਚੂੜਾ, ਹਾਰ, ਜਾਗੋ, ਰੁਮਾਲੇ ਤੇ ਹੋਰ ਵਿਆਹ ਦਾ ਸਮਾਨ ਵੀ ਮਿਲਦਾ ਹੈ।

**Sale is going on**

**APPLIANCES & PARKER PENS, OSTER BLENDERS**

**Watches (Seiko, Citizen & Swistar) Shavers & Trimmers Cellular Phones and OSTER BLENDERS**

**5156 Mowry AVE. Fremont. CA 94538**
**Tel- 510-797-7111**



# CALIFORNIA
## IMMIGRATION SERVICES INC.

Your Registered & Bonded 'Immigration-Consultants'



**ROSY (Kanwal) KAUR**
Immigration Consultant
**408-422-8585**
**510-573-3666**
website:- www.caials.com email:- rosy@caials.com

- FAMILY IMMIGRATION
- GEEEN CARD PETITION
- CITIZENSHIP
- BUSINESS / VISITOR VISA
- OCI CARD / INDIAN PASSIORT / INDIA VISA
- STUDENT VISA
- RELIGIOUS VISA
- DIVORCE
- VARIOUS IMMIGRATION SERVICES
- U.K. VISA
- CANADA VISA & P.R.
- INDIAN PASSPORT
- POWER OF ATTORNEY

- ਫੈਮਲੀ ਇੰਮੀਗ੍ਰੇਸ਼ਨ
- ਗਰੀਨ ਕਾਰਡ ਪਟੀਸ਼ਨ
- ਸਿਟੀਜਨਸ਼ਿਪ
- ਬਿਜ਼ਨੈਸ ਵੀਜ਼ਾ / ਵਿਜ਼ਟਰ ਵੀਜ਼ਾ
- ਓ.ਸੀ.ਆਈ. ਕਾਰਡ / ਇੰਡੀਅਨ ਪਾਸਪੋਰਟ / ਇੰਡੀਆ ਵੀਜ਼ਾ
- ਸਟੂਡੈਂਟ ਵੀਜ਼ਾ
- ਰਲੀਜ਼ੀਅਸ ਵੀਜ਼ਾ
- ਤਲਾਕ
- ਕਈ ਹੋਰ ਇੰਮੀਗ੍ਰੇਸ਼ਨ ਸੇਵਾਵਾਂ
- ਯੂ. ਕੇ. ਵੀਜ਼ਾ, ਕੈਨੇਡਾ ਵੀਜ਼ਾ ਅਤੇ ਪੀ. ਆਰ.
- ਇੰਡੀਅਨ ਪਾਸਪੋਰਟ
- ਪਾਵਰ ਆਫ ਅਟਾਰਨੀ

**Fremont Office:** 4127 Bay Street, Unit 5, Fremont CA, 94538
**Tracy Office:** 1660 W Linnee Rd. Unit J 25, Tracy CA, 95377



# Moon Indian Cuisine
**510-780-9233**



ਹੁਣ ਤੁਸੀ ਗੁੜ ਦੀਆਂ ਜਲੇਬੀਆਂ ਵੀ ਲੈ ਸਕਦੇ ਹੋ

ਰੈਸਟੋਰੈਂਟ ਤੋਂ ਖਾਣਾ ਪੈਕ ਕਰਵਾ ਕੇ ਵੀ ਲੈ ਜਾ ਸਕਦੇ ਹੋ, ਕੇਟਰਿੰਗ ਵੇਲੇ ਤੰਦੂਰ ਦਾ ਇੰਤਜ਼ਾਮ ਹੈ, ਕੇਟਰਿੰਗ ਵਾਸਤੇ ਕਾਲ ਕਰੋ ਜੀ

ਮੱਛੀ ਪਕੌੜੇ ਬਣਾਉਣ ਦੇ ਮਾਹਿਰ
ਲੱਡੂ, ਜਲੇਬੀ, ਬਰਫੀ, ਗੁਲਾਬ ਜਾਮੁਨ ਤੇ ਵਿਆਹ ਸ਼ਾਦੀ ਮੌਕੇ ਸਭ ਤਰ੍ਹਾਂ ਦੀ ਮਠਿਆਈ ਤਿਆਰ ਕਰਦੇ ਹਨ।

100-1000 ਬੰਦਿਆਂ ਤੱਕ ਵੱਡੀ ਤੋਂ ਵੱਡੀ ਪਾਰਟੀ ਲਈ
ਗੁਰੂ ਘਰਾਂ ਵਿਚ ਕੇਟਰਿੰਗ ਲਈ 10 ਪ੍ਰਤੀਸ਼ਤ ਤੱਕ ਛੋਟ
ਬਹੁਤ ਹੀ ਤਜ਼ਰਬੇਕਾਰ ਕੁੱਕ

**Over 30 Years Experience in Restaurant & Catering Business**

**ਮੂਨ ਇੰਡੀਅਨ ਕੁਜ਼ੀਨ (ਹੇਵਰਡ)**
600 West Harder Rd. Hayward, CA 94544
Contact: (Paul) 510-978-7170
www.moonindiancuisine.net



# AAA
## AUTO AND BODY WORKS INC.

ਕਿਸੇ ਵੀ ਕਿਸਮ ਦਾ ਕਾਰਾਂ ਦੀ ਮੁਰੰਮਤ/ਬਾਡੀ ਦਾ ਕੰਮ,
ਪੇਂਟਿੰਗ/ਡੈਂਟਿੰਗ ਦਾ ਕੰਮ।
ਨਵੇਂ ਤੇ ਪੁਰਾਣੇ ਟਾਇਰ ਵੀ ਹੁਣ ਇੱਥੋਂ ਪੁਆ ਸਕਦੇ ਹੋ।
24 ਘੰਟੇ ਟੋਇੰਗ ਲਈ ਕਾਲ ਕਰ ਸਕਦੇ ਹੋ
(Towing Facility Available)
ਹਫਤੇ ਦੇ ਸਾਰੇ 7 ਦਿਨ ਖੁੱਲ੍ਹਾ ਹੈ



**ਜਸਬੀਰ ਸਿੰਘ ਤੱਖਰ**
**510-755-2132**

593 Industrial PKWY West
Hayward, CA 94544

# ਆਰਥਿਕ ਨਾਬਰਾਬਰੀ ਅਤੇ ਕੁਪੋਸ਼ਣ ਦੇ ਮਸਲੇ



ਡਾ. ਅਰੁਣ ਮਿੱਤਰਾ

ਯੂਨੀਸੇਫ ਚਾਈਲਡ ਫੂਡ ਗਰੀਬੀ ਰਿਪੋਰਟ-2024 ਨੇ ਭਾਰਤ ਵਿੱਚ ਬੱਚਿਆਂ ਦੇ ਕੁਪੋਸ਼ਣ ਬਾਰੇ ਹੈਰਾਨ ਕਰਨ ਵਾਲੇ ਅੰਕੜੇ ਸਾਹਮਣੇ ਲਿਆਂਦੇ ਹਨ। ਰਿਪੋਰਟ ਅਨੁਸਾਰ ਸਾਡੇ 40% ਬੱਚੇ ਗੰਭੀਰ ਭੋਜਨ ਗਰੀਬੀ ਅਤੇ 36% ਮੱਧਮ ਤੋਂ ਗੰਭੀਰ ਭੋਜਨ ਗਰੀਬੀ ਨਾਲ ਪੀੜਤ ਹਨ। ਸਾਡਾ ਦਰਜਾ ਸਾਡੇ ਦੱਖਣ ਏਸ਼ੀਆਈ ਗੁਆਂਢੀ ਦੇਸ਼ਾਂ ਤੋਂ ਬਹੁਤ ਹੇਠਾਂ ਹੈ ਜਿਸ ਵਿੱਚ ਪਾਕਿਸਤਾਨ 38%, ਬੰਗਲਾਦੇਸ਼ 20%, ਨੇਪਾਲ 8% ਬੱਚੇ ਹਨ ਜੋ ਗੰਭੀਰ ਭੋਜਨ ਗਰੀਬੀ ਤੋਂ ਪੀੜਤ ਹਨ। ਸਾਡੇ ਨਾਲੋਂ ਸੱਤ ਹੋਰ ਬਦਤਰ ਦੇਸ਼ ਹਨ ਸੋਮਾਲੀਆ (63%), ਗਿਨੀ (54%), ਗਿਨੀ-ਬਿਸਾਉ (53%), ਅਫਗਾਨਿਸਤਾਨ (49%), ਸੀਅਰਾ ਲਿਓਨ (47%), ਇਥੋਪੀਆ (46%) ਤੇ ਲਾਇਬੇਰੀਆ (43%)।

ਰਿਪੋਰਟ ਅਨੁਸਾਰ ਬੱਚਿਆਂ ਲਈ ਭੋਜਨ ਗਰੀਬੀ ਦਾ ਮਤਲਬ ਹੈ ਕਿ ਬੱਚਿਆਂ ਨੂੰ ਪੰਜ ਐਸੀਆਂ ਖੁਰਾਕਾਂ ਜੋ ਅਤਿ ਲੋੜੀਂਦੀਆਂ ਹਨ, ਨਹੀਂ ਮਿਲ ਰਹੀਆਂ। ਇਨ੍ਹਾਂ ਵਿਚ ਸਬਜ਼ੀਆਂ, ਫਲ, ਅਨਾਜ, ਪ੍ਰੋਟੀਨ ਅਤੇ ਡੇਅਰੀ ਸ਼ਾਮਲ ਹਨ। ਜਿਨ੍ਹਾਂ ਨੂੰ ਇਨ੍ਹਾਂ ਪੰਜ ਲੋੜੀਂਦੇ ਖੁਰਾਕ ਪਦਾਰਥਾਂ ਦੀ ਬਜਾਇ ਦੋ ਜਾਂ ਘੱਟ ਭੋਜਨ ਖਾਣ ਨੂੰ ਮਿਲਦੇ ਹਨ, ਉਹ ਗੰਭੀਰ ਬਾਲ ਭੋਜਨ ਗਰੀਬੀ ਵਿੱਚ ਕਹੇ ਜਾਂਦੇ ਹਨ; ਜਿਨ੍ਹਾਂ ਨੂੰ ਤਿੰਨ ਜਾਂ ਚਾਰ ਲੋੜੀਂਦੇ ਭੋਜਨ ਪਦਾਰਥ ਖਾਣ ਨੂੰ ਮਿਲਦੇ ਹਨ, ਉਹ ਮੱਧਮ ਬਾਲ ਭੋਜਨ ਗਰੀਬੀ ਵਿੱਚ ਰਹਿ ਰਹੇ ਕਹੇ ਜਾਂਦੇ ਹਨ।

ਗਲੋਬਲ ਹੰਗਰ ਇੰਡੈਕਸ ਵਿੱਚ ਭਾਰਤ ਦਾ ਦਰਜਾ 125 ਦੇਸ਼ਾਂ ਵਿੱਚੋਂ 111 ਹੈ। ਇਥੇ ਇਹ ਦੱਸਣਾ ਲਾਜ਼ਮੀ ਹੈ ਕਿ ਭਾਰਤ ਸਰਕਾਰ ਦੇ ਮਹਿਲਾ ਅਤੇ ਬਾਲ ਵਿਕਾਸ ਮੰਤਰਾਲੇ ਨੇ ਗਲੋਬਲ ਹੰਗਰ ਇੰਡੈਕਸ ਰਿਪੋਰਟ ਮੰਨਣ ਤੋਂ ਇਨਕਾਰ ਕਰ ਦਿੱਤਾ ਹੈ ਅਤੇ ਇਸ ਨੂੰ "ਭੁੱਖ ਦਾ ਗਲਤ ਮਾਪ ਦੰਡ ਦੱਸਿਆ ਹੈ ਜੋ ਭਾਰਤ ਦੀ ਅਸਲ ਸਥਿਤੀ ਨੂੰ ਨਹੀਂ ਦਰਸਾਉਂਦਾ" ਪਰ ਯੂਨੀਸੇਫ ਦੀ ਰਿਪੋਰਟ ਗਲੋਬਲ ਹੰਗਰ ਇੰਡੈਕਸ ਨਾਲ ਮੇਲ ਖਾਂਦੀ ਹੈ ਅਤੇ ਇਸ ਨੇ ਗਲੋਬਲ ਹੰਗਰ ਇੰਡੈਕਸ ਰਿਪੋਰਟ ਦੀ ਪੁਸ਼ਟੀ ਕੀਤੀ ਹੈ।

ਯੂਨੀਸੇਫ ਦੀ ਰਿਪੋਰਟ ਇਸ ਗੱਲ 'ਤੇ ਜ਼ੋਰ ਦਿੰਦੀ ਹੈ ਕਿ ਬੱਚਿਆਂ ਦੀ ਖੁਰਾਕ ਦੀ ਗੰਭੀਰ ਗਰੀਬੀ ਦੇ ਤਿੰਨ ਮੁੱਖ ਕਾਰਨ- ਗਰੀਬ ਭੋਜਨ ਵਾਤਾਵਰਨ, ਮਾੜੇ ਭੋਜਨ ਦਾ ਮਿਲਣਾ ਅਤੇ ਘਰੇਲੂ ਆਮਦਨੀ ਦੀ ਕਮੀ ਹਨ। ਇਹ ਸਭ ਸਮੱਸਿਆ ਭੋਜਨ, ਸਿਹਤ ਅਤੇ ਸਮਾਜਿਕ ਸੁਰੱਖਿਆ ਪ੍ਰਣਾਲੀਆਂ ਵਿੱਚ ਅਸਫਲਤਾਵਾਂ ਤੋਂ ਪੈਦਾ ਹੁੰਦੀ ਹੈ। ਸਰਕਾਰ ਦਾ ਫਰਜ਼ ਹੈ ਕਿ ਉਹ ਐਸਾ ਆਰਥਿਕ ਢਾਂਚਾ ਵਿਕਸਤ ਕਰੇ ਜਿਸ ਵਿੱਚ ਹਰ ਨਾਗਰਿਕ ਨੂੰ ਆਪਣੀ ਅਤੇ ਪਰਿਵਾਰ ਦੀਆਂ ਭੋਜਨ, ਰਿਹਾਇਸ਼, ਸਿਹਤ, ਸਿੱਖਿਆ ਅਤੇ ਵਧਣ-ਫੁੱਲਣ ਦੀਆਂ ਹੋਰ ਕਈ ਲੋੜਾਂ ਦੀ ਪੂਰਤੀ ਲਈ ਲੋੜੀਂਦੀ ਉਜਰਤ ਮਿਲੇ। ਸਵੈ-ਕਮਾਈ ਹਮੇਸ਼ਾ ਹਰ ਸ਼ਖ਼ਸ ਨੂੰ ਮਾਣ ਅਤੇ ਸਨਮਾਨ ਦੀ ਭਾਵਨਾ ਦਿੰਦੀ ਹੈ; ਦੂਜੇ ਬੰਨੇ, ਅਖੌਤੀ ਮੁਫਤ ਰੂਪ ਵਿੱਚ ਮਦਦ (ਭਾਵੇਂ ਲੋਕਾਂ ਜਾਂ ਸਰਕਾਰ ਦੁਆਰਾ ਦਾਨ 'ਤੇ ਨਿਰਭਰ ਹੋਵੇ) ਲੈਣ ਨਾਲ ਸਵੈ-ਮਾਣ ਘਟਦਾ ਹੈ।

ਇਹ ਪ੍ਰਚਾਰਿਆ ਜਾਂਦਾ ਹੈ ਕਿ ਘੱਟ ਆਮਦਨੀ ਵਾਲੇ ਵਰਗ ਦੇ ਲੋਕਾਂ ਨੂੰ ਮੁਫਤ ਮਾਲ ਦੇ ਕੇ ਟੈਕਸ ਦਾਤਾਵਾਂ ਦਾ ਪੈਸਾ ਬਰਬਾਦ ਕੀਤਾ ਜਾ ਰਿਹਾ ਹੈ। ਇਹ ਵੀ ਕਿਹਾ ਜਾ ਰਿਹਾ ਹੈ ਕਿ ਸਮਾਜ ਦਾ ਇਹ ਵਰਗ ਕੰਮ ਨਹੀਂ ਕਰਨਾ ਚਾਹੁੰਦਾ, ਇਸ ਲਈ ਸਰਕਾਰ ਤੋਂ ਮੁਫਤ ਰਾਸ਼ਨ ਅਤੇ ਹੋਰ ਸਹੂਲਤਾਂ ਦਾ ਆਨੰਦ ਲੈ ਰਿਹਾ ਹੈ। ਇਹ ਗੱਲ ਅਸਲ ਵਿੱਚ ਸਚਾਈ ਤੋਂ ਕੋਹਾਂ ਦੂਰ ਹੈ ਅਤੇ ਗਰੀਬ ਕਿਰਤੀ ਲੋਕਾਂ ਦਾ ਅਪਮਾਨ ਹੈ ਜੋ ਨੌਕਰੀਆਂ ਅਤੇ ਰੋਜ਼ੀ-ਰੋਟੀ ਦੇ ਸਾਧਨਾਂ ਦੀ ਭਾਲ ਵਿੱਚ ਲਗਾਤਾਰ ਲੱਗੇ ਹੋਏ ਹਨ।



ਸਰਕਾਰ ਦੁਆਰਾ ਅਪਣਾਈਆਂ ਆਰਥਿਕ ਨੀਤੀਆਂ ਦੇ ਨਤੀਜੇ ਵਜੋਂ ਅਤੇ ਨੌਕਰੀਆਂ ਮੁਹੱਈਆ ਕਰਨ ਜਾਂ ਰੋਜ਼ੀ-ਰੋਟੀ ਦੇ ਸਾਧਨਾਂ ਦੀ ਸਹੂਲਤ ਦੇਣ ਵਿੱਚ ਅਸਫਲ ਰਹਿਣ ਕਾਰਨ, ਆਮਦਨ ਅਤੇ ਜੀਵਨ ਪੱਧਰ ਦੇ ਮਾਮਲੇ ਵਿੱਚ ਆਬਾਦੀ ਵਿੱਚ ਅਸਮਾਨਤਾ ਪਿਛਲੇ ਦਹਾਕੇ ਦੌਰਾਨ ਕਈ ਗੁਣਾ ਵਧ ਗਈ ਹੈ। ਔਕਸਫੈਮ ਅਨੁਸਾਰ, 2021 ਵਿੱਚ ਭਾਰਤ ਦੇ ਸਿਖਰਲੇ 1% ਲੋਕਾਂ ਕੋਲ ਦੇਸ਼ ਦੀ ਕੁੱਲ ਦੌਲਤ ਦੇ 4015% ਤੋਂ ਵੱਧ ਦੀ ਮਲਕੀਅਤ ਸੀ। ਭਾਰਤੀ ਆਬਾਦੀ ਦੇ ਚੋਟੀ ਦੇ 10% ਲੋਕਾਂ ਕੋਲ ਕੁੱਲ ਰਾਸ਼ਟਰੀ ਦੌਲਤ ਦਾ 77% ਹੈ। ਅਰਬਪਤੀਆਂ ਦੀ ਸੰਖਿਆ 2000 ਵਿੱਚ ਸਿਰਫ਼ 9 ਤੋਂ ਵਧ ਕੇ 2017 ਵਿੱਚ 101 ਹੋ ਗਈ। ਅੱਜ ਇਹ ਸੰਖਿਆ 162 ਹੋ ਗਈ ਹੈ। 2018 ਅਤੇ 2022 ਦੇ ਵਿਚਕਾਰ ਭਾਰਤ ਵਿੱਚ ਹਰ ਰੋਜ਼ 70 ਨਵੇਂ ਕਰੋੜਪਤੀ ਪੈਦਾ ਹੋਣ ਦਾ ਅਨੁਮਾਨ ਹੈ।

ਇਸ ਦੇ ਉਲਟ ਬਹੁਤ ਸਾਰੇ ਆਮ ਭਾਰਤੀ ਲੋੜੀਂਦੀ ਸਿਹਤ ਦੇਖਭਾਲ ਅਤੇ ਹੋਣ ਵਾਲੇ ਖਰਚੇ ਨੂੰ ਸਹਿ ਨਹੀਂ ਸਕਦੇ; ਉਨ੍ਹਾਂ ਵਿੱਚੋਂ 613 ਕਰੋੜ ਲੋਕ ਹਰ ਸਾਲ ਸਿਹਤ ਸੰਭਾਲ ਖਰਚਿਆਂ ਕਾਰਨ ਗਰੀਬੀ ਵਿੱਚ ਧੱਕੇ ਜਾਂਦੇ ਹਨ - ਹਰ ਸਕਿੰਟ ਵਿੱਚ ਲਗਭਗ ਦੋ ਲੋਕ। ਭਾਰਤੀ ਕਾਮਿਆਂ ਲਈ ਘੱਟੋ-ਘੱਟ ਕਾਨੂੰਨੀ ਉਜਰਤ ਕੁਝ ਅਫਰੀਕੀ ਦੇਸ਼ਾਂ ਨੂੰ ਛੱਡ ਕੇ ਦੁਨੀਆ ਵਿੱਚ ਸਭ ਤੋਂ ਘੱਟ ਹੈ। 14 ਮਈ 2024 ਨੂੰ 'ਸਟੈਟਿਸਟਾ' ਵਿੱਚ ਪ੍ਰਕਾਸ਼ਿਤ ਲੇਖ ਵਿੱਚ ਮਾਨਿਆ ਰਾਠੌਰ ਅਨੁਸਾਰ, 'ਬਹੁਤ ਸਾਰੇ ਭਾਰਤੀ ਪਰਿਵਾਰਾਂ ਦੀ ਕਮਾਈ 2021 ਵਿੱਚ 1,25000 ਅਤੇ 500,000 ਭਾਰਤੀ ਰੁਪਏ ਪ੍ਰਤੀ ਸਾਲ ਸੀ। ਉਂਝ, ਸਰਕਾਰਾਂ ਵੱਧ ਤਨਖ਼ਾਹਾਂ ਜਾਂ ਰੋਜ਼ੀ-ਰੋਟੀ ਦੇ ਸਾਧਨ ਯਕੀਨੀ ਬਣਾਉਣ ਦੀ ਬਜਾਇ ਗੁਜ਼ਾਰਾ ਮਜ਼ਦੂਰੀ ਅਤੇ ਕੁਝ ਪੈਸੇ ਦਾਨ ਵਜੋਂ ਦੇਣ ਦੀ ਕੋਸ਼ਿਸ਼ ਕਰਦੀਆਂ ਹਨ। ਉਦਾਹਰਨ ਵਜੋਂ ਮੋਦੀ ਸਰਕਾਰ ਨੇ 5 ਕਿਲੋ ਅਨਾਜ, ਇੱਕ ਕਿਲੋ ਦਾਲ ਅਤੇ ਥੋੜ੍ਹਾ ਜਿਹਾ ਤੇਲ ਦੇਣ ਦਾ ਫੈਸਲਾ ਕੀਤਾ ਹੈ। ਇਸ ਦੀ ਕੁੱਲ ਲਾਗਤ ਲਗਭਗ 250 ਰੁਪਏ ਬਣਦੀ ਹੈ (ਇਹ ਵੀ ਲਗਾਤਾਰ ਸਪਲਾਈ ਵਿੱਚ ਨਹੀਂ ਹੈ)। ਇਹ 80 ਕਰੋੜ ਲੋਕਾਂ ਨੂੰ ਸਪਲਾਈ ਕੀਤਾ ਜਾ ਰਿਹਾ ਹੈ ਜਿਸ ਦਾ ਮਤਲਬ ਹੈ ਕਿ ਸਰਕਾਰ ਸਵੀਕਾਰ ਕਰਦੀ ਹੈ ਕਿ ਸਾਡੀ ਲਗਭਗ 60% ਆਬਾਦੀ ਅਤਿ ਗਰੀਬੀ ਵਿੱਚ ਰਹਿੰਦੀ ਹੈ; ਹਾਲਾਂਕਿ ਜਿਵੇਂ ਉੱਪਰ ਦੱਸਿਆ ਗਿਆ ਹੈ ਕਿ ਇੰਨਾ ਕੁ ਰਾਸ਼ਨ ਕਿਸੇ ਵੀ ਸ਼ਖ਼ਸ ਦੀ ਪੌਸ਼ਟਿਕ ਜ਼ਰੂਰਤ ਨੂੰ ਪੂਰਾ ਨਹੀਂ ਕਰਦਾ। ਜੀਵਨ ਦੇ ਸ਼ੁਰੂਆਤੀ ਦੌਰ ਵਿੱਚ ਬੱਚਾ ਮਾਂ ਦੇ ਦੁੱਧ 'ਤੇ ਹੀ ਨਿਰਭਰ ਹੁੰਦਾ ਹੈ ਪਰ ਜੇ ਮਾਂ ਖੁਦ ਕੁਪੋਸ਼ਿਤ ਹੈ ਤਾਂ ਇਹ ਸਹਿਜੇ ਹੀ ਸਮਝ ਆਉਂਦਾ ਹੈ ਕਿ ਬੱਚੇ ਦੀ ਸਿਹਤ ਅਤੇ ਵਿਕਾਸ 'ਤੇ ਕੀ ਫਰਕ ਪਏਗਾ।

ਔਕਸਫੈਮ ਇੰਡੀਆ ਦੇ ਸੀਈਓ ਅਮਿਤਾਭ ਬਿਹਰ ਨੇ ਕਿਹਾ, "ਭਾਰਤ ਬਦਕਿਸਮਤੀ ਨਾਲ ਸਿਰਫ਼ ਅਮੀਰਾਂ ਦਾ ਦੇਸ਼ ਬਣਨ ਦੇ ਤੇਜ਼ ਰਸਤੇ 'ਤੇ ਹੈ।... ਦੇਸ਼ ਦੇ ਹਾਸ਼ੀਏ 'ਤੇ ਦਲਿਤ, ਆਦਿਵਾਸੀ, ਮੁਸਲਮਾਨ, ਔਰਤਾਂ ਅਤੇ ਗੈਰ-ਰਸਮੀ ਖੇਤਰ ਦੇ ਕਾਮੇ ਅਜਿਹੀ ਪ੍ਰਣਾਲੀ ਵਿੱਚ ਲਗਾਤਾਰ ਪੀੜਤ ਹਨ ਜੋ ਸਭ ਤੋਂ ਅਮੀਰਾਂ ਦਾ ਬਚਾਅ ਯਕੀਨੀ ਬਣਾਉਂਦੀ ਹੈ।" ਮੌਜੂਦਾ ਸਮੇਂ ਵਿੱਚ ਅਮੀਰ ਕਾਰਪੋਰੇਟ ਟੈਕਸਾਂ, ਟੈਕਸ ਛੋਟਾਂ ਅਤੇ ਹੋਰ ਛੋਟਾਂ ਵਿੱਚ ਕਮੀ ਦਾ ਲਾਭ ਪ੍ਰਾਪਤ ਕਰ ਰਹੇ ਹਨ। ਕਾਰਪੋਰੇਟ ਟੈਕਸ ਨੂੰ 30% ਤੋਂ ਘਟਾ ਕੇ 15 ਪ੍ਰਤੀਸ਼ਤ ਕਰ ਦਿੱਤਾ ਗਿਆ। ਇਸ ਨਾਲ ਉਨ੍ਹਾਂ ਨੂੰ 1176 ਲੱਖ ਕਰੋੜ ਰੁਪਏ ਦੀ ਛੋਟ ਮਿਲੀ। ਇਨ੍ਹਾਂ ਧਨ ਕੁਬੇਰਾਂ ਦੇ ਬੈਂਕਾਂ ਤੋਂ ਲਏ 25 ਲੱਖ ਕਰੋੜ ਰੁਪਏ ਦਾ ਕਰਜ਼ਾ ਵੀ ਮੁਆਫ ਕਰ ਦਿੱਤਾ ਗਿਆ। ਜਿੱਥੇ ਉੱਚ ਅਮੀਰਾਂ ਨੂੰ ਟੈਕਸ ਲਾਭ ਮਿਲ ਰਹੇ ਹਨ, ਦੇਸ਼ ਵਿੱਚ ਕੁੱਲ ਵਸਤੂਆਂ ਅਤੇ ਸੇਵਾਵਾਂ ਟੈਕਸ (ਜੀਐੱਸਟੀ) ਦਾ ਲਗਭਗ 64% ਹਿੱਸਾ ਹੇਠਲੀ 50% ਆਬਾਦੀ ਤੋਂ ਆਇਆ ਹੈ, ਜਦੋਂ ਕਿ ਇਸ ਦਾ ਸਿਰਫ 4% ਹਿੱਸਾ ਚੋਟੀ ਦੇ 10% ਲੋਕਾਂ ਕੋਲੋਂ ਆਇਆ ਹੈ।

ਵਿਸ਼ਵ ਅਸਮਾਨਤਾ ਪ੍ਰਯੋਗਸ਼ਾਲਾ ਦਾ ਅਧਿਐਨ ਦਰਸਾਉਂਦਾ ਹੈ ਕਿ ਭਾਰਤ ਦੇ ਅਮੀਰ ਅਤੇ ਗਰੀਬ ਵਿਚਕਾਰ ਪਾੜਾ ਹੁਣ ਇੰਨਾ ਵਿਸ਼ਾਲ ਹੈ ਕਿ ਕੁਝ ਅਰਥ ਸ਼ਾਸਤਰੀਆਂ ਦੇ ਸਮੂਹ ਅਨੁਸਾਰ, ਬ੍ਰਿਟਿਸ਼ ਬਸਤੀਵਾਦੀ ਸ਼ਾਸਨ ਵਿੱਚ ਭਾਰਤ ਵਿੱਚ ਆਮਦਨ ਦੀ ਵੰਡ ਹੁਣ ਨਾਲੋਂ ਜ਼ਿਆਦਾ ਬਰਾਬਰ ਸੀ। ਇਹ ਸਭ ਕੁਝ ਉਸ ਸਮੇਂ ਹੋ ਰਿਹਾ ਹੈ ਜਦੋਂ ਭਾਰਤ 'ਵਿਸ਼ਵ ਗੁਰੂ' ਬਣਨਾ ਚਾਹੁੰਦਾ ਹੈ ਅਤੇ ਸਰਕਾਰ ਦੁਆਰਾ 7% ਵਿਕਾਸ ਦਰ ਦਾ ਦਾਅਵਾ ਕੀਤਾ ਜਾ ਰਿਹਾ ਹੈ; ਹਾਲਾਂਕਿ ਇਸ ਵਿਕਾਸ ਦਰ ਦਾ ਪ੍ਰੋ। ਅਰੁਣ ਕੁਮਾਰ ਸਮੇਤ ਕਈ ਅਰਥ ਸ਼ਾਸਤਰੀਆਂ ਦੁਆਰਾ ਖੰਡਨ ਕੀਤਾ ਗਿਆ ਹੈ। ਉਨ੍ਹਾਂ ਖ਼ਬਰਦਾਰ ਕੀਤਾ ਹੈ ਕਿ ਅਸਲ ਵਿਕਾਸ ਦਰ 2% ਦੇ ਆਸ ਪਾਸ ਹੋ ਸਕਦੀ ਹੈ।

ਕਿਸੇ ਵੀ ਮੁਲਕ ਦੇ ਵਿਕਾਸ ਲਈ ਇਹ ਜ਼ਰੂਰੀ ਹੈ ਕਿ ਆਉਣ ਵਾਲੀ ਪੀੜ੍ਹੀ ਸਿਹਤਮੰਦ ਹੋਵੇ। ਫੌਰੀ ਲੋੜ ਹੈ ਕਿ ਪੋਸ਼ਣ, ਸਿਹਤ ਤੇ ਸਿੱਖਿਆ 'ਤੇ ਖਰਚੇ ਵਧਾਉਣ ਲਈ ਆਰਥਿਕ ਨੀਤੀਆਂ ਮੁੜ ਤਿਆਰ ਕੀਤੀਆਂ ਜਾਣ। ਇਹ ਕਾਰਜ ਨੇਪਰੇ ਚਾੜ੍ਹਨ ਲਈ ਕਾਰਪੋਰੇਟ ਸੰਚਾਲਿਤ ਆਰਥਿਕਤਾ ਦੇ ਮੌਜੂਦਾ ਮਾਹੌਲ ਵਿੱਚ ਅੰਦੋਲਨਾਂ ਦੀ ਲੋੜ ਪਵੇਗੀ। ਮੌਜੂਦਾ ਆਰਥਿਕਤਾ ਵਿੱਚ ਤਾਂ ਬਹੁਤ ਸਾਰੇ ਖੇਤਰਾਂ ਵਿੱਚ ਲੋਕ ਹਾਸ਼ੀਏ 'ਤੇ ਚਲੇ ਗਏ ਹਨ। ਆਓ, ਅਸੀਂ ਆਪਣੇ ਬੱਚਿਆਂ ਪ੍ਰਤੀ ਜ਼ਿੰਮੇਵਾਰੀ ਨਿਭਾਈਏ; ਨਹੀਂ ਤਾਂ ਆਉਣ ਵਾਲੀਆਂ ਪੀੜ੍ਹੀਆਂ ਸਾਨੂੰ ਮੁਆਫ਼ ਨਹੀਂ ਕਰਨਗੀਆਂ।

# ਮੈਕਸਿਕੋ ਵਿੱਚ ਸ਼ੀਨਬੌਮ ਦੀ ਜਿੱਤ ਕੋਈ ਸੁਧਾਰ ਵੱਲ ਸੰਕੇਤ ਜਾਂ ਨਹੀਂ



ਕੰਵਲਜੀਤ ਕੌਰ ਗਿੱਲ

ਵਾਤਾਵਰਨ ਸਾਇੰਸਦਾਨ ਅਤੇ ਸਾਬਕਾ ਮੇਅਰ ਕਲੌਡੀਆ ਸ਼ੀਨਬੌਮ ਨੂੰ ਮੈਕਸਿਕੋ ਦੀਆਂ ਚੋਣਾਂ ਵਿੱਚ ਜਿੱਤ ਪ੍ਰਾਪਤ ਕਰਨ ਅਤੇ ਮੁਲਕ ਦੀ ਪਹਿਲੀ ਔਰਤ ਰਾਸ਼ਟਰਪਤੀ ਬਣਨ ਦਾ ਮਾਣ ਪ੍ਰਾਪਤ ਹੋਇਆ ਹੈ। ਮੁਲਕ ਦੇ 200 ਸਾਲ ਪੁਰਾਣੇ ਮਰਦ ਪ੍ਰਧਾਨ ਸਮਾਜ ਵਿੱਚ ਵਿਸ਼ਾਲ ਪੱਧਰ 'ਤੇ ਹੋਈਆਂ ਚੋਣਾਂ (2 ਜੂਨ) ਵਿੱਚ ਸ਼ੀਨਬੌਮ ਦੀ ਜਿੱਤ ਨੂੰ ਇਤਿਹਾਸਕ ਪ੍ਰਾਪਤੀ ਵਜੋਂ ਦੇਖਿਆ ਜਾ ਰਿਹਾ ਹੈ। ਚੋਣ ਮੈਦਾਨ ਵਿੱਚ ਮੁੱਖ ਰੂਪ ਵਿੱਚ ਤਿੰਨ ਉਮੀਦਵਾਰਸਨ। ਤੀਜੇ ਸਥਾਨ 'ਤੇ ਆਉਣ ਵਾਲੇ ਉਮੀਦਵਾਰ ਜਾਰਜ ਮਾਇਨੇਜ਼ ਨੂੰ 10.57% ਅਤੇ ਐਕਸੋਚਿਲ ਗਲਵੇਸ 28.11% ਵੋਟਾਂ ਮਿਲੀਆਂ। ਕਲੌਡੀਆ ਸ਼ੀਨਬੌਮ ਨੇ 61.18% ਵੋਟਾਂ ਪ੍ਰਾਪਤ ਕਰ ਕੇ ਇਤਿਹਾਸ ਸਿਰਜਿਆ। ਮੋਰੀਨਾ ਪਾਰਟੀ ਦੇ ਪਹਿਲੇ ਰਾਸ਼ਟਰਪਤੀ ਲੋਪਸ ਓਬਰਾਡੋਰ ਤੋਂ ਬਾਅਦ ਕਲੌਡੀਆ ਸ਼ੀਨਬੌਮ 6 ਸਾਲਾਂ ਲਈ ਇਸ ਅਹੁਦੇ 'ਤੇ ਰਹੇਗੀ। ਮੈਕਸਿਕੋ ਦੀ ਸਮੁੱਚੀ ਜਨਤਾ, ਖਾਸ ਕਰ ਕੇ ਔਰਤਾਂ ਨੂੰ ਉਸ ਤੋਂ ਬਹੁਤ ਉਮੀਦਾਂ ਹਨ। ਜਨਤਾ ਨੂੰ ਭਰੋਸਾ ਹੈ ਕਿ ਜਿਹੜੇ ਕੰਮ ਪਹਿਲੀਆਂ ਪਾਰਟੀਆਂ ਦੇ ਅਹੁਦੇਦਾਰ ਨਹੀਂ ਕਰ ਸਕੇ ਜਾਂ ਉਹ ਲੋਕਾਂ ਦੀਆਂ ਉਮੀਦਾਂ 'ਤੇ ਪੂਰੀ ਤਰਾਂ ਨਹੀਂ ਉਤਰੇ, ਉਹ ਕੰਮ ਹੁਣ ਵਧੇਰੇ ਸੁਚੱਜੇ ਢੰਗ ਨਾਲ ਹੋਣਗੇ। ਮੈਕਸਿਕਨ ਸਮਾਜ ਭਾਵੇਂ ਮਰਦ ਪ੍ਰਧਾਨ ਰਿਹਾ ਹੈ, ਫਿਰ ਵੀ ਆਰਥਿਕ ਅਤੇ ਵਿਕਾਸ ਨਾਲ ਸਬੰਧਿਤ ਹੋਰ ਪ੍ਰੋਗਰਾਮ ਤੇ ਨੀਤੀਆਂ ਇਸ ਪ੍ਰਕਾਰ ਦੀਆਂ ਉਲੀਕੀਆਂ ਜਾਣਗੀਆਂ ਜਿਸ ਵਿੱਚ ਔਰਤਾਂ ਦੇ ਹਿੱਤਾਂ ਦਾ ਧਿਆਨ ਰੱਖਿਆ ਜਾਵੇਗਾ।

ਮੈਕਸਿਕੋ ਵਿੱਚ ਕੁਝ ਇਲਾਕੇ ਅਜਿਹੇ ਹਨ ਜਿੱਥੇ ਮੂਲ ਮੈਕਸਿਕਨ ਰਹਿੰਦੇ ਹਨ। ਉਹ ਆਦੀਵਾਸੀ ਨਹੀਂ ਪਰ ਉਨ੍ਹਾਂ ਦਾ ਆਪਣਾ ਸਮਾਜਿਕ ਸੱਭਿਆਚਾਰਕ ਭਾਈਚਾਰਾ ਹੈ, ਇਹ ਨਸਲਵਾਦ ਦਾ ਸ਼ਿਕਾਰ ਹੋ ਰਹੇ ਹਨ। ਇਨ੍ਹਾਂ ਇਲਾਕਿਆਂ ਵਿੱਚ ਗਰੀਬੀ ਬਹੁਤ ਜ਼ਿਆਦਾ ਹੈ। 20% ਦੇ ਕਰੀਬ ਲੋਕ ਘੋਰ ਗਰੀਬੀ ਵਾਲੀ ਜ਼ਿੰਦਗੀ ਬਸਰ ਕਰ ਰਹੇ ਹਨ। ਗਰੀਬੀ ਦਾ ਭਾਰ ਔਰਤਾਂ ਉੱਪਰ ਵਧੇਰੇ ਹੈ। ਆਧੁਨਿਕ ਸਿਹਤ ਸਹੂਲਤਾਂ ਦੀ ਅਣਹੋਂਦ ਅਤੇ ਅਨਪੜ੍ਹਤਾ ਤੋਂ ਇਲਾਵਾ ਇਨ੍ਹਾਂ ਔਰਤਾਂ ਦੇ ਜ਼ਮੀਨੀ ਹੱਕ ਨਾ-ਮਾਤਰ ਹਨ। ਗਰੀਬੀ ਕਾਰਨ ਔਰਤਾਂ ਘਰੇਲੂ ਹਿੰਸਾ ਦਾ ਸ਼ਿਕਾਰ ਵੀ ਹੁੰਦੀਆਂ ਹਨ। ਵੋਟਾਂ ਦਾ ਕਾਰਜ ਸਮਾਪਤ ਹੋਣ ਮਗਰੋਂ ਪ੍ਰੈੱਸ ਰਿਪੋਰਟਰਾਂ ਨੇ ਇਨ੍ਹਾਂ ਔਰਤਾਂ ਨਾਲ ਗੱਲਬਾਤ ਕੀਤੀ ਤਾਂ ਉਨ੍ਹਾਂ ਸਪਸ਼ਟ ਕਿਹਾ ਕਿ ਅਸੀਂ ਸ਼ੀਨਬੌਮ ਨੂੰ ਵੋਟਾਂ ਉਸ ਦੇ ਔਰਤ ਹੋਣ ਦੇ ਨਾਲ-ਨਾਲ ਉਸ ਦੀ ਕਾਬਲੀਅਤ ਅਤੇ ਮੇਅਰ ਦੇ ਤੌਰ 'ਤੇ ਕੰਮ ਕਾਜ ਦੇ ਤਰੀਕੇ ਨੂੰ ਧਿਆਨ ਵਿੱਚ ਰੱਖ ਕੇ ਪਾਈਆਂ ਹਨ। ਸ਼ੀਨਬੌਮ ਜਿਸ ਪਾਰਟੀ ਵੱਲੋਂ ਜਿੱਤੀ ਹੈ, ਉਸ ਦੀ ਵਿਚਾਰਧਾਰਾ ਖੱਬੇ ਪੱਖੀ ਹੋਣ ਕਾਰਨ ਲੋਕਾਂ ਦਾ ਵਿਸ਼ਵਾਸ ਹੈ ਕਿ ਇਹ ਪਾਰਟੀ ਲੋਕ ਪੱਖੀ ਕੰਮ ਕਾਜ ਨੂੰ ਪਹਿਲ ਦੇਵੇਗੀ।




1962 ਵਿੱਚ ਜਨਮੀ ਸ਼ੀਨਬੌਮ ਨੇ ਫਿਜ਼ਿਕਸ ਦੀ ਗ੍ਰੈਜੂਏਸ਼ਨ ਤੋਂ ਬਾਅਦ ਉਚੇਰੀ ਪੜ੍ਹਾਈ ਦੀ ਡਿਗਰੀ ਵਾਤਾਵਰਨ ਨਾਲ ਸਬੰਧਿਤ ਵਿਸ਼ਿਆਂ ਵਿੱਚ ਪ੍ਰਾਪਤ ਕੀਤੀ ਜਿਸ ਵਿੱਚ ਉਸ ਨੂੰ ਨੋਬੇਲ ਸ਼ਾਂਤੀ ਪੁਰਸਕਾਰ ਵੀ ਮਿਲਿਆ। ਨੈਸ਼ਨਲ ਰੀਜੈਨਰੇਸ਼ਨ ਮੂਵਮੈਂਟ ਦੀ ਮੋਰੀਨਾ ਪਾਰਟੀ ਨੇ ਪਹਿਲਾਂ ਤੋਂ ਚਲੇ ਆ ਰਹੇ ਰਾਸ਼ਟਰਪਤੀ ਲੋਪਸ ਓਬਰਾਡੋਰ ਤੋਂ ਬਾਅਦ ਮੌਜੂਦਾ ਆਮ ਚੋਣਾਂ ਦੌਰਾਨ ਸ਼ੀਨਬੌਮ ਨੂੰ ਇਸ ਅਹੁਦੇ ਲਈ ਨਾਮਜਦ ਕੀਤਾ। ਮੈਕਸਿਕੋ ਦੀਆਂ ਇਹ ਪਹਿਲੀਆਂ ਚੋਣਾਂ ਹਨ ਜਦੋਂ ਰਾਸ਼ਟਰਪਤੀ ਦੇ ਅਹੁਦੇ ਲਈ ਔਰਤ ਨੂੰ ਅਗਾਂਹ ਲਿਆਂਦਾ ਗਿਆ। ਸ਼ੀਨਬੌਮ ਦਾ ਸਮਾਜਿਕ ਮੁੱਦਿਆਂ ਲਈ ਫ਼ਿਕਰਮੰਦੀ ਅਤੇ ਸਿਆਸੀ ਮਸਲਿਆਂ ਲਈ ਖਾਸ ਰੁਚੀ ਦੀ ਬਦੌਲਤ ਉਹਨੇ ਸ਼ਾਨਦਾਰ ਜਿੱਤ ਵੀ ਪ੍ਰਾਪਤ ਕੀਤੀ। ਇਸ ਤੋਂ ਪਹਿਲੇ ਓਬਰਾਡੋਰ ਨੇ ਮੈਕਸਿਕੋ ਦੀ ਰਾਜਨੀਤੀ ਅਤੇ ਅਰਥਚਾਰੇ ਨੂੰ ਮੁੜ ਸੰਵਾਰਨ ਦੇ ਪੁਰਜ਼ੋਰ ਯਤਨ ਕੀਤੇ ਪਰ ਵਿਰੋਧੀ ਪਾਰਟੀਆਂ ਨੇ ਉਸ ਨੂੰ ਕਈ ਮੁੱਦਿਆਂ ਵਿੱਚ ਕਾਮਯਾਬ ਨਹੀਂ ਹੋਣ ਦਿੱਤਾ। ਕੰਮ ਵਿੱਚ ਰੁਕਾਵਟਾਂ ਪਾਉਣੀਆਂ, ਉਲੀਕੇ ਪ੍ਰੋਗਰਾਮ ਵਿੱਚ ਬੇਤੁਕੀਆਂ ਗ਼ਲਤੀਆਂ ਕੱਢਣੀਆਂ ਜਾਂ ਦੂਸ਼ਣਬਾਜ਼ੀ ਵਿਰੋਧੀ ਧਿਰਾਂ ਦਾ ਆਮ ਕੰਮ ਹੁੰਦਾ ਹੈ। ਕੋਈ ਵੀ ਸੱਤਾਧਾਰੀ ਪਾਰਟੀ ਜਾਂ ਸ਼ਖ਼ਸੀਅਤ ਜਦੋਂ ਕਿਸੇ ਕਾਰਨ ਵੱਡੀ ਗਿਣਤੀ ਦੇ ਮੁਫਾਦ ਪੂਰੇ ਕਰਨ ਵਿੱਚ ਸਫਲ ਨਹੀਂ ਹੁੰਦੀ ਜਾਂ ਮੁੱਠੀ ਭਰ ਲੋਕਾਂ ਦੇ ਹੱਥਾਂ ਵਿੱਚ ਖੇਡਣ ਲੱਗਦੀ ਹੈ ਤੇ ਲੋਕਾਂ ਦੇ ਆਮ ਮੁੱਦੇ ਸਿੱਖਿਆ, ਸਿਹਤ, ਰੁਜ਼ਗਾਰ ਆਦਿ ਨਜ਼ਰ ਅੰਦਾਜ਼ ਹੁੰਦੇ ਹਨ ਤਾਂ ਉਸ ਸੱਤਾ ਦੀ ਤਬਦੀਲੀ ਤੈਅ ਹੁੰਦੀ ਹੈ। ਇਸ ਸਮੇਂ ਮੈਕਸਿਕੋ ਅਜਿਹੀ ਹਾਲਤ ਵਿੱਚੋਂ ਹੀ ਲੰਘ ਰਿਹਾ ਸੀ। ਲੋਕ ਤਬਦੀਲੀ ਚਾਹੁੰਦੇ ਸਨ।

ਮੈਕਸਿਕੋ 200 ਸਾਲਾਂ ਤੋਂ ਮਰਦ ਪ੍ਰਧਾਨ ਸਮਾਜ ਹੈ। ਧਾਰਮਿਕ ਤੌਰ 'ਤੇ ਲੋਕ ਕੈਥੋਲਿਕ ਹਨ। ਰਾਜਨੀਤਕ ਕਾਰਜਾਂ ਵਿੱਚ ਵੱਡੇ ਕਾਰਪੋਰੇਟ ਘਰਾਣਿਆਂ ਦਾ ਦਖਲ ਹੈ। ਹੁਣ ਉਨ੍ਹਾਂ ਦੀ ਲੀਡਰ ਯਹੂਦੀ ਭਾਈਚਾਰੇ ਤੋਂ ਹੋਵੇਗੀ ਜਿਹੜੀ ਉਚ ਸਿੱਖਿਆ ਪ੍ਰਾਪਤ, ਸਾਇੰਸਦਾਨ ਅਤੇ ਵਾਤਾਵਰਨ ਮਾਹਿਰ ਹੈ। ਪਹਿਲੀ ਅਕਤੂਬਰ 2024 ਨੂੰ ਆਪਣਾ ਅਹੁਦਾ ਸੰਭਾਲਣ ਤੋਂ ਬਾਅਦ ਨਵੀਂ ਲੀਡਰਸ਼ਿਪ ਨੂੰ ਪੁਰਾਣੀਆਂ ਸਮੱਸਿਆਵਾਂ ਨਾਲ ਜੂਝਣਾ ਪਵੇਗਾ। ਕਈ ਨਵੀਂਆਂ ਚੁਣੌਤੀਆਂ ਦਾ ਸਾਹਮਣਾ ਵੀ

**(ਬਾਕੀ ਅਗਲੇ ਸਫੇ 'ਤੇ)**

# ਨੀਟ ਘਪਲਾ ਅਤੇ ਸਿੱਖਿਆ ਵਿਚ ਵਧਦੇ ਵਪਾਰ ਦੀਆਂ ਅਲਾਮਤਾਂ



ਅਵਿਜੀਤ ਪਾਠਕ

ਨੌਜਵਾਨਾਂ ਦੇ ਜੀਵਨ ਪੰਧ ਦਾ ਖ਼ਾਕਾ ਘੜਨ ਵਾਲੇ ਨੀਟ (ਕੌਮੀ ਯੋਗਤਾ ਤੇ ਦਾਖ਼ਲਾ ਟੈਸਟ) ਅਤੇ ਨੈਟ (ਕੌਮੀ ਯੋਗਤਾ ਟੈਸਟ) ਜਿਹੇ ਇਕਸਾਰ ਟੈਸਟਾਂ ਵਿੱਚ ਹੋਏ ਘਪਲਿਆਂ ਬਾਰੇ ਕਾਫ਼ੀ ਕੁਝ ਆਖਿਆ ਤੇ ਲਿਖਿਆ ਜਾ ਚੁੱਕਿਆ ਹੈ। ਕੌਮੀ ਟੈਸਟਿੰਗ ਅਥਾਰਿਟੀ (ਐਨਟੀਏ) ਦੇ ਕਾਰਵਿਹਾਰ ਖ਼ਿਲਾਫ਼ ਵਿਦਿਆਰਥੀਆਂ ਅਤੇ ਉਨ੍ਹਾਂ ਦੇ ਮਾਪਿਆਂ ਦੇ ਰੋਹ ਅਤੇ ਸਿਆਸੀ ਪਾਰਟੀਆਂ ਦੇ ਪ੍ਰਦਰਸ਼ਨਾਂ ਤੋਂ ਸੰਕੇਤ ਮਿਲਦਾ ਹੈ ਕਿ ਇਨ੍ਹਾਂ ਟੈਸਟਾਂ ਨੇ ਕਿਵੇਂ ਦੇਸ਼ ਦੇ ਸਿੱਖਿਆ ਧਰਾਤਲ ਦੀ ਕੇਂਦਰੀ ਸਪੇਸ 'ਤੇ ਕਬਜ਼ਾ ਕਰ ਲਿਆ ਹੈ। ਫਿਰ ਵੀ ਇਸ ਸਾਰੇ ਰੌਲੇ ਰੱਪੇ ਦੇ ਬਾਵਜੂਦ ਜਿਸ ਗੱਲ ਦੀ ਕਮੀ ਰੜਕ ਰਹੀ ਹੈ, ਉਹ ਹੈ ਇਸ ਕਿਸਮ ਦੇ ਟੈਸਟਾਂ ਦੇ ਮੂਲ ਤਰਕ 'ਤੇ ਕਿੰਤੂ ਕਰਨ ਅਤੇ ਇਹ ਸੋਚ ਵਿਚਾਰ ਕਰਨ ਦੀ ਹਿੰਮਤ ਕਿ ਇਸ ਦੇ ਨਾਲੋ-ਨਾਲ ਕੋਚਿੰਗ ਸਨਅਤ ਦੇ ਵਿਕਾਸ ਨੇ ਸਾਡੇ ਯੁਵਾ ਮਨਾਂ ਦੇ ਮਾਨਸਿਕ, ਸੱਭਿਆਚਾਰਕ ਅਤੇ ਸੁਹਜਮਈ ਵਿਕਾਸ ਨੂੰ ਕਿੰਨੀ ਵੱਡੀ ਸੱਟ ਮਾਰੀ ਹੈ। ਮੱਤ ਭੁੱਲੋ ਕਿ ਦੌਲਤ ਬਣਾਉਣ ਦਾ ਇਹ ਮਹਾ ਕਾਰੋਬਾਰ ਬੇਚੈਨੀ ਵਿੱਚ ਗ੍ਰਸੇ ਮਾਪਿਆਂ ਨੂੰ ਇਸ ਵਾਅਦੇ ਨਾਲ ਫੁਸਲਾਉਂਦਾ ਰਹਿੰਦਾ ਹੈ ਕਿ ਉਨ੍ਹਾਂ ਦੇ ਬੱਚਿਆਂ ਨੂੰ ਇੱਕ ਦਿਸ਼ਾਵੀ 'ਪ੍ਰੀਖਿਆ ਯੋਧਾ' ਬਣਾ ਕੇ ਇਨ੍ਹਾਂ ਟੈਸਟਾਂ ਨੂੰ ਪਾਸ ਕਰਨ ਦਾ 'ਗੁਰਮੰਤਰ' ਦੇ ਦਿੱਤਾ ਜਾਵੇਗਾ ਤਾਂ ਕਿ ਉਹ ਇੱਕ ਦੂਜੇ ਨਾਲ ਹੋੜ ਵਿੱਚ ਪਏ ਸਮਾਜ ਅੰਦਰ ਡਾਕਟਰ ਜਾਂ ਇੰਜਨੀਅਰ ਬਣ ਕੇ ਲਾਹੇਵੰਦ ਪੈਕੇਜ ਹਾਸਿਲ ਕਰ ਕੇ 'ਸਫਲ' ਅਖਵਾ ਸਕੇ।

ਅਜੇ ਵੀ ਸਮਾਂ ਹੈ ਕਿ ਅਸੀਂ ਇਸ ਤੱਥ ਨੂੰ ਸਵੀਕਾਰ ਕਰ ਲਈਏ ਕਿ ਬਹੁ-ਚੋਣੀ ਪ੍ਰਸ਼ਨ (ਐਮ ਸੀ ਕਿਊ) ਕੇਂਦਰਿਤ ਇਕਸਾਰ ਟੈਸਟ ਕਿਸੇ ਵਿਦਿਆਰਥੀ ਦੀ ਅਕਾਦਮਿਕ ਗਹਿਰਾਈ, ਗਹਿਨ ਸੋਚ ਅਤੇ ਰਚਨਾਕਾਰੀ ਕਲਪਨਾ ਦਾ ਮੁਲਾਂਕਣ ਨਹੀਂ ਕਰ ਸਕਦੇ। ਅਧਿਆਪਨ ਅਤੇ ਖੋਜ ਨਾਲ ਵਾਹ ਰੱਖਣ ਵਾਲਾ ਕੋਈ ਵੀ ਸੂਝਵਾਨ ਵਿਦਵਾਨ ਇਸ ਗੱਲ 'ਤੇ ਸਹਿਮਤ ਹੋਵੇਗਾ ਕਿ ਕਿਸੇ ਵਿਅਕਤੀ ਦੀ ਅਕਾਦਮਿਕ ਰੁਚੀ ਅਤੇ ਚਾਰ ਪੰਜ ਆਪਸ਼ਨਾਂ 'ਚੋਂ ਕੋਈ 'ਸਹੀ ਉੱਤਰ' ਲੱਭਣ ਅਤੇ ਓਐਮਆਰ ਸ਼ੀਟ ਵਿੱਚ ਝਟਪਟ ਸਹੀ ਪਾਉਣ ਦੀ ਯੋਗਤਾ ਵਿਚਕਾਰ ਨਾਤਾ ਹੋਣਾ ਜ਼ਰੂਰੀ ਨਹੀਂ ਹੁੰਦਾ। ਕਿਸੇ ਮੁੱਦੇ ਦੀ ਘੋਖ ਕਰਨ ਜਾਂ ਭੰਬਲਭੂਸਿਆਂ ਨੂੰ ਪ੍ਰਵਾਨ ਕਰਨ ਤੇ ਨਵੇਂ ਸੁਆਲ ਖੜ੍ਹੇ ਕਰਨ ਲਈ ਕਿਸੇ ਅਕਾਦਮਿਕ ਗਿਆਨ ਜਾਂ ਰਚਨਾਤਮਿਕ ਗਹਿਰੀ ਸੋਚ ਨੂੰ ਵਕਤ ਦਰਕਾਰ ਹੁੰਦਾ ਹੈ ਜਦਕਿ ਐਮਸੀਕਿਊ ਕੇਂਦਰਿਤ ਇਕਸਾਰ ਟੈਸਟ ਰੱਟਾ ਗਿਆਨ ਜਾਂ ਬਿਨਾਂ ਸੋਚ ਵਿਚਾਰ ਤੋਂ ਸਹੀ ਉੱਤਰ ਤਲਾਸ਼ ਕਰਨ ਦੀ ਕਿਸੇ ਤਰਕੀਬ ਨੂੰ ਆਤਮਸਾਤ ਕਰਨ ਦੀ ਮੰਗ ਕਰਦੇ ਹਨ। ਦਰਅਸਲ, ਇਸ ਲਈ ਹਰ ਤਰ੍ਹਾਂ ਦੇ ਮੌਕ ਟੈਸਟਾਂ ਰਾਹੀਂ ਐਮਸੀਕਿਊਜ਼ ਦੀਆਂ ਅਮੁੱਕ ਲੜੀਆਂ ਨੂੰ ਹੱਲ ਕਰਨ ਲਈ ਬੇਤਹਾਸ਼ਾ ਅਭਿਆਸ ਜਾਂ ਮਕਾਨਕੀ ਰੁਟੀਨ ਦੀ ਲੋੜ ਪੈਂਦੀ ਹੈ। ਅਕਾਦਮਿਕ ਗਿਆਨ ਜਾਂ ਰਚਨਾਤਮਿਕ ਸੋਚ ਲਈ ਮਹਾਨ ਅਧਿਆਪਕਾਂ ਅਤੇ ਮੁਰਸ਼ਦਾਂ ਦੀ ਸੰਗਤ ਮਾਣਨ ਦੀ ਲੋੜ ਹੁੰਦੀ ਹੈ ਜਦੋਂ ਕਿ ਇਕਸਾਰ ਟੈਸਟਾਂ ਲਈ ਕੋਚਿੰਗ ਰਣਨੀਤੀਕਾਰਾਂ ਦੀ ਲੋੜ ਪੈਂਦੀ ਹੈ। ਮਿਸਾਲ ਦੇ ਤੌਰ 'ਤੇ ਨੀਟ ਜਿਹੀ ਪ੍ਰੀਖਿਆ 'ਤੇ ਗ਼ੌਰ ਕਰੋ। ਕੀ ਇਹ ਵਾਕਈ ਮੁਲਾਂਕਣ ਕਰਦੀ ਹੈ ਕਿ ਕਿਸੇ ਨੌਜਵਾਨ ਪ੍ਰੀਖਿਆਰਥੀ ਅੰਦਰ ਮੈਡੀਕਲ ਵਿਗਿਆਨ ਵਿੱਚ ਕਰੀਅਰ ਬਣਾਉਣ ਜਾਂ ਡਾਕਟਰ ਬਣਨ ਦੀ ਰੁਚੀ/ਝੁਕਾਅ ਹੈ? ਡਾਕਟਰ ਬਣਨ ਲਈ ਸ਼ਾਇਦ ਦੇਖਣ ਪੜਤਾਲਣ ਦੀ ਗਹਿਰੀ ਸ਼ਕਤੀ, ਮਰੀਜ਼ ਦੇ ਸਰੀਰਕ ਹੀ ਨਹੀਂ ਸਗੋਂ ਮਾਨਸਿਕ ਅਤੇ ਹੋਂਦ ਦੀ ਅਵਸਥਾ ਦੇ ਲੱਛਣਾਂ ਤੱਕ ਪਹੁੰਚਣ ਦੇ ਸੂਖਮ ਫ਼ਨ ਅਤੇ ਸਭ ਤੋਂ ਵੱਧ, ਮੈਡੀਕਲ ਸ਼ਾਸਤਰ ਵਿੱਚ ਗਿਆਨ ਦੇ ਨਵੇਂ ਦਿਸਹੱਦਿਆਂ ਨੂੰ ਤਲਾਸ਼ ਕਰਨ ਦੇ ਗੁਣ ਹੋਣੇ ਜ਼ਰੂਰੀ ਹੁੰਦੇ ਹਨ ਪਰ ਨੀਟ ਜਿਹੇ ਕਿਸੇ ਇੱਕ ਟੈਸਟ ਵਿੱਚ ਭੌਤਿਕ ਵਿਗਿਆਨ, ਰਸਾਇਣ ਵਿਗਿਆਨ ਅਤੇ ਜੀਵ ਵਿਗਿਆਨ ਦੇ 180 ਪ੍ਰਸ਼ਨਾਂ ਦੇ ਸੈਟ ਨੂੰ ਹੱਲ ਕਰਨ ਲਈ 200 ਮਿੰਟ ਮਿਲਦੇ ਹਨ ਜਿਸ ਦਾ ਕਿਸੇ ਸੰਭਾਵੀ ਡਾਕਟਰ ਦੀਆਂ ਖ਼ੂਬੀਆਂ ਨਾਲ ਕੋਈ ਸਬੰਧ ਨਹੀਂ ਹੁੰਦਾ। ਇਹ




ਇੱਕ ਇਸ ਕਿਸਮ ਦੀ ਲਾਟਰੀ ਹੈ ਜੋ ਮੈਡੀਕਲ ਕਿੱਤੇ ਲਈ ਸਹੀ ਕਿਸਮ ਦੇ ਨੌਜਵਾਨਾਂ ਦੀ ਤਲਾਸ਼ ਕਰਨ ਦੀ ਬਜਾਇ ਝਟਪਟ ਹੀ ਲੱਖਾਂ ਯੁਵਾ ਚਾਹਵਾਨਾਂ ਨੂੰ ਨਕਾਰ ਦਿੰਦੀ ਹੈ।

ਇਸੇ ਤਰ੍ਹਾਂ ਨੀਟ ਜਿਹੀ ਕੋਈ ਪ੍ਰੀਖਿਆ ਬਹੁਤ ਹੀ ਥੋਥੀ ਹੁੰਦੀ ਹੈ ਅਤੇ ਇਹ ਕਿਸੇ ਵੀ ਲਿਹਾਜ਼ ਤੋਂ ਕੁਦਰਤੀ ਵਿਗਿਆਨਾਂ ਤੇ ਮਾਨਵ ਵਿਗਿਆਨਾਂ ਜਿਹੀਆਂ ਬੁਨਿਆਦੀ ਗਿਆਨ ਪ੍ਰਣਾਲੀਆਂ ਵਿੱਚ ਕਿਸੇ ਦੀ ਖੋਜ ਪ੍ਰਵਿਰਤੀ ਜਾਂ ਅਧਿਆਪਨ ਯੋਗਤਾਵਾਂ ਜਾਂ ਦ੍ਰਿਸ਼ਟੀਆਂ ਦਾ ਮੁਲਾਂਕਣ ਕਰਨ ਦੇ ਸਮੱਰਥ ਨਹੀਂ ਹੁੰਦੀ। ਮਿਸਾਲ ਦੇ ਤੌਰ 'ਤੇ ਜੇ ਇਸ ਦੀ ਐਮਸੀਕਿਊ ਵਿਤਰਤ ਕਰ ਕੇ ਤੁਹਾਨੂੰ ਕੋਈ ਖ਼ਾਸ ਪਰਿਭਾਸ਼ਾ, ਕਿਸੇ ਇਤਿਹਾਸਕ ਘਟਨਾ ਦੀ ਤਰੀਕ ਜਾਂ ਇਵੇਂ ਹੀ ਸਮਾਜ ਸ਼ਾਸਤਰੀ ਮੈਕਸ ਵੈੱਬਰ ਦੀ ਕਿਤਾਬ 'ਦਿ ਪ੍ਰੋਟੈਸਟੈਂਟ ਐਥਿਕਸ ਐਂਡ ਦਿ ਸਪਿਰਟ ਆਫ ਕੈਪੀਟਲਿਜ਼ਮ' ਦੇ ਪ੍ਰਕਾਸ਼ਨ ਸਾਲ ਦਾ ਘੋਟਾ ਲਾਉਣਾ ਪੈਂਦਾ ਹੈ ਤਾਂ ਇਸ ਤੋਂ ਇਹ ਹਰਗਿਜ਼ ਪਤਾ ਨਹੀਂ ਲੱਗਦਾ ਕਿ ਤੁਸੀਂ ਸਮਾਜ ਸ਼ਾਸਤਰ ਦੇ ਕਿਸੇ ਗੰਭੀਰ ਖਰੜੇ ਦਾ ਅਧਿਐਨ ਕੀਤਾ ਹੈ, ਗਹਿਰੀਆਂ ਦਾਰਸ਼ਨਿਕ ਬਹਿਸਾਂ ਨੂੰ ਸਮਝਿਆ ਹੈ ਜਾਂ ਤੁਸੀਂ ਆਪਣੀਆਂ ਅਧਿਆਪਨ ਵਿਧੀਆਂ ਵਿੱਚ ਨਵੀਆਂ ਖੋਜ ਲੱਭਤਾਂ ਸਾਹਮਣੇ ਲਿਆਂਦੀਆਂ ਹਨ। ਤਰਾਸਦੀ ਇਹ ਹੈ ਕਿ ਐਨਟੀਏ ਜਿਹੀ ਮਸ਼ੀਨ ਕੋਲ ਕੋਈ ਰਚਨਾਤਮਿਕ ਸਰਪਲੱਸ ਹੀ ਨਹੀਂ ਹੈ; ਇਹ ਸਿਰਫ਼ ਸਾਰੇ ਤੱਥਮੂਲਕ/ਵਸਤੂਗਤ ਪ੍ਰਸ਼ਨ ਹੀ ਘੜ ਸਕਦੀ ਹੈ ਜਿਸ ਦਾ ਇੱਕੋ-ਇੱਕ ਸਹੀ ਉੱਤਰ ਹੁੰਦਾ ਹੈ ਤਾਂ ਕਿ ਬਾਕੀਆਂ ਨੂੰ ਝਟਪਟ ਨਕਾਰਨ ਦੇ ਔਜ਼ਾਰ ਦਾ ਇਸਤੇਮਾਲ ਹੋ ਸਕੇ।

ਇਸ ਤਰ੍ਹਾਂ ਦੇ ਇਕਸਾਰ ਟੈਸਟਾਂ ਨੂੰ ਪ੍ਰਵਾਨਿਤ ਅਤੇ ਪਾਵਨ ਕਰਾਰ ਦੇਣ ਦੇ ਆਹਰ ਵਿੱਚ ਅਸੀਂ ਪ੍ਰੇਸ਼ਾਨ, ਬੇਚੈਨ ਅਤੇ ਨਾਖ਼ੁਸ਼ ਬੱਚਿਆਂ ਦੀ ਪੀੜ੍ਹੀ ਪੈਦਾ ਕਰ ਰਹੇ ਹਾਂ। ਉਨ੍ਹਾਂ ਨੂੰ ਗਿਆਨ ਹਾਸਿਲ ਕਰਨ ਜਾਂ ਰਚਨਾਤਮਿਕ ਪ੍ਰਯੋਗ ਕਰਨ ਵਿੱਚ ਰੱਤੀ ਭਰ ਵੀ ਚਾਅ ਨਹੀਂ ਸਗੋਂ ਉਨ੍ਹਾਂ ਦੀ ਸ਼ਖ਼ਸੀਅਤਸਾਜ਼ੀ ਦੇ ਮੁੱਢਲੇ ਸਾਲਾਂ ਦਾ ਕਾਫ਼ੀ ਹਿੱਸਾ ਕੋਚਿੰਗ ਕੇਂਦਰਾਂ ਦੇ ਚੱਕਰ ਕੱਟਣ ਅਤੇ ਇਹ ਟੈਸਟ ਪਾਸ ਕਰਨ ਦੇ ਦਾਅਪੇਚ ਸਿੱਖਣ ਵਿੱਚ ਖ਼ਰਚ ਹੋ ਜਾਂਦਾ ਹੈ ਜਦੋਂਕਿ ਅਕਾਦਮਿਕ ਅਤੇ ਦਾਰਸ਼ਨਿਕ ਗਹਿਰਾਈ ਗੁਆ ਬੈਠਦੇ ਹਨ। ਭੌਤਿਕ ਵਿਗਿਆਨ ਉਹੀ ਹੈ ਜੋ ਕੋਟਾ ਫੈਕਟਰੀ ਸਿੱਖਣਯੋਗ ਗਿਣਦੀ ਹੈ; ਜਾਂ ਇਵੇਂ ਹੀ ਇਤਿਹਾਸ ਉਹੀ ਹੈ ਜਿਸ ਨੂੰ ਫੈਂਸੀ ਆਈਏਐੱਸ ਕੋਚਿੰਗ ਕੇਂਦਰ 'ਬੇਸ਼ਕੀਮਤੀ' ਤਸਲੀਮ ਕਰਦੇ ਹਨ।

ਇਹ ਸੰਦੇਹਪੂਰਨ ਹੈ ਕਿ ਕੀ ਸਿੱਖਿਆ ਪ੍ਰਤੀ ਇਸ ਤਰ੍ਹਾਂ ਦੀ ਪ੍ਰਵਿਰਤੀ ਵਾਕਈ ਚੰਗੇ ਡਾਕਟਰ, ਜ਼ਹੀਨ ਇੰਜਨੀਅਰ ਜਾਂ ਮਹਾਨ ਅਧਿਆਪਕ/ਖੋਜੀ ਪੈਦਾ ਕਰ ਸਕਦੀ ਹੈ। ਇਹ ਟੈਸਟ ਨਾਕਾਮੀ ਦੀਆਂ ਕਹਾਣੀਆਂ ਤਾਂ ਘੜਦੇ ਹੀ ਹਨ, ਫਿਰ ਇਨ੍ਹਾਂ ਦੀਆਂ 'ਸਫਲਤਾ ਦੀਆਂ ਕਹਾਣੀਆਂ' ਕਿਸੇ ਵੀ ਲਿਹਾਜ਼ ਤੋਂ ਪ੍ਰੇਰਨਾਦਾਇਕ ਨਹੀਂ ਹੁੰਦੀਆਂ। ਇੰਝ, 1 ਲੱਖ ਕਰੋੜ ਰੁਪਏ ਦੇ ਕਾਰੋਬਾਰ ਦੀ ਇਸ ਕੋਚਿੰਗ ਸਨਅਤ ਦੇ ਧੁਰ ਅੰਦਰ ਭ੍ਰਿਸ਼ਟਾਚਾਰ ਅਤੇ ਘਾਲੇ-ਮਾਲੇ ਰਚੇ ਮਿਚੇ ਹੁੰਦੇ ਹਨ।

ਅਮੂਮਨ ਇਹ ਸਵਾਲ ਪੁੱਛਿਆ ਜਾਂਦਾ ਹੈ: ਕੀ ਇਸ ਦਾ ਕੋਈ ਬਦਲ ਹੈ, ਖ਼ਾਸਕਰ ਉਦੋਂ ਜਦੋਂ ਲੱਖਾਂ ਵਿਦਿਆਰਥੀ ਡਾਕਟਰ, ਇੰਜਨੀਅਰ, ਆਈਏਐੱਸ ਅਫਸਰ ਯੂਨੀਵਰਸਿਟੀ ਅਧਿਆਪਕ ਬਣਨਾ ਚਾਹੁੰਦੇ ਹੋਣ? ਜਾਂ ਲੋਕਾਂ ਨੂੰ ਨਕਾਰਨ ਦਾ ਕੋਈ ਹੋਰ ਢੰਗ ਉਪਲਬਧ ਹੈ? ਨੀਟ ਅਤੇ ਨੈਟ ਜਿਹੇ ਯੋਗਤਾ ਟੈਸਟਾਂ ਦਾ ਬਦਲ ਤਦ ਹੀ ਵਿਕਸਤ ਹੋ ਸਕਦਾ ਹੈ ਜੇ ਅਸੀਂ ਇਮਾਨਦਾਰੀ ਅਤੇ ਦਲੇਰੀ ਨਾਲ ਇਹ ਅਹਿਸਾਸ ਕਰੀਏ ਕਿ ਜੋ ਕੁਝ ਚੱਲ ਰਿਹਾ ਹੈ, ਉਹ ਗ਼ਲਤ ਹੈ। ਤਦ ਹੀ ਅਸੀਂ ਇੱਕ ਦੇਸ਼, ਇੱਕ ਪ੍ਰੀਖਿਆ ਜਿਹੇ ਵਿਚਾਰ 'ਤੇ ਕਿੰਤੂ ਕਰਨ ਅਤੇ ਚੋਣ ਕਰਨ ਦੇ ਵਿਕੇਂਦਰਿਤ ਪ੍ਰਕਿਰਿਆ ਅਪਣਾਉਣ ਜਾਂ ਕਾਲਜਾਂ, ਯੂਨੀਵਰਸਿਟੀਆਂ, ਅਕਾਦਮਿਕ ਸੰਸਥਾਵਾਂ ਨੂੰ ਆਪੋ-ਆਪਣੇ ਵਿਚਾਰਸ਼ੀਲ, ਕਲਪਨਾਸ਼ੀਲ ਖੋਜ ਮੁਖੀ ਪ੍ਰੀਖਿਆ ਜਾਂ ਦਾਖ਼ਲਾ ਟੈਸਟ ਲੈਣ ਵਿਉਂਤਣ ਦੇ ਤੌਰ-ਤਰੀਕੇ ਈਜਾਦ ਕਰਨ ਦੀ ਨਿਸਬਤਨ ਖ਼ੁਦਮੁਖ਼ਤਾਰੀ ਦੇਣ ਬਾਰੇ ਸੋਚਣ ਦੀ ਹਿੰਮਤ ਜੁਟਾ ਸਕਦੇ ਹਾਂ। ਇਹੀ ਇਕਮਾਤਰ ਰਾਹ ਹੈ ਜਿਸ 'ਤੇ ਚੱਲ ਕੇ ਅਸੀਂ ਕੋਚਿੰਗ ਕੇਂਦਰਾਂ ਨੂੰ ਗ਼ੈਰ-ਪ੍ਰਸੰਗਕ ਬਣਾ ਸਕਦੇ ਹਾਂ ਅਤੇ ਗਿਆਨ ਦੇ ਸੱਭਿਆਚਾਰ ਵਿੱਚ ਕੁਝ ਹੱਦ ਤੱਕ ਦਿਆਨਤਦਾਰੀ ਪੈਦਾ ਕਰ ਸਕਦੇ ਹਾਂ। ਕੀ ਐਨਟੀਏ ਦੇ ਟੈਕਨੋ ਮੈਨੇਜਰ ਇਸ ਮੂਲ ਸੱਚ ਨੂੰ ਸਮਝਣ ਦੇ ਸਮੱਰਥ ਹਨ?

## ਤੋਹਮਤਾਂ ਦੇ ਕਟੋਰੇ

ਤੋਹਮਤਾਂ ਦੇ ਭਰੇ ਕਟੋਰੇ, ਪੀਣੇ ਪੈਂਦੇ ਨਿੱਤ ਨਿੱਤ,
ਦੂਸ਼ਣ ਕਈ ਭੈੜੇ ਲੋਕੀਂ, ਲਾਂਵਦੇ ਨੇ ਨਿੱਠ ਨਿੱਠ।

ਉੱਠਦੀਆਂ ਨੇ ਉਂਗਲਾਂ, ਮੇਰੇ ਉੱਤੇ ਉਨ੍ਹਾਂ ਦੀਆਂ,
ਜਿਹੜੇ ਹੁੰਦੇ ਖ਼ੁਦ ਹੀ, ਪੈਰ ਪੈਰ ਰੋਜ਼ ਠਿੱਠ।

ਨਾ ਕੋਈ ਸਾਡੀ ਕੰਧ ਸਾਂਝੀ, ਨਾ ਕੋਈ ਐਸਾ ਵੱਟ ਬੰਨਾ,
ਰੱਖਦੇ ਨੇ ਖ਼ਾਰ ਫਿਰ ਵੀ, ਹਰ ਦਮ ਢਿੱਡ ਵਿੱਚ।

ਚੋਪੜਵੀਆਂ ਗੱਲਾਂ ਕਈ, ਸੁਣੀਆਂ ਨੇ ਮੂੰਹ ਉੱਤੇ,
ਮੂੰਹੋਂ ਨਿਕਲੇ ਰਾਮ ਰਾਮ, ਛੁਰੀ ਖੋਭਣ ਵਿੱਚ ਪਿੱਠ।

ਸੂਰਤਾਂ ਨੇ ਬੜੀਆਂ, ਲੱਗਦੀਆਂ ਸ਼ਰੀਫ਼ ਜਿਹੀਆਂ,
ਸੀਰਤ ਅਸਲੀ ਨਿੱਖਰੇ ਤਾਂ, ਰੂਹ ਦਿਸੇ ਪੂਰੀ ਜ਼ਿੱਚ।

ਦੰਦ ਕੱਢ ਦੰਦੀਆਂ, ਦਿਖਾਉਣ ਵਾਲੇ ਬੜੇ ਦਿਸਣ,
ਦੰਦੀਆਂ ਦੇ ਜ਼ਖ਼ਮ ਵੀ ਮੈਂ, ਥੱਕ ਗਿਆਂ ਨਿੱਤ ਡਿੱਠ।

ਧੁੱਪ ਵਿੱਚ ਬਣ ਕੇ, ਦੀਵਾਰ ਵਾਂਗੂੰ ਖੜ੍ਹਾ ਹਾਂ ਮੈਂ,
ਹਾਲੇ ਹੈ ਪਰਛਾਵਾਂ ਮੇਰਾ, ਲੰਮੇਰਾ ਕਈਆਂ ਨਾਲੋਂ ਗਿੱਠ।

ਬੌਣੀਆਂ ਨੇ ਸ਼ਖ਼ਸੀਅਤਾਂ, ਕੱਦ ਭਾਵੇਂ ਸਿੰਬਲਾਂ ਦੇ,
ਰੱਬਾ ਬਚਾਈਂ ਹੱਥ ਦੇ ਕੇ, ਮਤੇ ਮੈਂ ਹੋ ਜਾਵਾਂ ਭਿੱਟ।

ਤੋਹਮਤਾਂ ਦੇ ਭਰੇ ਕਟੋਰੇ, ਪੀਣੇ ਪੈਂਦੇ ਨਿੱਤ ਨਿੱਤ,
ਦੂਸ਼ਣ ਕਈ ਭੈੜੇ ਲੋਕੀਂ, ਲਾਂਵਦੇ ਨੇ ਨਿੱਠ ਨਿੱਠ।

**ਰਵਿੰਦਰ ਸਿੰਘ ਕੁੰਦਰਾ**
**ਕਵੈਂਟਰੀ ਯੂ ਕੇ**

# ਮੈਕਸਿਕੋ ਵਿੱਚ ਸ਼ੀਨਬੌਮ ਦੀ ਜਿੱਤ ਕੋਈ ਸੁਧਾਰ ਵੱਲ ਸੰਕੇਤ ਜਾਂ ਨਹੀਂ

(ਸਫਾ 14 ਦੀ ਬਾਕੀ)

ਕਰਨਾ ਪਵੇਗਾ। ਕੁਝ ਮੁੱਖ ਚਣੌਤੀਆਂ ਹਨ: ਸੁਰੱਖਿਆ ਨਾਲ ਸਬੰਧਿਤ ਮਸਲੇ, ਡਰੱਗ ਮਾਫੀਆ, ਸੋਚੇ ਸਮਝੇ ਢੰਗ ਨਾਲ ਹੁੰਦੇ ਜੁਰਮ, ਖਾਸ ਭਾਈਚਾਰੇ ਨੂੰ ਨਿਸ਼ਾਨਾ ਬਣਾ ਕੇ ਉਨ੍ਹਾਂ ਖ਼ਿਲਾਫ਼ ਬਣਦੇ ਕਤਲੇਆਮ ਦੇ ਕੇਸ, ਔਰਤਾਂ ਵਿਰੁੱਧ ਘਰੇਲੂ ਹਿੰਸਾ, ਆਰਥਿਕਤਾ ਨਾਲ ਸਬੰਧਿਤ ਮਸਲੇ (ਖਾਸ ਤੌਰ 'ਤੇ ਵਿਤੀ ਸੰਕਟ), ਗੁਆਂਢੀ ਦੇਸ਼ਾਂ ਨਾਲ ਦੁਵੱਲੇ ਵਪਾਰਕ ਸਬੰਧ, ਊਰਜਾ ਸਰੋਤ ਅਤੇ ਵਾਤਾਵਰਨ ਤਬਦੀਲੀ ਨਾਲ ਸਬੰਧਿਤ ਮੁਸ਼ਕਿਲਾਂ, ਨਜਾਇਜ਼ ਢੰਗ ਤਰੀਕਿਆਂ ਨਾਲ ਪਰਵਾਸ ਆਦਿ।

ਸਭ ਤੋਂ ਵੱਡੀ ਮੁਸ਼ਕਿਲ ਹੈ ਮੈਕਸਿਕੋ ਦੇ ਜੰਗਲਾਂ ਵੱਲੋਂ ਹੋ ਕੇ ਜਾਂ ਦਰਿਆ ਆਦਿ ਪਾਰ ਕਰ ਕੇ ਲਾਤੀਨੀ ਅਮਰੀਕਾ ਦੇ ਪਰਵਾਸੀਆਂ ਦਾ ਅਮਰੀਕਾ ਦੀ ਧਰਤੀ 'ਤੇ ਪਹੁੰਚਣਾ। ਮੈਕਸਿਕੋ ਦੇ ਗਰੀਬ ਮਜ਼ਦੂਰੀ ਅਤੇ ਹੋਰ ਨਿੱਕੇ ਮੋਟੇ ਕੰਮ ਦੀ ਭਾਲ ਖ਼ਾਤਿਰ ਅਮਰੀਕਾ ਵਿੱਚ ਦਾਖ਼ਲ ਹੋਣ ਦਾ ਯਤਨ ਕਰਦੇ ਹਨ ਅਤੇ ਉੱਥੇ ਲੁਕ ਛਿਪ ਕੇ ਰਹਿੰਦੇ ਹਨ। ਅਮਰੀਕਾ ਦੀ ਸਰਕਾਰ ਭਾਵੇਂ ਮੰਨੇ ਭਾਵੇਂ ਨਾ, ਸਚਾਈ ਇਹ ਹੈ ਕਿ ਅਮਰੀਕਾ ਦੀ ਖੇਤੀਬਾੜੀ ਵਿੱਚ 40 ਤੋਂ 50% ਮੈਕਸੀਕਨ ਕਾਮੇ ਹਨ ਜਿਹੜੇ ਨਜਾਇਜ਼ ਢੰਗ ਨਾਲ ਅਮਰੀਕਾ ਵਿੱਚ ਦਾਖ਼ਲ ਹੋਏ ਹਨ। ਦੂਜੀ ਵੱਡੀ ਸਮੱਸਿਆ ਡਰੱਗ ਮਾਫੀਏ ਅਤੇ ਗੈਂਗਸਟਰਾਂ ਦੀ ਹੈ। ਇਹ ਵੱਡੀ ਪੱਧਰ ਦੀਆਂ ਲੁਟਾਂ ਖੋਹਾਂ ਅੰਜਾਮ ਦਿੰਦੇ ਹਨ। ਇਸ ਤੋਂ ਇਲਾਵਾ ਅਮਰੀਕਾ ਅਤੇ ਮੈਕਸਿਕੋ ਵਿਚਾਲੇ ਵਪਾਰ ਦਾ ਰੌਲਾ ਵੀ ਹੈ; ਮਸਲਨ, ਮੈਕਸਿਕੋ ਦੀ ਮੱਕੀ ਜੈਵਿਕ ਨਹੀਂ ਪਰ ਅਮਰੀਕਾ ਵਿੱਚ ਛੱਲੀਆਂ ਦੀ ਮੰਗ ਵਧੇਰੇ ਹੈ। ਇਵੇਂ ਹੀ ਕਲੋਰੈਡੋ ਅਤੇ ਰੀਓ ਗਰਾਂਡ ਦੇ ਦਰਿਆਵਾਂ ਦੇ ਪਾਣੀ ਬਾਰੇ 1944 ਵਿੱਚ ਹੋਈ ਸੰਧੀ ਬਾਰੇ ਵੀ ਰੇੜਕਾ ਹੈ। ਵਾਤਾਵਰਨ ਦੀਆਂ ਤਬਦੀਲੀਆਂ ਕਾਰਨ ਮੈਕਸਿਕੋ 80 ਸਾਲ ਪਹਿਲਾਂ ਹੋਏ ਸਮਝੌਤੇ ਮੁਤਾਬਕ ਪਾਣੀ ਦੇਣ ਤੋਂ ਇਨਕਾਰੀ ਹੈ।

ਜਿੱਤ ਦੇ ਐਲਾਨ ਤੋਂ ਤੁਰੰਤ ਬਾਅਦ ਸ਼ੀਨਬੌਮ ਨੇ ਦੁਹਰਾਇਆ ਕਿ ਉਹ ਮੈਕਸਿਕੋ ਦੇ 200 ਸਾਲਾਂ ਦੇ ਜਮਹੂਰੀ ਕਾਲ ਦੌਰਾਨ ਪਹਿਲੀ ਔਰਤ ਰਾਸ਼ਟਰਪਤੀ ਬਣ ਰਹੀ ਹੈ। ਇਸ ਪਿੱਛੇ ਉਸ ਦੀਆਂ ਸਾਰੀਆਂ ਸਹੇਲੀਆਂ, ਮਾਵਾਂ, ਭੈਣਾਂ, ਨਾਨੀਆਂ, ਦਾਦੀਆਂ, ਧੀਆਂ, ਦੋਹਤੀਆਂ ਤੇ ਪੋਤੀਆਂ ਦੀ ਲਗਾਤਾਰ ਅਤੇ ਸਖ਼ਤ ਘਾਲਣਾ ਦਾ ਯੋਗਦਾਨ ਹੈ ਜਿਹੜੀਆਂ 200 ਸਾਲ ਤੋਂ ਮਰਦ ਪ੍ਰਧਾਨ ਸਮਾਜਿਕ ਵਰਤਾਰੇ ਤਹਿਤ ਅਧੀਨਗੀ ਵਾਲੀ ਜ਼ਿੰਦਗੀ ਬਸਰ ਕਰ ਰਹੀਆਂ ਸਨ। ਹੁਣ ਇਸ ਵਰਤਾਰੇ ਵਿੱਚ ਸੋਧ ਹੋਵੇਗੀ। ਮਰਦ ਔਰਤ ਬਰਾਬਰੀ ਵਾਲੇ ਸਮਾਜ ਦੀ ਸਿਰਜਣਾ ਕਰਨ ਦੇ ਯਤਨ ਕੀਤੇ ਜਾਣਗੇ। ਮਰਦਾਂ ਦੇ ਭਰਪੂਰ ਸਾਥ ਨਾਲ ਔਰਤਾਂ ਦੇ ਜੀਵਨ ਪੱਧਰ ਵਿੱਚ ਸੁਧਾਰ ਕਰਨ ਦੇ ਯਤਨ ਕੀਤੇ ਜਾਣਗੇ। ਸ਼ੀਨਬੌਮ ਨੇ ਭਰੋਸਾ ਦਵਾਇਆ ਹੈ ਕਿ ਆਰਥਿਕ ਸਮਾਜਿਕ ਸੁਧਾਰਾਂ, ਨੀਤੀਆਂ ਤੇ ਪ੍ਰੋਗਰਾਮਾਂ ਨੂੰ ਔਰਤਾਂ ਦੇ ਦ੍ਰਿਸ਼ਟੀਕੋਣ ਤੋਂ ਵਿਚਾਰਿਆ ਤੇ ਲਾਗੂ ਕੀਤਾ ਜਾਵੇਗਾ।

ਆਸ ਕੀਤੀ ਜਾਂਦੀ ਹੈ ਕਿ ਸ਼ੀਨਬੌਮ ਦੇ ਕਾਰਜ ਕਾਲ ਦੌਰਾਨ ਹੋਰ ਸਮੱਸਿਆਵਾਂ ਤੋਂ ਇਲਾਵਾ ਬੇਤਹਾਸ਼ਾ ਤੇ ਬੇਰੋਕ-ਟੋਕ ਹਿੰਸਕ ਘਟਨਾਵਾਂ ਉੱਪਰ ਕਾਬੂ ਪਾਇਆ ਜਾਵੇਗਾ। ਔਰਤਾਂ ਉੱਪਰ ਘਰੇਲੂ ਹਿੰਸਾ ਵੱਲ ਖਾਸ ਤਵੱਜੋ ਦੇਣੀ ਬਣਦੀ ਹੈ। ਨਾਜਾਇਜ਼ ਢੰਗਾਂ ਨਾਲ ਹੋ ਰਹੇ ਪਰਵਾਸ ਵਾਸਤੇ ਯੋਗ ਨੀਤੀ ਉਲੀਕੀ ਜਾਵੇ ਤਾਂ ਕਿ ਮਜਬੂਰੀ ਵਿੱਚ ਹੁੰਦੇ ਪਰਵਾਸ ਕਾਰਨ ਨੌਜਵਾਨਾਂ ਦੀਆਂ ਅਜਾਈਂ ਜਾਂਦੀਆਂ ਜ਼ਿੰਦਗੀਆਂ ਬਚਾਈਆਂ ਜਾ ਸਕਣ। ਔਰਤਾਂ ਦੇ ਅਧਿਕਾਰਾਂ ਦੀ ਸਪਸ਼ਟ ਸੂਚੀ ਹੋਵੇ ਅਤੇ ਇਨ੍ਹਾਂ ਦੀ ਸਖ਼ਤੀ ਨਾਲ ਪਾਲਣਾ ਕੀਤੀ ਜਾਵੇ। ਕੇਵਲ ਕਾਨੂੰਨ ਪਾਸ ਕਰ ਦੇਣ ਨਾਲ ਔਰਤ ਸ਼ਕਤੀਕਰਨ ਨਹੀਂ ਹੁੰਦਾ। 70 ਸਾਲ ਪਹਿਲਾਂ ਔਰਤਾਂ ਨੂੰ ਵੋਟ ਪਾਉਣ ਦਾ ਅਧਿਕਾਰ ਮਿਲ ਗਿਆ ਸੀ ਪਰ ਅਜੇ ਵੀ ਇਸ ਅਧਿਕਾਰ ਦੀ ਵਰਤੋਂ ਮਰਦਾਂ ਦੀ ਦੇਖ ਰੇਖ ਅਧੀਨ ਹੁੰਦੀ ਹੈ। ਇਸ ਬਾਰੇ ਔਰਤਾਂ ਨੂੰ ਜਾਗਰੂਕ ਕਰਨ ਦੀ ਜ਼ਰੂਰਤ ਹੈ।

ਸ਼ੀਨਬੌਮ ਦੇ ਸੱਤਾ ਵਿੱਚ ਆਉਣ ਨੇ ਔਰਤਾਂ ਨੂੰ ਵੱਡਾ ਸੁਨੇਹਾ ਦਿੱਤਾ ਹੈ ਕਿ ਜ਼ਿੰਦਗੀ ਵਿੱਚ ਭਾਵੇਂ ਕਿਸੇ ਵੀ ਪ੍ਰਕਾਰ ਦੀਆਂ ਔਕੜਾਂ, ਮੁਸ਼ਕਿਲਾਂ ਅਤੇ ਅੜਿੱਕੇ ਹੋਣ, ਜੇ ਦ੍ਰਿੜਤਾ ਨਾਲ ਮੁਕਾਬਲਾ ਕੀਤਾ ਜਾਵੇ ਤਾਂ ਮੁਕਾਮ ਹਾਸਲ ਕੀਤਾ ਜਾ ਸਕਦਾ ਹੈ। ਪਹਿਲਾਂ ਸ਼ੀਨਬੌਮ ਦੀ ਨਾਮਜ਼ਦਗੀ ਅਤੇ ਬਾਅਦ ਵਿੱਚ ਉਸ ਦੀ ਜਿੱਤ ਮਗਰੋਂ ਦੂਜੀਆਂ ਪਾਰਟੀਆਂ ਅਤੇ ਵਿਰੋਧੀ ਉਸ ਦੀ ਵਿਚਾਰਧਾਰਾ ਅਤੇ ਕਾਬਲੀਅਤ ਬਾਰੇ ਸ਼ੱਕ ਅਤੇ ਸਵਾਲ ਖੜ੍ਹੇ ਕੀਤੇ ਜਾ ਰਹੇ ਸਨ ਜਿਸ ਦਾ ਉਸ ਨੇ ਡਟ ਕੇ ਸਾਹਮਣਾ ਕੀਤਾ।

ਭਾਰਤੀ ਸਮਾਜ ਵਿੱਚ ਵੀ ਅਨੇਕ ਬੁੱਧੀਮਾਨ, ਪੜ੍ਹੀਆਂ ਲਿਖੀਆਂ ਅਤੇ ਜਾਗਰੂਕ ਔਰਤਾਂ ਹਨ। ਉਨ੍ਹਾਂ ਨੂੰ ਵੀ ਆਪਣੀ ਕਾਬਲੀਅਤ ਅਤੇ ਹੁਨਰ ਨੂੰ ਪਛਾਣਦੇ ਹੋਏ ਅੱਗੇ ਆਉਣਾ ਚਾਹੀਦਾ ਹੈ। ਮਰਦ ਔਰਤ ਬਰਾਬਰੀ ਵਾਲਾ ਸਮਾਜ ਸਿਰਜਣ ਵਾਸਤੇ ਪਿਛਾਂਹ ਖਿੱਚੂ ਕਦਰਾਂ ਕੀਮਤਾਂ ਨੂੰ ਨਕਾਰਦਿਆਂ ਇਨ੍ਹਾਂ ਔਰਤਾਂ ਨੂੰ ਹੀ ਪਹਿਲ ਕਦਮੀ ਕਰਨੀ ਪਵੇਗੀ। ਯਾਦ ਰਹੇ, ਉਦੇਸ਼ ਦੀ ਪ੍ਰਾਪਤੀ ਸਾਰਿਆਂ ਦੇ ਮਿਲਵਰਤਣ ਨਾਲ ਹੀ ਕੀਤੀ ਜਾ ਸਕਦੀ ਹੈ। ਇਸ ਵਾਸਤੇ ਆਪ ਅਤੇ ਆਪਣੇ ਆਲੇ ਦੁਆਲੇ ਨੂੰ ਸਿਖਿਅਤ, ਸਿਹਤਮੰਦ ਅਤੇ ਮਾਨਸਿਕ ਤੌਰ 'ਤੇ ਸੁਰੱਖਿਅਤ ਬਣਾਉਣਾ ਲਾਜ਼ਮੀ ਹੈ।

# ਮੁਨਾਫ਼ਾਖ਼ੋਰੀ ਦਾ ਸਿਧਾਂਤ ਅਤੇ ਕਿਰਤੀਆਂ ਦੇ ਹਾਲਾਤ



ਜਤਿੰਦਰ ਸਿੰਘ

ਫਰੈਡਰਿਕ ਏਂਗਲਜ਼ ਦੀ ਕਿਤਾਬ 'ਬਰਤਾਨੀਆ ਦੇ ਮਜ਼ਦੂਰ ਵਰਗ ਦੇ ਹਾਲਾਤ' (The Condition of the Working Class in England) ਦੇ ਹਵਾਲੇ ਨਾਲ ਕੁਝ ਗੱਲਾਂ ਸਮਕਾਲ ਨੂੰ ਸਮਝਣ ਅਤੇ ਬਿਆਨ ਕਰਨ ਦੀਆਂ ਚੁਣੌਤੀਆਂ ਬਾਬਤ ਰੱਖਾਂਗਾ ਜਿਨ੍ਹਾਂ ਕਾਰਨ ਇਹ ਕਿਤਾਬ ਅੱਜ ਵੀ ਸਾਰਥਕ ਹੈ। ਕਿਤਾਬ ਤਕਰੀਬਨ 180 ਸਾਲ ਪਹਿਲਾਂ ਛਪੀ ਸੀ, ਉਦੋਂ ਏਂਗਲਜ਼ ਦੀ ਉਮਰ ਚੌਵੀ ਸਾਲ ਸੀ। ਇਹ ਦਸਤਾਵੇਜ਼ ਬੇਮੁਹਾਰ ਮੁਨਾਫਾਖ਼ੋਰ ਸਿਧਾਂਤ ਨੂੰ ਪ੍ਰਨਾਏ ਪੂੰਜੀਵਾਦ ਦੇ ਮੁੱਢਲੇ ਦੌਰ ਸਮੇਂ ਦਾ ਹੈ। ਇਹ ਸਮਾਂ ਧਾਗਾ ਮਿੱਲਾਂ ਅਤੇ ਕੱਪੜਾ ਉਦਯੋਗ 'ਚ ਵੱਡੀ ਤਬਦੀਲੀ ਦਾ ਗਵਾਹ ਹੈ। ਉਦਯੋਗੀਕਰਨ ਦੇ ਸ਼ੁਰੂਆਤੀ ਦੌਰ 'ਚ ਕਈ ਵਿਦਵਾਨਾਂ ਨੇ ਖ਼ਦਸ਼ਾ ਜ਼ਾਹਿਰ ਕੀਤਾ ਕਿ ਪੂੰਜੀਵਾਦ ਦੇ ਫੈਲਾਉ ਨੇ ਮਨੁੱਖਤਾ ਦਾ ਘਾਣ ਕਰਨਾ ਹੈ, ਸਮਾਜ ਦੇ ਵੱਡੇ ਤਬਕੇ ਨੂੰ ਗਰੀਬੀ ਤੇ ਭੁੱਖਮਰੀ ਦੀ ਦਲਦਲ ਵੱਲ ਧੱਕ ਦੇਣਾ ਹੈ, ਸਮਾਜਿਕ ਤਣਾਅ ਨੂੰ ਜ਼ਰਬਾਂ ਦੇਣੀਆਂ ਹਨ। ਏਂਗਲਜ਼ ਨੇ 1842 ਤੋਂ ਬਰਤਾਨੀਆ ਦੇ ਮਾਨਚੈਸਟਰ ਸ਼ਹਿਰ 'ਚ ਲਗਭਗ ਦੋ ਸਾਲ ਬਿਤਾਏ। ਪੂੰਜੀਵਾਦ ਦਾ ਜਨਮ ਸਥਾਨ ਸਮਝੇ ਜਾਂਦੇ ਮੁਲਕ 'ਚ ਸਮਾਜਿਕ ਟੁੱਟ-ਭੱਜ ਨੂੰ ਸਮਝਣ ਅਤੇ ਮੁਨਾਫਾਖ਼ੋਰੀ ਦੇ ਸਿਧਾਂਤ ਵਲੋਂ ਵਸੂਲੀ ਜਾ ਰਹੀ ਸਮਾਜਿਕ-ਘਾਣ ਰੂਪੀ ਕੀਮਤ ਨੂੰ ਪਰਖਣ ਦਾ ਉਸ ਕੋਲ ਸੁਨਹਿਰੀ ਮੌਕਾ ਸੀ।

ਸਵਾਲ ਬਣਿਆ ਕਿ ਸਮਾਜਿਕ ਹਕੀਕਤ ਦੀ ਤਹਿ ਤੱਕ ਕਿਵੇਂ ਪੁੱਜਿਆ ਜਾਵੇ? ਬਰਤਾਨੀਆ ਦਾ ਸਮਾਜਿਕ ਇਤਿਹਾਸ ਲਿਖਣ ਦਾ ਫੈਸਲਾ ਹੋਇਆ। ਇਹ ਲਿਖਤ ਕਾਰਖ਼ਾਨਾ ਮਜ਼ਦੂਰਾਂ ਦੀ ਜ਼ਿੰਦਗੀ ਦੀਆਂ ਪਰਤਾਂ ਫਰੋਲਦੀ, ਖ਼ਦਾਨ ਮਜ਼ਦੂਰਾਂ ਨੂੰ ਵਾਚਦੀ ਅਤੇ ਖੇਤ ਮਜ਼ਦੂਰਾਂ ਨੂੰ ਕਲਾਵੇ 'ਚ ਲੈਂਦੀ ਹੈ। ਇੰਝ ਇਹ ਬਰਤਾਨੀਆ ਦੀ ਮਜ਼ਦੂਰ ਜਮਾਤ ਦਾ ਬਿਆਨੀਆ ਹੈ। ਕਿਹਾ ਜਾ ਸਕਦਾ ਹੈ ਕਿ ਇਹ ਕਿਤਾਬ ਸੂਰ-ਵਾੜਿਆਂ ਵਰਗੇ ਘਰਾਂ 'ਚ ਰਹਿੰਦੇ, ਦੋ ਟੁੱਕ ਰੋਟੀ ਤੋਂ ਮੁਥਾਜ, ਚੀਥੜਿਆਂ ਨਾਲ ਤਨ ਢਕਦੇ, ਬਾਲ ਉਮਰ ਤੋਂ ਹੱਡ-ਪੈਰ ਚੱਲਣ ਤੱਕ 12 ਤੋਂ 18 ਘੰਟੇ ਇਕੋ ਕਿਸਮ ਦਾ ਨੀਰਸ ਕੰਮ ਕਰਦੇ, ਨਿਰਾਸਤਾ ਦੀ ਡੂੰਘੀ ਖਾਈ 'ਚ ਧੱਕੇ ਪਰ ਹੌਸਲਾ ਨਾ ਹਾਰਦੇ ਤੇ ਹਾਲਾਤ ਵਿਰੁੱਧ ਸੰਘਰਸ਼ਸ਼ੀਲ ਬਰਤਾਨੀਆ ਦੇ ਉਦਯੋਗਕ ਸ਼ਹਿਰ ਮਾਨਚੈਸਟਰ ਦੇ ਮਜ਼ਦੂਰਾਂ ਦੀ ਦਾਸਤਾਨ ਹੈ। ਬਦਬੂਦਾਰ ਮਹੱਲੇ, ਸ਼ਹਿਰਾਂ ਦੀ ਮਜ਼ਦੂਰ ਵਿਰੋਧੀ ਬੇਢਵੀ ਬਣਤਰ, ਕੰਮ ਦੇ ਬੋਝ ਕਾਰਨ ਵਿਕਰਿਤ ਹੋ ਰਹੇ ਸਰੀਰ, ਨਸ਼ਾ ਤੇ ਵੇਸਵਾਗਿਰੀ ਨੂੰ ਜ਼ਰਬਾਂ, ਜੁਰਮਾਂ 'ਚ ਅਥਾਹ ਵਾਧਾ, ਪਰਿਵਾਰਕ ਜ਼ਿੰਦਗੀ ਤੋਂ ਵਾਂਝੇ ਹੋਣਾ, ਘਰੇਲੂ ਝਗੜੇ ਵਧਣਾ, ਲਾ-ਇਲਾਜ ਬਿਮਾਰੀਆਂ ਫੈਲਣਾ, ਪੂੰਜੀਪਤੀਆਂ ਦਾ ਬੇ-ਲਗਾਮ ਲਾਲਚ, ਉਨ੍ਹਾਂ ਦੀ ਕਰੂਰਤਾ ਤੇ ਹਿੰਸਾ, ਮਜ਼ਦੂਰਾਂ ਦੀ ਡਾਵਾਂਡੋਲ ਮਨੋ-ਸਥਿਤੀ, ਉਨ੍ਹਾਂ ਦੇ ਸੁਫ਼ਨਿਆਂ ਦਾ ਜੀਣ-ਮਰਨ, ਲੰਮੀਆਂ ਹੜਤਾਲਾਂ, ਜਲਸੇ, ਸੱਤਾ ਨਾਲ ਟਕਰਾਅ ਆਦਿ ਦਾ ਬਿਰਤਾਂਤ ਹਰ ਪੰਨੇ 'ਤੇ ਮੌਜੂਦ ਹੈ। ਉਦਯੋਗਕ ਕ੍ਰਾਂਤੀ ਦੇ ਅਸਰ ਅਤੇ ਦਬਾਅ ਕਾਰਨ ਪੂੰਜੀਵਾਦ ਦੇ ਪੱਖ 'ਚ ਬਦਲ ਰਹੀ ਸਿਆਸੀ ਫਿਜ਼ਾ 'ਤੇ ਨਜ਼ਰ ਹੈ। ਬਰਤਾਨਵੀ ਸੰਸਦ (ਹਾਊਸ ਆਫ ਕਾਮਨਜ਼) 'ਚ ਕਾਰਖਾਨਾ ਮਾਲਕਾਂ ਦੀ ਵਧ ਰਹੀ ਨੁਮਾਇੰਦਗੀ ਅਤੇ ਸਾਧਨਾਂ ਤੇ ਪੂੰਜੀ ਕੁਝ ਹੱਥਾਂ ਤੱਕ ਸਿਮਟ ਜਾਣ ਦੀ ਕਾਨੂੰਨੀ ਚਾਰਾਜੋਈ ਦਰਜ ਕੀਤੀ ਗਈ ਹੈ।

ਇਨ੍ਹਾਂ ਕਰੂਰ ਹਾਲਾਤ ਦੀ ਉਪਜ ਦੇ ਮੁੱਖ ਕਾਰਕ ਮੁਨਾਫਾਖ਼ੋਰ ਪੂੰਜੀਵਾਦੀ ਪ੍ਰਬੰਧ ਦਾ ਜ਼ਿਕਰ ਹੈ। ਲਿਖਿਆ ਹੈ: 'ਬਦਲ ਰਹੇ ਆਰਥਿਕ ਤਾਣੇ-ਬਾਣੇ ਨੇ ਮਜ਼ਦੂਰਾਂ ਨੂੰ ਕਾਰਖ-ਾਨਿਆਂ, ਖਦਾਨਾਂ ਤੇ ਖੇਤਾਂ 'ਚ ਸਿਰਫ ਸੰਦ ਵਾਂਗ ਵਰਤੇ ਜਾਣ ਤੱਕ ਮਹਿਦੂਦ ਕਰ ਦਿੱਤਾ ਹੈ। ਕਾਰਖਾਨਾ ਮਾਲਕਾਂ 'ਤੇ ਵੱਧ ਤੋਂ ਵੱਧ ਮੁਨਾਫਾ ਕਮਾਉਣ ਦਾ ਪਾਗਲਪਣ ਸਵਾਰ ਹੈ।' ਏਂਗਲਜ਼ ਉਨ੍ਹਾਂ ਨੂੰ ਸਭ ਤੋਂ ਲਾਲਚੀ ਵਰਗ ਦਾ ਦਰਜਾ ਦਿੰਦਾ ਹੈ।

ਇਸ ਲਿਖਤ ਵਿੱਚ ਚਾਰ ਅਹਿਮ ਸਬਕ ਹਨ: ਪਹਿਲਾ, ਮੌਜੂਦਾ ਸਮੇਂ ਦੀਆਂ ਪੇਚੀਦਗੀਆਂ ਅਤੇ ਸੱਤਾ 'ਤੇ ਕਾਬਜ਼ ਵਰਗਾਂ ਦੀਆਂ ਘੁਣਤਰਾਂ ਨੂੰ ਪਹਿਲ ਦੇ ਆਧਾਰ 'ਤੇ ਜਾਣਨਾ ਤੇ ਸਮਝਣਾ ਜ਼ਰੂਰੀ ਹੈ। ਫਿਰ ਤਰੀਕਾਕਾਰ ਕੀ ਹੋਵੇ? ਏਂਗਲਜ਼ ਨੇ ਬਿਸਮਿੱਲ੍ਹਾ ਬਦਲ ਰਹੇ ਸਮਾਜਿਕ ਹਾਲਾਤ ਬਾਰੇ ਛਪੀਆਂ ਸਰਕਾਰੀ ਤੇ ਗੈਰ-ਸਰਕਾਰੀ ਲਿਖਤਾਂ ਦੇ ਅਧਿਐਨ ਨਾਲ ਕੀਤਾ। ਕਾਰਖਾਨਾ ਮਜ਼ਦੂਰਾਂ ਦੇ ਹਾਲਾਤ ਜਾਣਨ ਲਈ ਸਮੇਂ-ਸਮੇਂ ਸਰਕਾਰ ਕਮੇਟੀਆਂ ਅਤੇ ਕਮਿਸ਼ਨ ਬਣਾਉਂਦੀ ਸੀ। ਹਾਲਾਤ ਇੰਨੇ ਬਦਤਰ ਸਨ ਕਿ ਕੁਝ ਤੱਥ ਇਨ੍ਹਾਂ ਰਿਪੋਰਟਾਂ 'ਚ ਬਿਆਨਣੇ ਮਜਬੂਰੀ ਸੀ। ਕੁਝ ਗ਼ੈਰ-ਮਜ਼ਦੂਰ ਪਰ ਸੰਵੇਦਨਸ਼ੀਲ ਮਨੁੱਖਾਂ ਨੂੰ ਅਮਨੁੱਖੀ ਹਾਲਾਤ ਹੈਰਾਨ ਪ੍ਰੇਸ਼ਾਨ ਕਰਦੇ ਸਨ। ਉਹ ਆਪਣੀਆਂ ਲਿਖਤਾਂ ਰਾਹੀਂ ਚਿੰਤਾਵਾਂ ਤੇ ਸੰਭਾਵੀ ਹੱਲ ਲਗਾਤਾਰ ਬਿਆਨ ਕਰ ਰਹੇ ਸਨ ਪਰ ਛਪੇ ਗਿਆਨ ਦਾ ਇਹ ਖ਼ਜ਼ਾਨਾ ਏਂਗਲਜ਼ ਲਈ ਅਧੂਰਾ ਸੀ। ਉਹਨੇ ਮਾਨਚੈਸਟਰ ਦੀ ਸਮਾਜਿਕ ਜ਼ਿੰਦਗੀ ਨੂੰ ਨੇੜਿਓਂ ਘੋਖਣ ਦਾ ਫੈਸਲਾ ਕੀਤਾ। ਮਾਨਚੈਸਟਰ ਦੀ ਧੂੜ ਫੱਕਦਿਆਂ, ਨਦੀਆਂ 'ਚ ਵਹਿੰਦੀ ਬਦਬੂ ਸੁੰਘਦਿਆਂ, ਸੂਰਜ ਨੂੰ ਢਕ ਲੈਣ ਜਿੰਨੇ ਸੰਘਣੇ ਧੂੰਏਂ 'ਚ ਸਾਹ ਲੈਂਦਿਆਂ ਏਂਗਲਜ਼ ਦੀ ਨਿਗ੍ਹਾ ਮਜ਼ਦੂਰ ਵਰਗ 'ਤੇ ਟਿਕ ਗਈ।

ਏਂਗਲਜ਼ ਮਜ਼ਦੂਰਾਂ ਦੇ ਹਾਲਾਤ ਓਪਰੀ ਨਜ਼ਰੇ ਨਹੀਂ ਬਲਕਿ ਉਨ੍ਹਾਂ 'ਚ ਖੁਦ ਵਿਚਰ ਕੇ ਜਾਨਣਾ ਚਾਹੁੰਦਾ ਸੀ। ਉਹਨੇ ਸਮਾਜਿਕ ਪਾਲਾਬੰਦੀ ਪਛਾਣਦਿਆਂ ਆਪਣੀ ਧਿਰ ਚੁਣ ਲਈ ਸੀ। ਉਸ ਦਾ ਮੰਨਣਾ ਸੀ ਕਿ ਲੋਕਾਈ ਨੂੰ ਜਾਣੇ ਬਿਨਾਂ ਸਿਧਾਂਤ ਪੱਕੇ ਪੈਰੀਂ ਨਹੀਂ ਹੋ ਸਕਦਾ। ਮੁੱਖਬੰਦ 'ਚ ਲਿਖਦਾ ਹੈ: 'ਸਮਾਜਵਾਦੀ ਸਿਧਾਂਤਕਾਰੀ ਨੂੰ ਮਜ਼ਬੂਤ ਆਧਾਰ ਦੇਣ ਅਤੇ ਇਸ ਦੀ ਹੋਂਦ ਨੂੰ ਸਹੀ ਸਿੱਧ ਕਰਨ ਲਈ ਮਜ਼ਦੂਰਾਂ ਦੇ ਹਾਲਾਤ ਜਾਣਨਾ ਸਭ ਤੋਂ ਅਹਿਮ ਹੈ।' ਖੋਜ ਦੌਰਾਨ ਆਇਰਿਸ਼ ਮਜ਼ਦੂਰ ਔਰਤ ਮੈਰੀ ਬ੍ਰਨਜ਼ ਨਾਲ ਦੋਸਤੀ ਹੋਈ। ਮੈਰੀ ਦੀ ਬਾਂਹ ਫੜ ਏਂਗਲਜ਼ ਨੇ ਮਜ਼ਦੂਰ ਜਮਾਤ ਦੇ ਮਹੱਲਿਆਂ ਦਾ ਹਰ ਕੋਨਾ ਛਾਣ ਮਾਰਿਆ। ਮੈਰੀ ਜ਼ਰੀਏ ਉਹ ਥਾਵਾਂ ਵੀ ਗਾਹੀਆਂ ਜਿਥੇ ਵਿਦੇਸ਼ੀਆਂ ਦਾ ਆਉਣਾ ਪਸੰਦ ਨਹੀਂ ਕੀਤਾ ਜਾਂਦਾ ਸੀ।

ਏਂਗਲਜ਼ ਜਰਮਨੀ ਦੇ ਬਾਅਰਮਨ ਸ਼ਹਿਰ ਦੇ ਕੁਲੀਨ ਅਤੇ ਉਦਯੋਗਪਤੀ ਪਰਿਵਾਰ 'ਚ 1820 ਨੂੰ ਪੈਦਾ ਹੋਇਆ। ਮੁੱਢਲੀ ਉਮਰੇ ਮੋਜ਼ਿਜ਼ ਹੈੱਸ ਵਰਗੇ ਚਿੰਤਕਾਂ ਤੋਂ ਪ੍ਰਭਾਵਿਤ ਹੋਇਆ ਜੋ ਕਹਿ ਰਹੇ ਸਨ ਕਿ ਉਦਯੋਗਕ ਕ੍ਰਾਂਤੀ ਵਰਗੇ ਵਰਤਾਰੇ ਨੇ ਸਮਾਜਿਕ ਤਬਾਹੀ ਦਾ ਸਬਬ ਬਣਨਾ ਹੈ; ਇਨ੍ਹਾਂ ਦਾ ਮੰਨਣਾ ਸੀ ਕਿ ਨਿੱਜੀ ਸੰਪਤੀ ਤੋਂ ਨਿਜਾਤ ਹੀ ਆਖ਼ਿਰੀ ਹੱਲ ਹੈ। ਹੇਗਲ ਨੂੰ ਪੜ੍ਹਿਆ ਤੇ 'ਯੰਗ ਹੇਗੇਲਿਅਨ' ਸਮੂਹਾਂ ਨਾਲ ਸੰਵਾਦ ਰਚਾਇਆ। ਉਦਯੋਗਪਤੀ ਬਾਪੂ ਨੂੰ ਵੱਡੇ ਮੁੰਡੇ ਦੀਆਂ 'ਹਰਕਤਾਂ' ਨੇ ਚਿੰਤਤ ਕੀਤਾ। ਮਾਨਚੈਸਟਰ ਸ਼ਹਿਰ ਦੇ ਪੱਛਮ ਵੱਲ ਸਥਿਤ ਸੈਲਫਰਡ 'ਚ ਆਪਣਾ ਕਾਰਖਾਨਾ ਸੰਭਾਲਣ ਦਾ ਹੁਕਮ ਦਿੱਤਾ। ਏਂਗਲਜ਼ ਨੇ ਇਸ ਘਟਨਾ ਨੂੰ ਉਦਯੋਗਕ ਕ੍ਰਾਂਤੀ ਦੀ ਸ਼ੁਰੂਆਤ ਵਾਲੇ ਮੁਲਕ 'ਚ ਸ਼ੁਰੂ ਹੋਈ ਸਮਾਜਿਕ-ਆਰਥਿਕ-ਸਿਆਸੀ ਉਥਲ-ਪੁਥਲ ਨੂੰ ਸਮਝਣ ਅਤੇ ਅਧਿਐਨ ਕਰਨ ਦੇ ਸ਼ਾਨਦਾਰ ਮੌਕੇ ਵਜੋਂ ਲਿਆ। ਬਾਪੂ ਨੇ ਸਫਲ ਪੂੰਜੀਪਤੀ ਬਣਨ ਭੇਜਿਆ ਪਰ ਮੁੰਡਾ ਤਾਉਮਰ ਮਜ਼ਦੂਰਾਂ ਦਾ ਆੜੀ ਹੋ ਨਿਬੜਿਆ, ਉਨ੍ਹਾਂ ਦੀ ਮੁਕਤੀ ਦਾ ਰਾਹ ਖੋਜਦਾ ਰਿਹਾ, ਕਹਿੰਦਾ ਰਿਹਾ ਕਿ ਸਮਾਜ ਦੀ ਮੁਕਤੀ ਮਜ਼ਦੂਰ ਵਰਗ ਦੀ ਮੁਕਤੀ ਤੋਂ ਬਿਨਾਂ ਸੰਭਵ ਨਹੀਂ।

ਇਹ ਏਂਗਲਜ਼ ਦੀ ਜ਼ਿੰਦਗੀ, ਉਸ ਦੇ ਫੈਸਲੇ ਹਨ ਪਰ ਗੱਲ ਬੜੀ ਸਪੱਸ਼ਟ ਹੈ ਕਿ ਮੌਜੂਦਾ ਸਮਾਜ ਨੂੰ ਦਰਪੇਸ਼ ਮਸਲਿਆਂ ਦੀ ਗੂੰਜ ਸਾਫ ਸੁਣਨ ਲਈ ਕੰਨ ਜ਼ਮੀਨ ਨਾਲ ਲਾ ਕੇ ਰੱਖਣੇ ਜ਼ਰੂਰੀ ਹਨ। ਕਿਸੇ ਖਿੱਤੇ ਦੇ ਹਾਲਾਤ ਦਾ ਸਟੀਕ ਅੰਦਾਜ਼ਾ ਲਗਾਉਣ ਲਈ ਉੱਥੋਂ ਦੀ ਅਵਾਮ ਨੂੰ ਗਹੁ ਨਾਲ ਵਾਚਣਾ ਜ਼ਰੂਰੀ ਹੈ। ਇਸ ਲਿਖਤ ਨੂੰ ਏਂਗਲਜ਼ ਨੇ ਆਪਣੇ ਨਿੱਜੀ ਤਜਰਬਿਆਂ ਤੱਕ ਮਹਿਦੂਦ ਨਹੀਂ ਰੱਖਿਆ। ਅਖ਼ਬਾਰਾਂ ਦੀਆਂ ਖ਼ਬਰਾਂ, ਰਸਾਲਿਆਂ 'ਚ ਛਪੇ ਲੇਖਾਂ, ਸਰਕਾਰੀ ਅਧਿਕਾਰੀਆਂ ਦੀਆਂ ਰਿਪੋਰਟਾਂ, ਇਨ੍ਹਾਂ ਰਿਪੋਰਟਾਂ 'ਚ ਛਪੇ ਕਾਬਿਲ ਡਾਕਟਰਾਂ, ਚਰਚ ਦੇ ਪਾਦਰੀਆਂ ਦੇ ਬਿਆਨ, ਸੰਵੇਦਨਸ਼ੀਲ ਸੰਸਦ ਮੈਂਬਰਾਂ ਦੀਆਂ ਟਿੱਪਣੀਆਂ, ਚਿੰਤਕਾਂ ਦੇ ਲੇਖ ਆਦਿ ਕਿਤਾਬ ਦਾ ਹਿੱਸਾ ਹਨ। ਦਿਲਚਸਪ ਤੱਥ ਇਹ ਕਿ ਇਨ੍ਹਾਂ ਵਿੱਚੋਂ ਜ਼ਿਆਦਾਤਰ ਹਵਾਲੇ ਪੂੰਜੀਵਾਦੀ ਪ੍ਰਬੰਧ ਦੇ ਹਮਾਇਤੀਆਂ ਦੇ ਹਨ। ਉਸ ਸਮੇਂ ਸਿਆਸਤਦਾਨਾਂ, ਉਦਯੋਗਕ ਘਰਾਣਿਆਂ, ਨੌਕਰਸ਼ਾਹਾਂ, ਖੁੱਲ੍ਹੀ ਮੰਡੀ ਤੋਂ ਕਮਾਈ ਕਰਨ ਵਾਲਿਆਂ ਨੇ ਪੂੰਜੀਵਾਦੀ ਪ੍ਰਬੰਧ ਲਈ ਆਮ ਸਹਿਮਤੀ ਬਣਾਉਣ 'ਤੇ ਜ਼ੋਰ ਲਾਇਆ ਹੋਇਆ ਸੀ। ਹਵਾਲਿਆਂ ਤੇ ਸਰੋਤਾਂ ਨਾਲ ਲੈਸ ਹੋਣ ਦੀ ਕਵਾਇਦ ਇਸ ਲਈ ਕਿ ਇਸ ਕਿਤਾਬ ਨੂੰ ਪੂੰਜੀਵਾਦ ਦਾ ਕੋਈ ਚਹੇਤਾ ਇਕਪਾਸੜ ਤੇ ਮਨਘੜਤ ਬਿਆਨਬਾਜ਼ੀ ਆਖ ਸੌਖਿਆਂ ਰੱਦ ਨਾ ਕਰ ਸਕੇ। ਤਜਰਬਾ, ਹਵਾਲੇ ਅਤੇ ਸਰੋਤਾਂ ਦਾ ਸੁਮੇਲ। ਇਸ ਤਰਕੀਬ ਨੇ ਏਂਗਲਜ਼ ਤੋਂ ਪਹਿਲਾਂ ਅਤੇ ਬਾਅਦ ਵਿੱਚ ਸਦੀਆਂ ਦਾ ਸਫ਼ਰ ਤੈਅ ਕੀਤਾ ਪਰ ਇਸ ਦਾ ਕੋਈ ਤੋੜ ਨਹੀਂ ਮਿਲਿਆ। ਉਹ ਇਸ ਪ੍ਰਬੰਧ ਦੀ ਕਾਟ 'ਚ ਦਿੱਤੀਆਂ ਦਲੀਲਾਂ ਵਿੱਚ ਰੱਤੀ ਭਰ ਵੀ ਕੱਚ ਨਹੀਂ ਸੀ ਛੱਡਣਾ ਚਾਹੁੰਦਾ। ਉਹ ਸਿਧਾਂਤਕ ਸਮਝ ਤੋਂ ਇਲਾਵਾ ਡੀ-ਕਲਾਸ ਹੋਣ ਦੀ ਜੁਗਤ ਦੇਣ ਦੇ ਵੀ ਸਮਰੱਥ ਹੈ।

ਦੂਜਾ, ਸਮਾਜ ਨੂੰ ਸਮੁੱਚਤਾ 'ਚ ਦੇਖਣਾ, ਅੱਡ-ਅੱਡ ਕਣਾਂ ਵਾਂਗ ਬਿਖਰੀਆਂ ਘਟਨਾਵਾਂ ਦਾ ਆਪਸੀ ਰਿਸ਼ਤਾ ਤੇ ਇੱਕ-ਦੂਜੇ 'ਤੇ ਪ੍ਰਭਾਵ ਨੂੰ ਸਮਝਣਾ। ਏਂਗਲਜ਼ ਮਜ਼ਦੂਰਾਂ ਦੀ ਰਹਿਣੀ-ਸਹਿਣੀ, ਆਰਥਿਕ-ਸਮਾਜਿਕ ਪ੍ਰਬੰਧ, ਸਿਆਸੀ ਜੋੜ-ਤੋੜ, ਆਲਮੀ ਤਬਦੀਲੀਆਂ ਨੂੰ ਇੱਕ ਕੜੀ 'ਚ ਪਰੋਣ ਦਾ ਤਰੱਦਦ ਕਰ ਰਿਹਾ ਹੈ। ਉਸ ਮੁਤਾਬਕ ਹਰ ਸ਼ੈਅ ਮਨੁੱਖ ਨੂੰ ਅਸਰਅੰਦਾਜ਼ ਕਰਦੀ ਹੈ। ਜਾਣਨ ਦਾ ਲਗਾਤਾਰ ਯਤਨ ਰਿਹਾ ਕਿ ਇਨ੍ਹਾਂ ਸ਼ੈਆਂ ਦਾ ਚੰਡਿਆ ਬੰਦਾ ਕਿਰਦਾਰ ਪੱਖੋਂ ਕਿਸ ਕਿਸਮ ਦੀ ਬਣਤਰ ਲੈਂਦਾ ਹੈ। ਲਿਖਤ ਦਰਸਾਉਂਦੀ ਹੈ ਕਿ ਵਰਤਾਰੇ ਤੇ ਨਿੱਜੀ ਜ਼ਿੰਦਗੀਆਂ ਦੇ ਵੇਰਵੇ ਕੈਨਵਸ 'ਤੇ ਬਿਖਰੇ ਬਿੰਦੂਆਂ ਵਾਂਗ ਹਨ ਜਿਨ੍ਹਾਂ ਨੂੰ ਜੋੜ ਕੇ ਸਮਕਾਲੀ ਸਮਾਜ ਦੀ ਅਧੂਰੀ ਤੇ ਧੁੰਦਲੀ ਤਸਵੀਰ ਨੂੰ ਮੁਕੰਮਲ ਤੇ ਸਪੱਸ਼ਟ ਕਰਨ ਦਾ ਯਤਨ ਜਾਰੀ ਰਹਿਣਾ ਚਾਹੀਦਾ ਹੈ। ਇਸ ਦੇ ਬਰ-ਅਕਸ ਨਿੱਜੀ ਤਜਰਬਿਆਂ ਅਤੇ ਸਾਰੀ ਅਕਾਦਮਿਕ ਕਵਾਇਦ ਨੇ ਸਾਨੂੰ ਘਟਨਾਵਾਂ ਅਤੇ ਵਰਤਾਰਿਆਂ ਨੂੰ ਆਪਣੀ ਸਹੂਲਤ ਅਨੁਸਾਰ ਅੱਡ-ਅੱਡ ਖਾਂਚਿਆਂ 'ਚ ਵੰਡ ਕੇ ਦੇਖਣਾ ਸਿਖਾਇਆ ਹੈ। ਰਾਜਨੀਤੀ ਵਿਗਿਆਨ, ਅਰਥ ਸ਼ਾਸਤਰ, ਇਤਿਹਾਸ, ਭੂਗੋਲ, ਮਨੋਵਿਗਿਆਨ ਤੇ ਭਾਸ਼ਾ ਵਿਭਾਗਾਂ ਨੇ ਸਹੂਲਤ ਮੁਤਾਬਕ ਵਿਸ਼ਿਆਂ ਨੂੰ ਹੀ ਨਹੀਂ, ਵਿਦਿਆਰਥੀਆਂ ਨੂੰ ਵੀ ਵੰਡ ਲਿਆ ਹੈ। ਵੱਖ-ਵੱਖ ਵਿਭਾਗਾਂ ਦੇ ਖੋਜਾਰਥੀਆਂ ਦਾ ਆਪਸੀ ਸੰਵਾਦ ਦੁਰਲੱਭ ਹੈ। ਵਿਭਾਗ ਰੇਲਗੱਡੀ ਦੇ ਉਨ੍ਹਾਂ ਡੱਬਿਆਂ ਵਾਂਗ ਬਣਾ ਲਏ ਜਿਨ੍ਹਾਂ 'ਚ ਇਕ-ਦੂਜੇ 'ਚ ਆਣ-ਜਾਣ ਦੇ ਲਾਂਘੇ ਬੰਦ ਹਨ। ਆਪਸ 'ਚ ਜੁੜੇ ਡੱਬੇ ਦੌੜ ਇੱਕੋ ਪਟੜੀ 'ਤੇ ਰਹੇ ਨੇ, ਇੱਕੋ ਇੰਜਣ ਖਿੱਚ ਰਿਹਾ ਹੈ; ਬੇ-ਖ਼ਬਰੀ ਦਾ ਆਲਮ ਐਸਾ ਕਿ ਆਪਣਾ ਡੱਬਾ ਹੀ ਖੋਜਾਰਥੀ ਨੂੰ ਪੂਰਾ ਸੰਸਾਰ ਜਾਪਦਾ ਹੈ।

ਤੀਜਾ ਸਬਕ ਸਿਰਜਣਾ ਦੇ ਮਕਸਦ ਨਾਲ ਜੁੜਿਆ ਹੈ। ਏਂਗਲਜ਼ ਦੀ ਲਿਖਤ ਅਕਾਦਮਿਕ ਅਦਾਰਿਆਂ 'ਚ ਨਾਮਣਾ ਖੱਟਣ ਅਤੇ 'ਪੜ੍ਹਿਆਂ-ਲਿਖਿਆਂ' ਦੀਆਂ ਮਹਿਫਲਾਂ 'ਚ ਠੁੱਕ ਜਮਾਉਣ ਲਈ ਨਹੀਂ ਸੀ। ਮਾਰਕਸ ਤੋਂ ਉਲਟ ਏਂਗਲਜ਼ ਯੂਨੀਵਰਸਟੀ ਪੜ੍ਹਨ ਵੀ ਨਹੀਂ ਗਿਆ। ਵਡੇਰਿਆਂ ਨੇ 12ਵੀਂ ਤੋਂ ਬਾਅਦ ਹੀ ਪਰਿਵਾਰਕ ਕਾਰੋਬਾਰ ਵੱਲ ਧੱਕ ਦਿੱਤਾ। ਬੰਦਿਸ਼ਾਂ ਮਜ਼ਦੂਰਾਂ ਦੀ ਬਾਤ ਪਾਉਣ ਦੇ ਜਨੂਨ ਨੂੰ ਠੱਲ੍ਹ ਨਾ ਸਕੀਆਂ। ਟੀਚਾ ਮਾਰੂ ਪੂੰਜੀਵਾਦੀ ਪ੍ਰਬੰਧ ਨੂੰ ਸਹੀ ਠਹਿਰਾਉਣ ਵਾਲਿਆਂ ਦੀ ਹਰ ਦਲੀਲ ਨੂੰ ਤੱਥਾਂ ਸਹਿਤ ਕੱਟਣਾ ਸੀ। ਸਮੇਂ ਦੀ ਚੁਣੌਤੀ ਕਬੂਲਦਿਆਂ ਉਸ ਨੂੰ ਟੱਕਰ ਦੇਣ ਦੇ ਸਮਰੱਥ ਸਾਹਿਤ ਦੀ ਰਚਨਾ ਕਰਨਾ ਸੀ। ਸ਼ੋਸ਼ਣ ਰਹਿਤ ਖ਼ੂਬਸੂਰਤ ਜ਼ਿੰਦਗੀ ਦਾ ਸੁਫ਼ਨਾ ਸਾਕਾਰ ਕਰਨ 'ਚ ਲੱਗੇ ਕਾਰਕੁਨਾਂ ਨਾਲ ਸੰਵਾਦ ਰਚਾਉਣਾ ਸੀ। ਇਸ ਜਦੋ-ਜਹਿਦ 'ਚ ਸਾਥੀਆਂ, ਹਮਦਰਦਾਂ ਦੀ ਪਛਾਣ ਕਰਨੀ ਤੇ ਕਰਾਉਣੀ ਸੀ। ਅਸਲ ਦੁਸ਼ਮਣਾਂ ਨੂੰ ਬੇਪਰਦ ਕਰਨਾ ਸੀ ਤਾਂ ਕਿ ਅੰਦੋਲਨ ਉਨ੍ਹਾਂ ਵੱਲ ਸੇਧਿਤ ਹੋ ਸਕੇ। ਪ੍ਰਬੰਧ ਦੇ ਲਤਾੜੇ ਤੇ ਨਿਆਸਰਾ ਬਣਾਏ ਲੋਕਾਂ 'ਚ ਚੇਤਨਾ ਦਾ ਪਸਾਰ ਕਰ ਕੇ ਸੰਘਰਸ਼ ਲਈ ਪ੍ਰੇਰਨਾ ਸੀ।

ਚੌਥਾ ਤੇ ਅਹਿਮ ਸਬਕ, ਇਹ ਲਿਖਤ ਲੋਕਾਈ ਨੂੰ ਅਮੂਰਤ ਰੂਪ 'ਚ ਨਹੀਂ ਦੇਖ ਰਹੀ। ਇਹ ਉਸ ਧਿਰ ਨੂੰ ਵੀ ਖੋਜਦੀ ਹੈ ਜਿਸ ਨੇ ਮੁੱਢੋਂ ਤਬਦੀਲੀ ਲਿਆਉਣ 'ਚ ਮੋਹਰੀ ਭੂਮਿਕਾ ਅਦਾ ਕਰਨੀ ਹੈ। ਇਹ ਲਿਖਤ ਸਭ ਤੋਂ ਲਤਾੜੇ ਤਬਕੇ ਮਜ਼ਦੂਰ ਵਰਗ ਦੀ ਗੱਲ ਪ੍ਰਮੁੱਖਤਾ ਨਾਲ ਰੱਖਦੀ ਇਸ ਧਿਰ ਵੱਲ ਖਲੋ ਕੇ ਦੁਨੀਆ ਦੇ ਵਰਤਾਰੇ ਸਮਝਣ ਅਤੇ ਕੜੀਆਂ ਜੋੜਨ ਵਾਲਾ ਉੱਦਮ ਹੈ। ਮੰਤਵ ਨਿਰਾ ਸਮਾਜਿਕ ਸਚਾਈ ਨੂੰ ਬੇਪਰਦ ਕਰਨਾ ਤੇ ਕਾਰਖਾਨਾ ਮਾਲਕਾਂ ਦੇ ਕਾਰੇ ਉਜਾਗਰ ਕਰਨਾ ਹੀ ਨਹੀਂ ਸੀ; ਦਿਲੀ ਤਮੰਨਾ ਸੀ ਕਿ ਮਨੁੱਖਤਾ ਦੀ ਬਿਹਤਰੀ ਲਈ ਦੁਨੀਆ ਦਾ ਸਮਾਜਿਕ-ਆਰਥਿਕ-ਸਿਆਸੀ ਢਾਂਚਾ ਮੁੱਢੋਂ-ਸੁੱਢੋਂ ਬਦਲੇ। ਅਜਿਹਾ ਪ੍ਰਬੰਧ ਉਸਰੇ ਜੋ ਬਰਾਬਰੀ, ਨਿਆਂ ਆਦਿ ਮਨੁੱਖੀ ਕਦਰਾਂ 'ਤੇ ਪਹਿਰਾ ਦੇਣ ਵਾਲਾ ਹੋਵੇ। ਤੈਅ ਕੀਤਾ ਕਿ ਅਮਨੁੱਖੀ ਢਾਂਚੇ ਦੇ ਜਬਰ ਦਾ ਸ਼ਿਕਾਰ ਅਨੇਕ ਧਿਰਾਂ 'ਚੋਂ ਕਿਹੜੀ ਧਿਰ ਫੈਸਲਾਕੁਨ ਲੜਾਈ ਦੀ ਰਹਿਨੁਮਾਈ ਕਰੇਗੀ। ਲਿਖਤ ਨੇ ਮਜ਼ਦੂਰ ਜਮਾਤ ਨੂੰ ਰਹਿਨੁਮਾ ਚੁਣਿਆ ਹੈ। ਸੱਚ ਨੂੰ ਬੇਪਰਦ ਕਰਨਾ ਜ਼ਰੂਰੀ ਤਾਂ ਹੈ ਪਰ ਮੁਕੰਮਲ ਕਾਰਜ ਨਹੀਂ। ਮਸਲਾ ਸਿਰਫ ਸੱਚ ਦੀ ਖੋਜ ਦਾ ਨਹੀਂ; ਝੂਠ ਤੇ ਫ਼ਰੇਬ ਤੋਂ ਪਰਦਾ ਹਟਾਉਣ ਨਾਲ ਆਪਣੇ ਆਪ ਤਾਂ ਸਮਾਜ ਨੇ ਬਦਲ ਨਹੀਂ ਜਾਣਾ। ਕਾਰਲ ਮਾਰਕਸ ਨੇ ਕਿਹਾ ਸੀ: 'ਦਾਰਸ਼ਨਿਕਾਂ ਨੇ ਹੁਣ ਤੱਕ ਸੰਸਾਰ ਦੀ ਵਿਆਖਿਆ ਹੀ ਕੀਤੀ ਹੈ, ਲੋੜ ਇਸ ਨੂੰ ਬਦਲਣ ਦੀ ਹੈ'।

ਅਗਲਾ ਸਬਕ ਲਿਖਣ ਸ਼ੈਲੀ ਬਾਰੇ ਹੈ। ਮਾਰਕਸਵਾਦੀਆਂ ਬਾਰੇ ਕਿਹਾ ਜਾਂਦਾ (ਜੋ ਕਾਫੀ ਹੱਦ ਤੱਕ ਸਹੀ ਹੈ) ਕਿ ਉਨ੍ਹਾਂ ਦਾ ਅੰਦਾਜ਼-ਏ-ਬਿਆਂ ਬੜਾ ਨੀਰਸ ਹੈ। ਇਹ ਰੋਸ ਇਸ ਲਿਖਤ ਲਈ ਢੁਕਵਾਂ ਨਹੀਂ। ਇਸ ਵਾਰਤਕ ਦੀ ਆਪਣੀ ਰਵਾਨੀ ਹੈ। ਲੇਖਕ ਪਾਠਕ ਨੂੰ ਮਜ਼ਦੂਰ ਬਸਤੀਆਂ ਦੀਆਂ ਗਲੀਆਂ 'ਚ ਆਪਣੇ ਨਾਲ ਤੋਰ ਲੈਂਦਾ ਹੈ। ਇਹ ਲਿਖਤ ਪੜ੍ਹਨ ਲਈ ਮਾਰਕਸਵਾਦੀ ਹੋਣਾ ਅਤੇ ਏਂਗਲਜ਼ ਦੇ ਵਿਸ਼ਲੇਸ਼ਣ ਤੇ ਸਿੱਟਿਆਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਆਖ਼ਰੀ ਗੱਲ ਭਾਸ਼ਾ ਦੇ ਹਵਾਲੇ ਨਾਲ ਹੈ। ਏਂਗਲਜ਼ ਨੇ ਇਹ ਕਿਤਾਬ ਜਰਮਨ ਭਾਸ਼ਾ 'ਚ ਲਿਖੀ। ਜੋ ਦੇਖਿਆ, ਮਹਿਸੂਸ ਕੀਤਾ ਤੇ ਪਰਖਿਆ, ਉਸ ਨੂੰ ਆਪਣੀ ਮਾਤ-ਭਾਸ਼ਾ 'ਚ ਬਿਆਨ ਕੀਤਾ। ਉਹ ਜਿਸ ਭਾਸ਼ਾ 'ਚ ਸੋਚ ਰਿਹਾ, ਉਸੇ ਭਾਸ਼ਾ 'ਚ ਲਿਖ ਰਿਹਾ ਸੀ।

# 'ਮੰਗਲ' ਜਲਦ ਪੈਰ ਰੱਖੇਗਾ ਮਨੁੱਖ !

ਵਾਸ਼ਿੰਗਟਨ- ਚੰਦਰਮਾ ਤੋਂ ਬਾਅਦ, ਮਨੁੱਖ ਜਲਦੀ ਹੀ ਮੰਗਲ 'ਤੇ ਪੈਰ ਰੱਖੇਗਾ। ਇਸ ਦਿਸ਼ਾ ਵਿੱਚ ਇੱਕ ਵੱਡੀ ਸਫਲਤਾ ਹਾਸਲ ਕੀਤੀ ਗਈ ਹੈ। ਨਾਸਾ ਦੇ ਚਾਰ ਵਿਗਿਆਨੀ ਮੰਗਲ ਗ੍ਰਹਿ ਦੇ ਵਾਯੂਮੰਡਲ ਵਾਂਗ ਬਣਾਏ ਗਏ ਵਿਸ਼ੇਸ਼ ਘਰ ਵਿੱਚ 378 ਦਿਨ ਬਿਤਾਉਣ ਤੋਂ ਬਾਅਦ ਸੁਰੱਖਿਅਤ ਬਾਹਰ ਆ ਗਏ ਹਨ। ਇਸ ਮਿਸ਼ਨ ਦੇ ਜ਼ਰੀਏ, ਨਾਸਾ ਇਹ ਖੋਜ ਕਰਨ ਵਿੱਚ ਰੁੱਝਿਆ ਹੋਇਆ ਹੈ ਕਿ ਜੇਕਰ ਮਨੁੱਖ ਨੂੰ ਮੰਗਲ 'ਤੇ ਭੇਜਿਆ ਜਾਂਦਾ ਹੈ ਤਾਂ ਕੀ ਕਰਨਾ ਹੋਵੇਗਾ।

ਨਾਸਾ ਦੇ ਚਾਰ ਵਿਗਿਆਨੀ ਐਨਕਾ ਸੇਲਾਰਿਯੂ, ਰੌਸ ਬ੍ਰੋਕਵੈਲ, ਨਾਥਨ ਜੋਨਸ ਅਤੇ ਟੀਮ ਲੀਡਰ ਕੈਲੀ ਹੇਸਟਨ ਪਿਛਲੇ ਇੱਕ ਸਾਲ ਤੋਂ ਮੰਗਲ ਗ੍ਰਹਿ ਦੇ ਮਿਸ਼ਨ ਨਾਲ ਜੁੜੇ ਪ੍ਰੋਗਰਾਮ ਦਾ ਹਿੱਸਾ ਰਹੇ ਹਨ ਅਤੇ ਇਸ ਗੱਲ 'ਤੇ ਚਰਚਾ ਕੀਤੀ ਹੈ ਕਿ ਮੰਗਲ 'ਤੇ ਮਨੁੱਖ ਕਿਵੇਂ ਰਹੇਗਾ ਅਤੇ ਉਨ੍ਹਾਂ ਨੂੰ ਕਿਹੜੀਆਂ ਚੁਣੌਤੀਆਂ ਦਾ ਸਾਹਮਣਾ ਕਰਨਾ ਪਵੇਗਾ, ਦਾ ਅਧਿਐਨ ਕੀਤਾ। 378 ਦਿਨਾਂ ਬਾਅਦ ਜਦੋਂ ਉਹ ਟੈਕਸਾਸ ਦੇ ਹਿਊਸਟਨ 'ਚ 'ਮੰਗਲ' ਦੀ ਤਰਜ਼ 'ਤੇ ਬਣੇ ਨਿਵਾਸ ਤੋਂ ਬਾਹਰ ਆਏ ਤਾਂ ਸਾਰਿਆਂ ਨੇ ਇਨ੍ਹਾਂ ਵਿਗਿਆਨੀਆਂ ਦਾ ਉਤਸ਼ਾਹ ਨਾਲ ਸਵਾਗਤ ਕੀਤਾ। ਇਹ ਸਾਰੇ ਪਿਛਲੇ ਇੱਕ ਸਾਲ ਤੋਂ ਮਨੁੱਖੀ ਸੰਪਰਕ ਤੋਂ ਦੂਰ ਸਨ। ਵਿਗਿਆਨੀਆਂ ਨੇ ਇਸ ਘਰ ਵਿੱਚ ਮਾਰਸ਼ ਵਾਕ ਕੀਤੀ ਅਤੇ ਸਬਜ਼ੀਆਂ ਵੀ ਉਗਾਈਆਂ। ਉਨ੍ਹਾਂ ਲਈ, ਇੱਕ ਸਾਲ ਲਈ ਮਨੁੱਖੀ ਸੰਪਰਕ ਤੋਂ ਦੂਰ ਰਹਿਣਾ ਮਹਾਂਮਾਰੀ ਦੇ ਦੌਰਾਨ ਲੌਕਡਾਊਨ ਦੇ ਕੰਬਦੇ ਅਨੁਭਵ ਵਾਂਗ ਸੀ। ਪਰ ਜਦੋਂ ਉਹ ਸ਼ਨੀਵਾਰ ਨੂੰ ਬਾਹਰ ਆਏ ਤਾਂ ਚਾਰਾਂ ਵਿਗਿਆਨੀਆਂ ਦੇ ਚਿਹਰੇ ਹਾਸੇ ਨਾਲ ਚਮਕ ਰਹੇ ਸਨ।

ਮੰਗਲ ਦੀ ਤਰਜ਼ 'ਤੇ ਬਣੇ ਇਸ ਆਵਾਸ ਨੂੰ 3ਡੀ ਪ੍ਰਿੰਟਿੰਗ ਨਾਲ ਤਿਆਰ ਕੀਤਾ ਗਿਆ ਹੈ। ਇਸ ਨੂੰ ਮਾਰਸ ਡੂਨ ਅਲਫ਼ਾ ਦਾ ਨਾਂ ਦਿੱਤਾ ਗਿਆ ਹੈ। ਇਸਦਾ ਕੁੱਲ ਖੇਤਰਫਲ 1,700 ਵਰਗ ਫੁੱਟ ਹੈ। ਇਸ ਵਿੱਚ ਬੈਡਰੂਮ, ਇੱਕ ਜਿਮ, ਸਾਂਝੇ ਖੇਤਰ ਅਤੇ ਖੇਤ ਹਨ। ਇੱਕ ਬਾਹਰੀ ਖੇਤਰ ਲਾਲ ਰੇਤ ਨਾਲ ਭਰਿਆ ਹੋਇਆ ਹੈ। ਇਹ ਉਹ ਥਾਂ ਹੈ ਜਿੱਥੇ ਟੀਮ ਨੇ ਆਪਣੇ "ਮਾਰਸਵਾਕ" ਲਈ ਸੂਟ ਦਾਨ ਕੀਤੇ, ਹਾਲਾਂਕਿ ਇਹ ਅਜੇ ਵੀ ਖੁੱਲ੍ਹੀ ਹਵਾ ਦੀ ਬਜਾਏ ਢੱਕਿਆ ਹੋਇਆ ਹੈ।

ਨਾਸਾ ਦੇ ਜਾਨਸਨ ਸਪੇਸ ਸੈਂਟਰ ਦੇ ਡਿਪਟੀ ਡਾਇਰੈਕਟਰ ਸਟੀਵ ਕੋਰਨਰ ਨੇ ਜਾਣਕਾਰੀ ਦਿੱਤੀ ਹੈ ਕਿ ਚਾਰੇ ਵਿਗਿਆਨੀਆਂ ਨੇ ਇਸ ਨਿਵਾਸ ਵਿੱਚ ਇੱਕ ਸਾਲ ਤੋਂ ਵੱਧ ਸਮਾਂ ਬਿਤਾਇਆ ਹੈ। ਇਸ ਸਮੇਂ ਦੌਰਾਨ ਉਸਨੇ ਮਹੱਤਵਪੂਰਨ ਵਿਗਿਆਨਾਂ ਦਾ ਅਧਿਐਨ ਕੀਤਾ। ਉਨ੍ਹਾਂ ਦੱਸਿਆ ਕਿ ਇਹ ਮਿਸ਼ਨ ਨਾਸਾ ਦੇ ਤਿੰਨ ਮਿਸ਼ਨਾਂ ਵਿੱਚੋਂ ਪਹਿਲਾ ਹੈ। ਅਮਰੀਕਾ ਆਪਣੇ ਆਰਟੇਮਿਸ ਪ੍ਰੋਗਰਾਮ ਦੇ ਤਹਿਤ ਚੰਦਰਮਾ 'ਤੇ ਮਨੁੱਖਾਂ ਨੂੰ ਭੇਜਣ ਦੀ ਯੋਜਨਾ ਬਣਾ ਰਿਹਾ ਹੈ।

ਇਸਦਾ ਉਦੇਸ਼ ਮਨੁੱਖਾਂ ਨੂੰ ਉੱਥੇ ਲੰਬੇ ਸਮੇਂ ਤੱਕ ਰਹਿਣਾ ਸਿੱਖਣ ਵਿੱਚ ਮਦਦ ਕਰਨਾ ਹੈ ਅਤੇ ਬਾਅਦ ਵਿੱਚ 2030 ਤੱਕ ਮੰਗਲ ਗ੍ਰਹਿ ਦੀ ਯਾਤਰਾ ਲਈ ਤਿਆਰੀ ਵਿੱਚ ਮਦਦ ਕਰਨਾ ਹੈ। ਜੀਵ-ਵਿਗਿਆਨੀ ਕੈਲੀ ਹੇਸਟਨ ਨੇ ਸਾਰਿਆਂ ਨੂੰ ਹੈਲੋ ਕਿਹਾ ਅਤੇ ਕਿਹਾ ਕਿ ਅਸਲ ਵਿੱਚ ਤੁਹਾਨੂੰ ਹੈਲੋ ਕਹਿਣ ਦੇ ਯੋਗ ਹੋਣਾ ਬਹੁਤ ਵਧੀਆ ਸੀ। "ਮੈਨੂੰ ਸੱਚਮੁੱਚ ਉਮੀਦ ਹੈ ਕਿ ਮੈਂ ਤੁਹਾਡੇ ਸਾਰਿਆਂ ਦੇ ਸਾਹਮਣੇ ਖੜਾ ਨਹੀਂ ਰੋਵਾਂਗਾ,"।

# ਜਲੰਧਰ ਜ਼ਿਮਨੀ ਚੋਣ 'ਚ ਕਿਉਂ ਤਾਕਤ ਲਗਾ ਰਹੀਆਂ ਸੀ ਸਿਆਸੀ ਪਾਰਟੀਆਂ

ਪੰਜਾਬ ਦੇ ਦੁਆਬਾ ਖੇਤਰ ਦੀ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਹਾਈ ਵੋਲਟੇਜ ਉਪ ਚੋਣ ਲਈ ਅੱਜ ਵੋਟਾਂ ਪੈ ਗਈਆਂ ਹਨ ਅਤੇ ਨਤੀਜੇ 13 ਜੁਲਾਈ ਨੂੰ ਆ ਜਾਣਗੇ। ਜਲੰਧਰ ਲੋਕ ਸਭਾ ਹਲਕੇ ਦੇ 9 ਵਿਧਾਨ ਸਭਾ ਹਲਕਿਆਂ ਵਿੱਚ, ਇਹ ਰਾਖਵਾਂ ਹਲਕਾ ਕਾਫ਼ੀ ਸੰਵੇਦਨਸ਼ੀਲ ਮੰਨਿਆ ਗਿਆ ਹੈ ਅਤੇ ਇੱਥੋਂ ਦੀ ਜਿੱਤ ਹਾਰ ਵਿੱਚ ਜਾਤੀ ਅਤੇ ਧਾਰਮਿਕ ਸਮੀਕਰਨ ਅਹਿਮ ਭੂਮਿਕਾ ਨਿਭਾਉਂਦੇ ਹਨ।



2022 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਇਸ ਸੀਟ ਤੋਂ ਆਮ ਆਦਮੀ ਦੇ ਉਮੀਦਵਾਰ ਸ਼ੀਤਲ ਅੰਗੁਰਾਲ ਨੇ ਚੋਣ ਜਿੱਤੀ ਸੀ, ਪਰ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ ਉਨ੍ਹਾਂ ਵੱਲੋਂ ਵਿਧਾਇਕ ਦੇ ਤੌਰ ਉੱਤੇ ਅਸਤੀਫ਼ਾ ਦੇਣ ਕਰਕੇ ਇਸ ਸੀਟ ਉੱਤੇ ਜ਼ਿਮਨੀ ਚੋਣ ਹੋਈ। ਚੋਣ ਦੇ ਮੱਦੇਨਜ਼ਰ ਪੰਜਾਬ ਦੀਆਂ ਸਾਰੀਆਂ ਪਾਰਟੀਆਂ ਨੇ ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੇ ਵੋਟਰਾਂ ਨੂੰ ਭਰਮਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ। ਆਮ ਆਦਮੀ ਪਾਰਟੀ ਵੱਲੋਂ ਜਿੱਥੇ ਪ੍ਰਚਾਰ ਦੀ ਕਮਾਨ ਮੁੱਖ ਮੰਤਰੀ ਭਗਵੰਤ ਮਾਨ ਨੇ ਰੈਲੀਆਂ ਅਤੇ ਰੋਡ ਸ਼ੋਅ ਕਰ ਕੇ ਸੰਭਾਲੀ, ਉੱਥੇ ਹੀ ਕਾਂਗਰਸ ਅਤੇ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਆਗੂਆਂ ਨੇ ਘਰ-ਘਰ ਪ੍ਰਚਾਰ ਕਰ ਕੇ ਨਿੱਜੀ ਸੰਪਰਕ ਰਾਹੀਂ ਵੋਟਰਾਂ ਨਾਲ ਰਾਬਤਾ ਕਾਇਮ ਕਰਨ ਦੀ ਕੋਸ਼ਿਸ਼ ਕੀਤੀ।

### 'ਆਪ' ਲਈ ਕਿਉਂ ਹੈ ਜਲੰਧਰ ਪੱਛਮੀ ਸੀਟ ਅਹਿਮ

ਆਮ ਆਦਮੀ ਪਾਰਟੀ ਖ਼ਾਸ ਤੌਰ ਉੱਤੇ ਮੁੱਖ ਮੰਤਰੀ ਭਗਵੰਤ ਮਾਨ ਲਈ ਜਲੰਧਰ ਪੱਛਮੀ ਸੀਟ ਦੀ ਜ਼ਿਮਨੀ ਚੋਣ ਵੱਕਾਰ ਦਾ ਸਵਾਲ ਬਣੀ ਹੋਈ ਹੈ। ਇਸ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਮੁੱਖ ਮੰਤਰੀ ਨੇ ਆਪਣੀ ਰਿਹਾਇਸ਼ ਚੰਡੀਗੜ੍ਹ ਦੀ ਬਜਾਏ ਜਲੰਧਰ ਵਿੱਚ ਇੱਕ ਕਿਰਾਏ ਦੇ ਮਕਾਨ ਵਿੱਚ ਕਰ ਲਈ ਹੈ। ਉਨ੍ਹਾਂ ਵੋਟਰਾਂ ਨਾਲ ਵਾਅਦਾ ਕੀਤਾ ਹੈ ਕਿ ਉਹ ਦੁਆਬਾ ਖੇਤਰ ਦੇ ਲੋਕਾਂ ਦੀਆਂ ਸ਼ਿਕਾਇਤਾਂ ਦਾ ਹੱਲ ਕਰਨ ਲਈ ਹਫ਼ਤੇ ਵਿੱਚ 3-4 ਦਿਨ ਇੱਥੇ ਬਿਤਾਉਣਗੇ। ਮੁੱਖ ਮੰਤਰੀ ਭਗਵੰਤ ਮਾਨ ਤੋਂ ਇਲਾਵਾ ਪਾਰਟੀ ਦੇ ਤਕਰੀਬਨ ਸਾਰੇ ਵਿਧਾਇਕ, ਕੈਬਨਿਟ ਮੰਤਰੀ ਅਤੇ ਤਿੰਨ ਸੰਸਦ ਮੈਂਬਰਾਂ ਸਮੇਤ ਵਰਕਰਾਂ ਨੇ ਪਾਰਟੀ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਕਰਨ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ।

ਰਾਜਨੀਤਿਕ ਮਾਹਿਰ ਮੰਨਦੇ ਹਨ ਕਿ ਸੱਤਾਧਾਰੀ 'ਆਪ', ਜੋ ਹਾਲ ਹੀ 'ਚ ਹੋਈਆਂ ਲੋਕ ਸਭਾ ਚੋਣਾਂ 'ਚ ਸਿਰਫ਼ ਤਿੰਨ ਸੀਟਾਂ ਹੀ ਜਿੱਤਣ ਵਿੱਚ ਕਾਮਯਾਬ ਰਹੀ, ਇਸ ਸੀਟ ਰਾਹੀਂ ਆਪਣੀ ਰਾਜਨੀਤਿਕ ਪੈਂਠ ਬਚਾਉਣਾ ਚਾਹੁੰਦੀ ਹੈ। ਇਸ ਤੋਂ ਇਲਾਵਾ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣ ਪ੍ਰਚਾਰ ਦੀ ਸਾਰੀ ਜ਼ਿੰਮੇਵਾਰੀ ਖੁਦ ਸੰਭਾਲੀ ਹੋਈ ਹੈ। ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਮੁਹੰਮਦ ਖ਼ਾਲਿਦ ਦਾ ਕਹਿਣਾ ਹੈ ਕਿ ਇਹ ਜ਼ਿਮਨੀ ਚੋਣ ਆਪ ਆਦਮੀ ਪਾਰਟੀ ਦੇ ਨਾਲ ਨਾਲ ਮੁੱਖ ਮੰਤਰੀ ਭਗਵੰਤ ਮਾਨ ਦੀ ਲੀਡਰਸ਼ਿਪ ਲਈ ਇੱਕ ਇਮਤਿਹਾਨ ਹੈ। ਉਨ੍ਹਾਂ ਮੁਤਾਬਕ ਦਿੱਲੀ ਦੇ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਇਸ ਇਸ ਸਮੇਂ ਜੇਲ੍ਹ ਵਿੱਚ ਹਨ ਅਤੇ ਜੇਕਰ ਇਸ ਸੀਟ ਦਾ ਨਤੀਜਾ ਪਾਰਟੀ ਦੇ ਹੱਕ ਵਿੱਚ ਨਹੀਂ ਜਾਂਦਾ ਤਾਂ ਉਨ੍ਹਾਂ ਦੀ ਲੀਡਰਸ਼ਿਪ ਉੱਤੇ ਸਵਾਲ ਖੜ੍ਹੇ ਹੋ ਸਕਦੇ ਹਨ। ਆਮ ਆਦਮੀ ਪਾਰਟੀ ਇਸ ਚੋਣ ਰਾਹੀਂ ਲੋਕਾਂ ਵਿੱਚ ਸਰਕਾਰ ਪ੍ਰਤੀ ਭਰੋਸਾ ਹੋਣ ਦਾ ਸੁਨੇਹਾ ਵੀ ਦੇਣਾ ਚਾਹੁੰਦੀ ਹੈ।

### ਕਾਂਗਰਸ ਵੱਲੋਂ ਆਪਣੇ ਗੜ੍ਹ ਨੂੰ ਬਚਾਉਣ ਦੀ ਕੋਸ਼ਿਸ਼

ਦੁਆਬੇ ਦੀ ਰਾਜਨੀਤੀ ਵਿੱਚ ਦਲਿਤ ਵਸੋਂ ਬਹੁਤ ਜ਼ਿਆਦਾ ਹੈ ਅਤੇ ਇਸ ਕਾਰਨ ਰਾਜਨੀਤਿਕ ਤੌਰ ਉੱਤੇ ਵੀ ਇਹਨਾਂ ਦਾ ਦਬਦਬਾ ਹੈ। ਲੋਕ ਸਭਾ ਚੋਣਾਂ ਵਿੱਚ ਸੂਬੇ ਦੇ ਸਾਬਕਾ ਕਾਂਗਰਸੀ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ ਨੇ ਵੱਡੀ ਲੀਡ ਨਾਲ ਇਹ ਸੀਟ ਜਿੱਤੀ ਸੀ। ਇਸ ਕਰ ਕੇ ਕਾਂਗਰਸ ਖ਼ਾਸ ਤੌਰ ਉੱਤੇ ਚਰਨਜੀਤ ਸਿੰਘ ਚੰਨੀ ਦੁਆਬਾ ਦੀ ਰਾਜਨੀਤੀ ਵਿੱਚ ਆਪਣਾ ਪ੍ਰਭਾਵ ਕਾਇਮ ਕਰਨ ਦੇ ਮਕਸਦ ਨਾਲ ਪਾਰਟੀ ਉਮੀਦਵਾਰ ਸੁਰਿੰਦਰ ਕੌਰ ਨੂੰ ਜਿਤਾਉਣ ਲਈ ਪੂਰੀ ਵਾਹ ਲਗਾ ਰਹੇ ਹਨ। ਕਾਂਗਰਸੀ ਉਮੀਦਵਾਰ ਸੁਰਿੰਦਰ ਕੌਰ ਸੀਨੀਅਰ ਡਿਪਟੀ ਮੇਅਰ ਤੋਂ ਇਲਾਵਾ ਪੰਜ ਵਾਰ ਨਗਰ ਕੌਂਸਲਰ ਰਹਿ ਚੁੱਕੇ ਹਨ। ਸਿਆਸੀ ਮਾਹਿਰਾਂ ਮੁਤਾਬਕ ਰਿਵਾਇਤੀ ਤੌਰ ਉੱਤੇ ਇਹ ਸੀਟ ਕਾਂਗਰਸ ਦੀ ਹੈ ਅਤੇ ਜੇਕਰ ਜ਼ਿਮਨੀ ਚੋਣ ਵਿੱਚ ਪਾਰਟੀ ਨੂੰ ਇੱਥੋਂ ਸਫ਼ਲਤਾ ਮਿਲਦੀ ਹੈ ਤਾਂ ਦਲਿਤ ਰਾਜਨੀਤੀ ਵਿੱਚ ਚਰਨਜੀਤ ਸਿੰਘ ਚੰਨੀ ਇੱਕ ਵੱਡੇ ਆਗੂ ਵਜੋਂ ਉੱਭਰਨਗੇ। ਕਾਂਗਰਸ ਲਈ, ਪੰਜਾਬ ਕਾਂਗਰਸ ਦੇ ਪ੍ਰਧਾਨ ਅਤੇ ਲੁਧਿਆਣਾ ਤੋਂ ਸੰਸਦ ਮੈਂਬਰ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਸਮੇਤ ਪਾਰਟੀ ਦੇ ਹੋਰਨਾਂ ਆਗੂ ਚੋਣ ਪ੍ਰਚਾਰ ਕੀਤਾ। ਚੋਣ ਪ੍ਰਚਾਰ ਦੌਰਾਨ ਕਾਂਗਰਸ ਨੇ ਰੈਲੀਆਂ ਦੀ ਬਜਾਏ ਘਰ-ਘਰ ਜਾ ਕੇ ਚੋਣ ਪ੍ਰਚਾਰ ਕਰਨ ਦੀ ਨੀਤੀ ਉੱਤੇ ਕੰਮ ਕੀਤਾ।



### ਭਾਜਪਾ ਦੀ ਟੇਕ ਸ਼ੀਤਲ ਉੱਤੇ

ਭਾਰਤੀ ਜਨਤਾ ਪਾਰਟੀ ਨੇ ਜਲੰਧਰ ਤੋਂ ਸ਼ੀਤਲ ਅੰਗੁਰਾਲ ਨੂੰ ਚੋਣ ਮੈਦਾਨ ਵਿਚ ਉਤਾਰਿਆ ਹੈ। ਸਿਆਸੀ ਮਾਹਿਰ ਮੰਨਦੇ ਹਨ ਜੇਕਰ ਭਾਜਪਾ ਇਸ ਸੀਟ ਤੋਂ ਜਿੱਤਦੀ ਹੈ ਤਾਂ ਆਮ ਆਦਮੀ ਪਾਰਟੀ ਨੂੰ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋਣ ਦੇ ਸ਼ੀਤਲ ਅੰਗੁਰਾਲ ਦੇ ਫ਼ੈਸਲੇ ਨੂੰ ਜਾਇਜ਼ ਮੰਨਿਆ ਜਾਵੇਗਾ। ਪੰਜਾਬ ਭਾਜਪਾ ਪ੍ਰਧਾਨ ਸੁਨੀਲ ਜਾਖੜ, ਰਾਸ਼ਟਰੀ ਜਨਰਲ ਸਕੱਤਰ ਤਰੁਨ ਚੁੱਘ ਸਮੇਤ ਭਾਜਪਾ ਦੇ ਸੀਨੀਅਰ ਆਗੂਆਂ ਨੇ ਸ਼ਹਿਰ 'ਚ ਡੇਰੇ ਲਾਏ ਅਤੇ ਪਾਰਟੀ ਦੇ ਉਮੀਦਵਾਰ ਦੇ ਹੱਕ ਵਿੱਚ ਚੋਣ ਪ੍ਰਚਾਰ ਕੀਤਾ।

### ਜਾਤੀ ਸਮੀਕਰਨਾਂ ਦੀ ਅਹਿਮੀਅਤ

ਜਲੰਧਰ ਪੱਛਮੀ ਸੀਟ ਉੱਤੇ ਜਾਤੀ ਸਮੀਕਰਨ ਨੂੰ ਕਾਫ਼ੀ ਅਹਿਮ ਮੰਨਦੇ ਹਨ। ਉਨ੍ਹਾਂ ਮੁਤਾਬਕ ਇਸੇ ਗੱਲ ਨੂੰ ਧਿਆਨ ਵਿੱਚ ਰੱਖਦੇ ਹੋਏ ਆਮ ਆਦਮੀ ਪਾਰਟੀ ਨੇ ਮਹਿੰਦਰ ਭਗਤ ਨੂੰ ਇਸ ਸੀਟ ਤੋਂ ਆਪਣਾ ਉਮੀਦਵਾਰ ਬਣਾਇਆ ਹੈ। ਮਹਿੰਦਰ ਭਗਤ, ਕਬੀਰ ਭਗਤ ਭਾਈਚਾਰੇ ਨਾਲ ਸਬੰਧਿਤ ਹਨ, ਜਿੰਨਾ ਦਾ ਇਸ ਸੀਟ ਉੱਤੇ ਵੱਡਾ ਆਧਾਰ ਹੈ। ਮਹਿੰਦਰ ਭਗਤ ਭਾਜਪਾ ਦੇ ਸੀਨੀਅਰ ਆਗੂ ਅਤੇ ਸਾਬਕਾ ਮੰਤਰੀ ਚੁੰਨੀ ਲਾਲ ਭਗਤ ਦੇ ਬੇਟੇ ਹਨ। ਭਗਤ ਪਰਿਵਾਰ ਦਾ ਇਸ ਹਲਕੇ ਵਿੱਚ ਵੱਡਾ ਆਧਾਰ ਹੈ, ਕਿਉਂਕਿ ਉਨ੍ਹਾਂ ਤਿੰਨ ਵਾਰ ਇੱਥੋਂ ਦੀ ਨੁਮਾਇੰਦਗੀ ਵਿਧਾਨ ਸਭਾ ਵਿੱਚ ਕਰ ਚੁੱਕੇ ਹਨ ਅਤੇ 2007 ਤੋਂ 2017 ਤੱਕ ਅਕਾਲੀ-ਭਾਜਪਾ ਸਰਕਾਰ ਸਮੇਂ ਉਹ ਕੈਬਨਿਟ ਮੰਤਰੀ ਵੀ ਰਹੇ ਹਨ।

ਪੱਤਰਕਾਰ ਰਾਕੇਸ਼ ਸ਼ਾਂਤੀ ਦੂਤ ਮੁਤਾਬਕ ਕਬੀਰ ਭਾਈਚਾਰੇ ਤੋਂ ਇਲਾਵਾ ਇਸ ਸੀਟ ਉੱਤੇ ਰਵੀਦਾਸ ਭਾਈਚਾਰੇ ਦਾ ਵੀ ਆਧਾਰ ਹੈ ਇਸ ਕਰ ਕੇ ਕਾਂਗਰਸ ਨੇ ਮਹਿਲਾ ਦਲਿਤ ਆਗੂ ਸੁਰਿੰਦਰ ਕੌਰ ਨੂੰ ਚੋਣ ਮੈਦਾਨ ਵਿੱਚ ਉਤਾਰਿਆ ਹੈ, ਖ਼ਾਸ ਤੌਰ ਉੱਤੇ ਬੂਟਾ ਮੰਡੀ ਦੇ ਵੋਟਰਾਂ ਨੂੰ ਧਿਆਨ ਵਿੱਚ ਰੱਖਦੇ ਹੋਏ। ਰਾਕੇਸ਼ ਸ਼ਾਂਤੀ ਦੂਤ ਮੁਤਾਬਕ ਉਂਝ ਜਲੰਧਰ ਪੱਛਮੀ ਸੀਟ ਉੱਤੇ ਪਿਛਲੇ ਕੁਝ ਸਾਲਾਂ ਤੋਂ ਮੁਕਾਬਲਾ ਕਾਂਗਰਸ ਅਤੇ ਭਾਜਪਾ ਦੇ ਉਮੀਦਵਾਰਾਂ ਵਿਚਾਲੇ ਰਿਹਾ ਹੈ। ਇਸ ਕਰ ਕੇ ਆਮ ਆਦਮੀ ਪਾਰਟੀ ਨੇ ਭਾਜਪਾ ਆਗੂ ਮਹਿੰਦਰ ਭਗਤ ਨੂੰ ਪਾਰਟੀ ਵਿੱਚ ਸ਼ਾਮਲ ਕਰ ਕੇ ਚੋਣ ਮੈਦਾਨ ਵਿਚ ਉਤਾਰਿਆ ਹੈ। ਸਿਆਸੀ ਮਾਹਿਰਾਂ ਮੁਤਾਬਕ ਜਲੰਧਰ ਪੱਛਮੀ ਹਲਕੇ ਵਿੱਚ ਸਿਆਲਕੋਟੀਆ ਰਵੀਦਾਸੀਆਂ ਭਾਈਚਾਰਾ ਵੀ ਅਹਿਮ ਹੈ। ਭਾਜਪਾ ਦੇ ਸ਼ੀਤਲ ਅੰਗੁਰਾਲ ਇਸ ਭਾਈਚਾਰੇ ਤੋਂ ਆਉਂਦੇ ਹਨ। ਇਹ ਉਹ ਭਾਈਚਾਰਾ ਹੈ, ਜੋ ਭਾਰਤ-ਪਾਕਿਸਤਾਨ ਵੰਡ ਦੌਰਾਨ ਸਿਆਲਕੋਟ ਤੋਂ ਜਲੰਧਰ ਆ ਕੇ ਵਸਿਆ ਹੋਇਆ ਹੈ। ਜਲੰਧਰ ਦੀ ਸਪੋਰਟਸ ਇੰਡਸਟਰੀ ਉੱਤੇ ਇਸ ਭਾਈਚਾਰੇ ਦੇ ਵੱਡਾ ਪ੍ਰਭਾਵ ਹੈ।

### ਦੁਆਬੇ ਦੀ ਦਲਿਤ ਰਾਜਨੀਤੀ ਉੱਤੇ ਜਲੰਧਰ ਪੱਛਮੀ ਸੀਟ ਦਾ ਪ੍ਰਭਾਵ

ਪੰਜਾਬ ਯੂਨੀਵਰਸਿਟੀ ਦੇ ਰਾਜਨੀਤੀ ਵਿਭਾਗ ਦੇ ਸਾਬਕਾ ਪ੍ਰੋਫੈਸਰ ਮੁਹੰਮਦ ਖ਼ਾਲਿਦ ਦਾ ਕਹਿਣਾ ਹੈ ਕਿ ਜਲੰਧਰ ਇਲਾਕੇ ਦਾ ਦੁਆਬੇ ਦੀ ਦਲਿਤ ਰਾਜਨੀਤੀ ਵਿੱਚ ਵੱਡਾ ਪ੍ਰਭਾਵ ਹੈ। ਇਸ ਕਰ ਕੇ ਤਿੰਨ ਹੀ ਪਾਰਟੀਆਂ (ਆਪ, ਭਾਜਪਾ ਅਤੇ ਕਾਂਗਰਸ) ਇਹ ਸੀਟ ਜਿੱਤਣ ਲਈ ਪੂਰੀ ਤਾਕਤ ਲੱਗਾ ਰਹੀਆਂ ਹਨ ਕਿਉਂਕਿ ਇਸ ਸੀਟ ਦਾ ਅਸਰ ਬਾਕੀ ਥਾਵਾਂ ਉੱਤੇ ਵੀ ਪੈਣ ਦੀ ਸੰਭਾਵਨਾ ਹੈ। ਪ੍ਰੋਫੈਸਰ ਮੁਹੰਮਦ ਖ਼ਾਲਿਦ ਮੁਤਾਬਕ ਦੁਆਬਾ ਵਿੱਚ ਡੇਰਾ ਸੱਚ ਖੰਡ ਬੱਲਾਂ ਦਾ ਵੱਡਾ ਪ੍ਰਭਾਵ ਹੈ ਕਿਉਂਕਿ ਗੁਰੂ ਰਵੀਦਾਸ ਧਾਮ ਜਲੰਧਰ ਪੱਛਮੀ ਇਲਾਕੇ ਵਿੱਚ ਹੈ। ਪ੍ਰੋਫੈਸਰ ਖ਼ਾਲਿਦ ਨੇ ਦੱਸਿਆ ਕਿ ਡੇਰਾ ਬੱਲਾਂ ਦੀ ਅਹਿਮੀਅਤ ਕਰ ਕੇ ਸਾਰੀਆਂ ਹੀ ਸਿਆਸੀ ਪਾਰਟੀਆਂ ਅਕਸਰ ਵੋਟਾਂ ਦੇ ਸਮੇਂ ਡੇਰਾ ਦਾ ਅਸ਼ੀਰਵਾਦ ਲੈਣ ਲਈ ਜਾਂਦੀਆਂ ਹਨ। ਇਸ ਕਰ ਕੇ ਸਾਰੀਆਂ ਹੀ ਸਿਆਸੀ ਪਾਰਟੀਆਂ ਇਸ ਸੀਟ ਦੀ ਜਿੱਤ ਰਾਹੀਂ ਸੂਬੇ ਦੀ ਦਲਿਤ ਰਾਜਨੀਤੀ ਵਿੱਚ ਆਪਣਾ ਦਬਦਬਾ ਕਾਇਮ ਕਰਨ ਦੀ ਫ਼ਿਰਾਕ ਵਿੱਚ ਹਨ।

# ਔਰਤ ਨੂੰ ਖਾ ਗਿਆ ਅਜਗਰ, ਢਿੱਡ ਚੀਰ ਕੇ ਲਾਸ਼ ਕੱਢੀ ਬਾਹਰ

ਇੰਡੋਨੇਸ਼ੀਆ ਵਿੱਚ ਇੱਕ ਔਰਤ ਦੀ ਲਾਸ਼ ਅਜਗਰ ਦੇ ਢਿੱਡ ਵਿੱਚੋਂ ਮਿਲੀ ਹੈ। ਹਾਲਾਂਕਿ, ਸੱਪਾਂ ਦੇ ਇਨਸਾਨਾਂ ਨੂੰ ਖਾਣ ਦੇ ਮਾਮਲੇ ਘੱਟ ਹੀ ਨਜ਼ਰ ਆਉਂਦੇ ਹਨ ਪਰ ਇੰਡੋਨੇਸ਼ੀਆ ਵਿੱਚ ਇਹ ਇਸ ਤਰ੍ਹਾਂ ਦਾ ਦੂਜਾ ਮਾਮਲਾ ਹੈ। ਤਾਜ਼ਾ ਮਾਮਲਾ ਦੱਖਣੀ ਸੁਲੇਵੇਸੀ ਸੂਬੇ ਦੇ ਸਿਤੇਬਾ ਪਿੰਡ ਦਾ ਹੈ। ਇੰਡੋਨੇਸ਼ੀਆਈ ਪੁਲਿਸ ਦੇ ਮੁਤਾਬਕ ਮੰਗਲਵਾਰ ਨੂੰ ਸਿਰਿਆਤੀ ਨਾਮ ਦੀ 36 ਸਾਲ ਦੀ ਇੱਕ ਔਰਤ ਆਪਣੇ ਬੱਚੇ ਨੂੰ ਜਨਮ ਦੇਣ ਲਈ ਘਰੋਂ ਨਿਕਲੀ ਸੀ, ਪਰੰਤੂ ਉਹ ਲਾਪਤਾ ਹੋ ਗਈ।

ਬਾਅਦ ਵਿੱਚ ਔਰਤ ਦੇ ਪਤੀ ਆਦਿਯਾਂਸਾ ਨੇ ਅਧਿਕਾਰੀਆਂ ਨੂੰ ਦੱਸਿਆ ਕਿ ਪਿੰਡ ਵਿੱਚ ਆਪਣੇ ਘਰ ਤੋਂ 500 ਮੀਟਰ ਦੂਰ ਸਿਰਿਆਤੀ ਦੀਆਂ ਚੱਪਲਾਂ ਅਤੇ ਹੋਰ ਕੱਪੜੇ ਮਿਲੇ ਹਨ। ਸਥਾਨਕ ਪੁਲਿਸ ਮੁਖੀ ਇਦੁਲ ਨੇ ਕਿਹਾ ਕਿ ਪਤੀ ਆਦਿਯਾਂਸਾ ਨੂੰ ਇੱਕ ਜਿਉਂਦਾ ਅਜਗਰ ਮਿਲਿਆ, ਜਿਸ ਦਾ ਉਨ੍ਹਾਂ ਨੇ ਸਿਰ ਕੱਟ ਦਿੱਤਾ। ਅਜਗਰ ਦਾ ਫੁੱਲਿਆ ਹੋਇਆ ਢਿੱਡ ਦੇਖ ਕੇ ਉਨ੍ਹਾਂ ਨੂੰ ਸ਼ੱਕ ਹੋਇਆ ਅਤੇ ਉਨ੍ਹਾਂ ਨੇ ਅਜਗਰ ਦਾ ਢਿੱਡ ਵੀ ਚੀਰ ਦਿੱਤਾ। ਅਜਗਰ ਦੇ ਢਿੱਡ ਵਿੱਚ ਉਨ੍ਹਾਂ ਨੂੰ ਆਪਣੀ ਪਤੀ ਦੀ ਲਾਸ਼ ਨਜ਼ਰ ਆਈ। ਇਸ ਘਟਨਾ ਤੋਂ ਬਾਅਦ ਸਥਾਨਕ ਪੁਲਿਸ ਨੇ ਆਮ ਨਾਗਰਿਕਾਂ ਨੂੰ ਸਲਾਹ ਦਿੱਤੀ ਹੈ ਕਿ ਅਜਗਰ ਦਾ ਅਜਿਹਾ ਹਮਲਾ ਹਮਲਾ ਫਿਰ ਤੋਂ ਹੋ ਸਕਦਾ ਹੈ।

### ਅਜਗਰਾਂ ਦੇ ਹਮਲੇ ਕਿਉਂ ਵਧ ਰਹੇ ਹਨ?

ਦੱਖਣ ਸੁਲਾਵੇਸੀ ਵਾਤਾਵਰਣ ਸੰਸਥਾ ਨਾਲ ਜੁੜੇ ਮਾਹਰਾਂ ਦਾ ਮੰਨਣਾ ਹੈ ਕਿ ਜੰਗਲਾਂ ਦੀ ਕਟਾਈ ਅਤੇ ਜਾਨਵਰਾਂ ਦੇ ਹਮਲਿਆਂ ਵਿਚਕਾਰ ਮਜ਼ਬੂਤ ਸੰਬੰਧ ਹੈ। ਸੰਸਥਾ ਦੇ ਨਿਰਦੇਸ਼ਕ, ਮੁਹੰਮਦ ਅਲ ਅਮੀਨ ਨੇ ਬੀਬੀਸੀ ਨੂੰ ਦੱਸਿਆ ਕਿ ਇਸ ਇਲਾਕੇ ਵਿੱਚ ਖਣਨ ਅਤੇ ਖੇਤੀ ਲਈ ਜ਼ਮੀਨ ਤੋਂ ਦਰਖ਼ਤਾਂ ਦੀ ਕਟਾਈ ਦਾ ਰੁਝਾਨ ਕਾਫ਼ੀ ਵਧ ਗਿਆ ਹੈ। ਉਨ੍ਹਾਂ ਨੇ ਕਿਹਾ ਨਤੀਜਾ ਇਹ ਹੁੰਦਾ ਹੈ ਕਿ ਇਨ੍ਹਾਂ ਜਾਨਵਰਾਂ ਕੋਲ ਖਾਣ ਦੇ ਵਿਕਲਪ ਘੱਟ ਹੋਣ ਲਗਦੇ ਹਨ। ਸ਼ਿਕਾਰ ਦੀ ਭਾਲ ਵਿੱਚ ਇਹ ਇਨਸਾਨੀ ਅਬਾਦੀ ਵਾਲੇ ਇਲਾਕਿਆਂ ਵਿੱਚ ਆ ਜਾਂਦੇ ਹਨ, ਇੱਥੋਂ ਤੱਕ ਕਿ ਉਹ ਇਨਸਾਨਾਂ ਉੱਤੇ ਸਿੱਧਾ ਹਮਲਾ ਵੀ ਕਰ ਦਿੰਦੇ ਹਨ। ਪੁਲਿਸ ਮੁਖੀ ਇਦੁਲ ਨੇ ਕਿਹਾ ਕਿ ਲੋਕਾਂ ਨੂੰ ਸ਼ੱਕ ਹੈ ਕਿ ਜੰਗਲੀ ਸੂਰਾਂ ਦੇ ਕਾਰਨ ਅਜਗਰ ਰਸਤੇ ਵਿੱਚ ਘਾਤ ਲਾਈ ਬੈਠਾ ਸੀ। ਅਜਗਰ ਜੰਗਲੀ ਸੂਰਾਂ ਨੂੰ ਨਿਸ਼ਾਨਾ ਬਣਾਉਂਦੇ ਹਨ, ਹਾਲਾਂਕਿ ਹੁਣ ਉੱਥੋਂ ਦੇ ਜੰਗਲਾਂ ਵਿੱਚ ਸੂਰਾਂ ਦੀ ਸੰਖਿਆ ਘੱਟ ਹੋ ਰਹੀ ਹੈ। ਪੁਲਿਸ ਮੁਖੀ ਇਦੁਲ ਨੇ ਲੋਕਾਂ ਨੂੰ ਅਪੀਲ ਕੀਤੀ ਕਿ ਜੰਗਲਾ ਦੇ ਨਜ਼ਦੀਕੀ ਇਲਾਕਿਆਂ ਵਿੱਚ ਇਕੱਲੇ ਜਾਣ ਤੋਂ ਬਚਣ।

### ਅਜਗਰ ਇਨਸਾਨ ਨੂੰ ਕਿਵੇਂ ਖਾ ਸਕਦਾ ਹੈ?

ਇੰਡੋਨੇਸ਼ੀਆ ਵਿਚ ਲੋਕਾਂ ਦੀ ਜਾਨ ਲੈਣ ਵਾਲੇ ਅਜਗਰ, ਜਾਲੀਦਾਰ ਹਨ। ਇਹ ਅਜਗਰ ਬਹੁਤ ਲੰਬੇ ਹੁੰਦੇ ਹਨ। ਇਨ੍ਹਾਂ ਦੀ ਲੰਬਾਈ 10 ਮੀਟਰ ਤੋਂ ਜ਼ਿਆਦਾ ਹੋ ਸਕਦੀ ਹੈ। ਇਨ੍ਹਾਂ ਅਜਗਰਾਂ ਦੀ ਤਾਕਤ ਦੀ ਤੁਲਨਾ ਇਨਸਾਨਾਂ ਨਾਲ



ਨਹੀਂ ਕੀਤੀ ਜਾ ਸਕਦੀ, ਇਹ ਬਹੁਤ ਸ਼ਕਤੀਸ਼ਾਲੀ ਹੁੰਦੇ ਹਨ। ਇਹ ਅਜਗਰ ਘਾਤ ਲਾ ਕੇ ਹਮਲਾ ਕਰਦੇ ਹਨ। ਇਹ ਪਹਿਲਾਂ ਆਪਣੇ ਸ਼ਿਕਾਰ ਨੂੰ ਚਾਰੇ ਪਾਸਿਆਂ ਤੋਂ ਵਲੇਟਾ ਪਾ ਲੈਂਦੇ ਹਨ ਅਤੇ ਉਸ ਨੂੰ ਘੁੱਟ ਕੇ ਮਾਰ ਦਿੰਦੇ ਹਨ। ਚਾਰੇ ਪਾਸੇ ਤੋਂ ਘੁੱਟ ਜਾਣ ਕਾਰਨ ਸ਼ਿਕਾਰ ਦਾ ਸਾਹ ਘੁੱਟਿਆ ਜਾਂਦਾ ਹੈ ਅਤੇ ਦਿਲ ਦੀ ਧੜਕਣ ਬੰਦ ਹੋ ਜਾਂਦੀ ਹੈ। ਇਸ ਤੋਂ ਬਾਅਦ ਅਜਗਰ ਉਸ ਨੂੰ ਢਿੱਲਾ ਕਰਦੇ ਹਨ ਅਤੇ ਹੌਲੀ-ਹੌਲੀ ਉਸ ਨੂੰ ਪੂਰਾ ਹੀ ਨਿਗਲ ਜਾਂਦੇ ਹਨ। ਅਜਗਰ ਦਾ ਜਬੜਾ ਬਹੁਤ ਲਚਕੀਲਾ ਹੁੰਦਾ ਹੈ। ਇਸ ਲਈ ਉਸ ਵਿੱਚ ਵੱਡਾ ਸ਼ਿਕਾਰ ਵੀ ਸੌਖਿਆਂ ਹੀ ਸਮਾ ਜਾਂਦਾ ਹੈ। ਮੈਰੀ-ਰੂਥ ਲੋ ਅਜਗਰਾਂ ਦੇ ਮਾਹਰ ਹਨ ਅਤੇ ਸਿੰਗਾਪੁਰ ਵਣਜੀਵ ਰੱਖਿਆ ਵਿੱਚ ਸੁਰੱਖਿਆ ਅਤੇ ਖੋਜ ਅਫ਼ਸਰ ਹਨ। ਅਜਗਰ ਦੇ ਲਈ ਸ਼ਿਕਾਰ ਨੂੰ ਖਾਣ ਵਿੱਚ ਹੱਡੀਆਂ ਦਿੱਕਤ ਬਣਦੀਆਂ ਹਨ। ਉਹ ਕਹਿੰਦੇ ਹਨ, "ਅਜਗਰ ਸਤਨਧਾਰੀ ਜੀਵਾਂ ਦਾ ਸ਼ਿਕਾਰ ਕਰ ਸਕਦੇ ਹਨ। ਉਹ ਕਦੇ-ਕਦੇ ਮਗਰਮੱਛਾਂ ਅਤੇ ਰੀਂਗਣ ਵਾਲੇ ਜੀਵਾਂ ਦਾ ਵੀ ਸ਼ਿਕਾਰ ਕਰਦੇ ਹਨ। ਆਮ ਤੌਰ ਉੱਤੇ ਉਹ ਚੂਹੇ ਅਤੇ ਹੋਰ ਛੋਟੇ ਜਾਨਵਰ ਖਾਂਦੇ ਹਨ।"

"ਲੇਕਿਨ ਜਦੋਂ ਉਹ ਇੱਕ ਨਿਸ਼ਚਿਤ ਲੰਬਾਈ ਦੇ ਹੋ ਜਾਂਦੇ ਹਨ ਤਾਂ ਚੂਹਿਆਂ ਨਾਲ ਉਨ੍ਹਾਂ ਦਾ ਕੰਮ ਨਹੀਂ ਚਲ ਸਕਦਾ। ਉਹ ਆਪਣੇ ਬਰਾਬਰ ਦੇ ਸ਼ਿਕਾਰ ਨੂੰ ਵੀ ਖਾ ਸਕਦੇ ਹਨ। ਇਸ ਵਿੱਚ ਸੂਰ ਅਤੇ ਗਾਂ ਵਰਗੇ ਜਾਨਵਰ ਵੀ ਹੋ ਸਕਦੇ ਹਨ।"

# ਪੰਜਾਬ ਦੀ ਨਵੀਂ ਪੀੜ੍ਹੀ ਲਈ ਪੰਜਾਬ ਛੱਡਣਾ ਮਜਬੂਰੀ ਕਿਉਂ?

ਡਾ. ਅਮਨਪ੍ਰੀਤ ਸਿੰਘ ਬਰਾੜ

ਅੱਜ ਸਾਰੇ ਪਾਸੇ ਇਕ ਗੱਲ ਚੱਲ ਰਹੀ ਹੈ ਕਿ ਲਾਇਕ, ਮਿਹਨਤੀ ਅਤੇ ਤੰਦਰੁਸਤ ਲੋਕ ਪੰਜਾਬ ਛੱਡ ਕੇ ਜਾ ਰਹੇ ਹਨ। ਇਹ ਕੰਮ ਗ਼ਲਤ ਹੋ ਰਿਹਾ ਹੈ, ਇਸ ਨਾਲ ਆਬਾਦੀ ਪੱਖੋਂ ਪੰਜਾਬ ਦੀ ਤਸਵੀਰ ਬਦਲ ਰਹੀ ਹੈ। ਦੂਜੇ ਪਾਸੇ ਇਸ ਵੇਲੇ ਦੀ ਪੰਜਾਬ ਸਰਕਾਰ ਰਿਵਰਸ ਮਾਈਗ੍ਰੇਸ਼ਨ ਦੀ ਗੱਲ ਕਰ ਰਹੀ ਹੈ। ਅਸਲੀਅਤ ਇਹ ਹੈ ਕਿ ਆਪਣਾ ਘਰ-ਬਾਰ ਅਤੇ ਆਪਣਿਆਂ ਨੂੰ ਛੱਡ ਕੇ ਕੋਈ ਨਹੀਂ ਜਾਣਾ ਚਾਹੁੰਦਾ ਹੈ। ਇਹ ਸਭ ਕੁਝ ਰੋਜ਼ੀ-ਰੋਟੀ ਕਰਵਾਉਂਦੀ ਹੈ। ਪਾਰਲੀਮੈਂਟ ਦੇ ਮੌਨਸੂਨ ਸੈਸ਼ਨ ਵਿਚ ਪੇਸ਼ ਕੀਤੇ ਅੰਕੜਿਆਂ ਮੁਤਾਬਕ ਸਾਲ 2014-2022 ਤੱਕ 17।50 ਲੱਖ ਲੋਕਾਂ ਨੇ ਭਾਰਤ ਦੀ ਨਾਗਰਿਕਤਾ ਛੱਡੀ ਅਤੇ ਉਨ੍ਹਾਂ ਵਿੱਚੋਂ 28117 ਪੰਜਾਬੀ ਸਨ। ਸਾਲ 2022 ਵਿਚ 70000 ਪੰਜਾਬੀਆਂ ਨੇ ਕੈਨੇਡਾ ਵਿਚ ਪਰਵਾਸ ਲਿਆ। ਜਿਹੜੇ ਪੜ੍ਹਣ ਲਈ ਗਏ ਉਨ੍ਹਾਂ ਦਾ ਮਕਸਦ ਵੀ ਉੱਥੇ ਹੀ ਵਸਣ ਦਾ ਹੈ। ਇਹ ਨਹੀਂ ਕੇ ਸਭ ਆਰਥਿਕ ਹਾਲਤਾਂ ਦੇ ਮਾਰੇ ਹੀ ਬਾਹਰ ਜਾ ਰਹੇ ਹਨ, ਇਨ੍ਹਾਂ ਵਿਚ ਕਾਫ਼ੀ ਗਿਣਤੀ ਅਮੀਰਾਂ ਦੀ ਵੀ ਹੈ। ਅੱਜ ਲੋਕ ਕੈਨੇਡਾ ਨੂੰ ਜਾਂ ਹੋਰ ਦੇਸ਼ਾਂ ਨੂੰ ਭੱਜ ਰਹੇ ਹਨ ਕਿ ਉਥੇ ਬੱਚੇ ਸੁਰੱਖਿਅਤ ਨਹੀਂ ਹਨ ਜਾਂ ਕੰਮ ਨਹੀਂ ਹੈ। ਉਤਾਰ-ਚੜ੍ਹਾਅ ਸਾਰੀ ਜਗ੍ਹਾ 'ਤੇ ਹੀ ਆਉਂਦੇ ਰਹਿੰਦੇ ਹਨ। ਦੂਜਾ ਪੱਖ ਇਹ ਵੀ ਹੈ ਕਿ ਬੱਚੇ ਕੀ ਕਰ ਰਹੇ ਹਨ, ਇਹ ਕਿਤੇ ਨਾ ਕਿਤੇ ਪਿੱਛੇ ਮਾਂ ਬਾਪ ਦੇ ਦਿੱਤੇ ਸੰਸਕਾਰਾਂ ਜਾਂ ਕਹਿ ਲਉ ਖ਼ਾਨਦਾਨੀ ਨਾਲ ਵੀ ਜੁੜਿਆ ਮਾਮਲਾ ਹੈ।

ਕੀ ਸਾਡਾ ਘਰ ਓਨਾ ਮਜ਼ਬੂਤ ਹੈ ਕਿ ਇਥੋਂ ਨਿਕਾਸੀ ਰੋਕ ਸਕੀਏ। ਅਗਰ ਅਸੀਂ ਇਸ ਵੇਲੇ ਇਥੋਂ ਜਾਣ ਵਾਲਿਆਂ ਨੂੰ ਰੋਕ ਲਈਏ ਤਾਂ ਬੇਰੁਜ਼ਗਾਰੀ ਦਰ ਵੇਖਿਓ ਕਿੱਥੇ ਪਹੁੰਚਦੀ ਹੈ। ਇਸ ਵੇਲੇ ਸਾਡੇ ਘਰ (ਪੰਜਾਬ) ਦੀਆਂ ਕੁਝ ਮੁੱਖ ਸਮੱਸਿਆਵਾਂ ਹਨ ਜਿਨ੍ਹਾਂ ਕਰਕੇ ਲੋਕ ਬਾਹਰ ਦਾ ਰੁਖ਼ ਕਰਦੇ ਹਨ। ਉਹ ਇਹ ਵੀ ਨਹੀਂ ਦੇਖਦੇ ਕਿ ਦੇਸ਼ ਕਿਹੜਾ ਹੈ ਜਾਂ ਕਿਸ ਤਰੀਕੇ ਪਹੁੰਚਣਾ ਹੈ। ਮਿਸਾਲ ਦੇ ਤੌਰ 'ਤੇ ਪਿਛਲੇ ਦਹਾਕਿਆਂ ਤੋਂ ਡੌਂਕੀ ਲਾ ਕੇ ਜਾਣ ਵਾਲਿਆਂ ਦਾ ਹਾਲ ਸਭ ਨੇ ਸੁਣਿਆ ਅਤੇ ਵੇਖਿਆ ਹੈ। ਜਾਣ ਵਾਲੇ ਦੇ ਮਨ ਵਿਚ ਇਥੇ ਦੇ ਹਾਲਾਤ (ਘਰੇਲੂ ਅਤੇ ਸਮਾਜਿਕ) ਪ੍ਰਤੀ ਏਨੀ ਨਫ਼ਰਤ ਹੈ ਕਿ ਉਹ ਏਥੇ ਰਹਿਣ ਦੀ ਥਾਂ ਸੰਭਾਵਿਤ ਮੌਤ ਵੱਲ ਨੂੰ ਹੀ ਤੁਰ ਪੈਂਦਾ ਹੈ। ਉਹ ਵੀ ਜੋ ਏਥੇ ਹੈ, ਉਸ ਨੂੰ ਵੇਚ ਕੇ। ਇਸ ਦੇ ਮੁੱਖ ਕਾਰਨਾਂ 'ਚੋ ਇਕ ਹੈ ਬੇਰੁਜ਼ਗਾਰੀ।

ਮਾਪੇ ਬੱਚੇ ਦੀ ਪੜ੍ਹਾਈ-ਲਿਖਾਈ 'ਤੇ ਜ਼ੋਰ ਲਾਉਂਦੇ ਹਨ ਤਾਂ ਜੋ ਉਨ੍ਹਾਂ ਦੇ ਬੱਚੇ ਅੱਗੇ ਸਮਾਜ ਵਿਚ ਆਪਣੀ ਚੰਗੀ ਕਮਾਈ ਦਾ ਜ਼ਰੀਆ ਬਣਾ ਸਕਣ। ਹਰ ਘਰ ਵਿੱਤੋਂ ਵੱਧ ਖ਼ਰਚਾ ਕਰ ਰਿਹਾ ਹੈ। ਪੜ੍ਹ-ਲਿਖ ਕੇ ਜਦੋਂ ਨੌਕਰੀ ਦੀ ਵਾਰੀ ਆਉਂਦੀ ਹੈ ਤਾਂ ਉੱਪਰਲੇ 2-4 ਫ਼ੀਸਦੀ ਤਾਂ ਸਰਕਾਰੀ ਨੌਕਰੀ 'ਤੇ ਲੱਗ ਜਾਂਦੇ ਹਨ। ਕੁਝ ਚੰਗੇ ਸਕੂਲਾਂ ਕਾਲਜਾਂ 'ਚੋਂ ਪੜ੍ਹੇ ਤੇ ਪੈਸੇ ਵਾਲੇ ਆਪਣਾ ਵਪਾਰ ਖੋਲ੍ਹ ਲੈਂਦੇ ਹਨ।

ਸਰਕਾਰੀ ਨੌਕਰੀਆਂ ਦਾ ਹਾਲ ਵੀ ਕਿਸੇ ਤੋਂ ਗੁੱਝਾ ਨਹੀਂ। ਹੁਣ ਕੁਝ ਸਰਕਾਰੀ ਨੌਕਰੀਆਂ ਖੋਲ੍ਹੀਆਂ ਹਨ ਤਾਂ ਹਾਲ ਇਹ ਹੈ ਕਿ ਸਵੀਪਰ ਦੇ ਅਹੁਦੇ ਲਈ ਵੀ ਪੋਸਟ ਗ੍ਰੈਜੂਏਟ ਜਾਂ ਪੀਐੱਚਡੀ ਅਪਲਾਈ ਕਰ ਰਹੇ ਹਨ। ਕਾਰਪੋਰੇਸ਼ਨਾਂ ਵੀ ਅੱਗੋਂ ਯੋਗਤਾ ਪਰਖ ਦੇ ਬਹਾਨੇ ਗੰਦੇ ਨਾਲੇ ਸਾਫ਼ ਕਰਵਾਉਂ-ਦੀਆਂ ਹਨ। ਪ੍ਰਾਈਵੇਟ ਕਾਰੋਬਾਰੀ ਕਹਿ ਦਿੰਦੇ ਹਨ, ਇਨ੍ਹਾਂ ਨੂੰ ਆਉਂਦਾ ਕੁਝ ਨਹੀਂ। ਦਰਅਸਲ ਨੌਕਰੀਆਂ ਥੋੜ੍ਹੀਆਂ ਅਤੇ ਬਿਨੈਕਾਰ ਜ਼ਿਆਦਾ ਹੁੰਦੇ ਹਨ।

ਨੌਕਰੀ ਦੇਣ ਵਾਲੇ ਨੇ ਪ੍ਰਾਰਥੀ ਦਾ ਮਨੋਬਲ ਤੋੜ ਕੇ ਤਨਖ਼ਾਹ ਘੱਟ ਦੇਣੀ ਹੁੰਦੀ ਹੈ। ਪਿਛਲੇ 15 ਸਾਲਾਂ ਵਿਚ ਉੱਚ ਸਿੱਖਿਆ ਵਿਚ ਜੋ ਨਿਘਾਰ ਆਇਆ ਹੈ, ਜੇ ਕੋਈ ਵੀ ਏਜੰਸੀ ਨਿਰਪੱਖ ਹੋ ਕੇ ਇਸ ਦਾ ਅਧਿਐਨ ਕਰੇ ਤਾਂ 90



ਫ਼ੀਸਦੀ ਉੱਚ ਸਿੱਖਿਆ ਵਿੱਦਿਅਕ ਅਦਾਰੇ ਬੰਦ ਹੋ ਜਾਣ। ਪੰਜਾਬ ਦੀ ਬੇਰੁਜ਼ਗਾਰੀ ਦਰ ਜੂਨ 2023 ਤੱਕ 8।6 ਫ਼ੀਸਦੀ ਸੀ। ਇਹ ਸ਼ਹਿਰਾਂ ਦੀ ਬੇਰੁਜ਼ਗਾਰੀ ਦਰ ਹੈ, ਸੋਚੋ ਜੇ ਪਿੰਡਾਂ ਵਿਚੋਂ ਵੀ ਬੇਰੁਜ਼ਗਾਰ ਲੋਕ ਬਾਹਰ ਜਾਣ ਦੀ ਬਜਾਏ ਸ਼ਹਿਰਾਂ ਵੱਲ ਤੁਰ ਪੈਣ ਤਾਂ ਕੀ ਬਣੂਗਾ। ਬੇਰੁਜ਼ਗਾਰੀ ਜਨਮ ਦਿੰਦੀ ਹੈ ਨਸ਼ੇ ਤੇ ਹੋਰ ਤਰ੍ਹਾਂ ਦੇ ਜੁਰਮਾਂ ਨੂੰ। ਜੇ ਕੋਈ ਬੰਦਾ ਕੰਮ ਲੱਗਿਆ ਹੋਵੇ ਤਾਂ ਉਸ ਦਾ ਧਿਆਨ ਇਨ੍ਹਾਂ ਗੱਲਾਂ ਵੱਲ ਜਾਂਦਾ ਹੀ ਨਹੀਂ। ਜਦੋਂ ਢਿੱਡ ਖਾਣ ਨੂੰ ਮੰਗਦਾ ਹੈ ਤਾਂ ਬੰਦਾ ਗ਼ਲਤ ਕੰਮ ਕਰਦਾ ਹੈ। ਗੱਲ ਪਹਿਲਾਂ ਛੋਟੀ ਚੋਰੀ ਚਕਾਰੀ ਤੋਂ ਸ਼ੁਰੂ ਹੁੰਦੀ ਹੈ। ਹੌਲੀ-ਹੌਲੀ ਜੁਰਮ ਦੀ ਦੁਨੀਆ ਖੁੱਲ੍ਹਦੀ ਜਾਂਦੀ ਹੈ। ਇਥੋਂ ਸ਼ੁਰੂ ਹੁੰਦਾ ਹੈ ਨਸ਼ਾ ਤਸਕਰੀ ਦਾ ਸਫ਼ਰ। ਨਸ਼ਾ ਤਸਕਰੀ ਦੇ ਕਾਰੋਬਾਰੀਆਂ ਦੇ ਨਿਸ਼ਾਨੇ 'ਤੇ ਉਹ ਲੋਕ ਹੁੰਦੇ ਹਨ ਜੋ ਰੁਜ਼ਗਾਰ ਨਾ ਮਿਲਣ ਅਤੇ ਘਰ ਦੀ ਤੰਗੀ ਤੋਂ ਪਰੇਸ਼ਾਨ ਹੁੰਦੇ ਹਨ।

ਅੱਜ ਜ਼ੋਰ ਹੈ ਨਸ਼ਾ ਖ਼ਤਮ ਕਰਨ 'ਤੇ ਪਰ ਜੜ੍ਹ ਹੈ ਬੇਰੁਜ਼ਗਾਰੀ, ਉਸ ਬਾਰੇ ਕੋਈ ਉਪਰਾਲਾ ਨਹੀਂ, ਨੌਕਰੀ ਦੀ ਬਜਾਏ ਮੁਫ਼ਤਖੋਰੀ ਤੇ ਜ਼ੋਰ ਹੈ। ਨਸ਼ੇ ਤੋਂ ਡਰਦੇ, ਅਮੀਰ ਘਰ ਵੀ ਆਪਣੇ ਬੱਚਿਆਂ ਨੂੰ ਬਾਹਰ ਕੱਢ ਰਹੇ ਹਨ। ਪੁਲਿਸ ਦਾ ਇਹ ਹਾਲ ਹੈ ਕਿ ਉਹ ਨਸ਼ਾ ਕਰਨ ਵਾਲਿਆਂ ਨੂੰ ਫੜਣ ਤੋਂ ਡਰਦੀ ਹੈ। ਉਨ੍ਹਾਂ ਮੁਤਾਬਕ ਨਸ਼ੇੜੀ ਐਸਾ ਨਸ਼ਾ ਕਰਦੇ ਹਨ ਕਿ ਉਨ੍ਹਾਂ ਦਾ ਕੋਈ ਪਤਾ ਨਹੀਂ ਕਦੋਂ ਮਰ ਜਾਣ ਤੇ ਜੇ ਹਿਰਾਸਤ ਵਿਚ ਮੌਤ ਹੋ ਗਈ ਤਾਂ ਉਨ੍ਹਾਂ ਦੇ ਗਲ ਪਊਗੀ। ਅਗਰ ਇਹ ਕੀਤਾ ਜਾਵੇ ਕਿ ਨਸ਼ੇੜੀ ਨੂੰ ਫੜ ਕੇ ਉਸ ਨੂੰ ਨਸ਼ਾ ਛੁਡਾਊ ਕੇਂਦਰ ਵਿਚ ਭੇਜਿਆ ਜਾਵੇ। ਪਹਿਲਾਂ ਨਸ਼ਾ ਛੁਡਾਇਆ ਜਾਵੇ ਤੇ ਫਿਰ ਕੇਸ ਚਲਾਇਆ ਜਾਵੇ ਤਾਂ ਅਜਿਹਾ ਸਹੀ ਰਹੇਗਾ।

ਇਸ ਵੇਲੇ ਬਹੁ-ਚਰਚਿਤ ਗੱਲ ਹੈ ਕਿ ਸਾਡੀਆਂ ਕੁਝ ਅਣਭੋਲ ਧੀਆਂ-ਭੈਣਾਂ ਬਾਹਰ ਜਾ ਕੇ ਮਾੜੇ ਕੰਮਾਂ ਵਿਚ ਫਸ ਰਹੀਆਂ ਹਨ। ਗੱਲ ਠੀਕ ਹੋ ਸਕਦੀ ਹੈ ਕਿਉਂਕਿ ਨਿਆਣੀ ਮੱਤ ਹੈ। ਕੰਮ ਘੱਟ ਹੋਣ ਕਰਕੇ ਖ਼ਰਚੇ ਨਹੀਂ ਨਿਕਲਦੇ। ਜਿਸ ਕਰਕੇ ਉਨ੍ਹਾਂ ਨੂੰ ਵਰਗਲਾ ਲਿਆ ਜਾਂਦਾ ਹੈ ਪਰ ਇਹ ਹਾਲਾਤ ਆਪਣੇ ਸੂਬੇ ਵਿਚ ਨਹੀਂ ਦਿਸਦੇ ਲੋਕਾਂ ਨੂੰ। ਪਿੱਛੇ ਲੁਧਿਆਣਾ ਪੁਲਿਸ ਨੇ ਸਪਾ ਸੈਂਟਰਾਂ 'ਤੇ ਰੇਡ ਮਾਰ ਕੇ ਕਿੰਨੀਆਂ ਕੁੜੀਆਂ ਅਤੇ ਬੰਦੇ ਫੜੇ ਸਨ, ਉਹ ਕੀ ਹੈ? ਨਿੱਤ ਦਿਹਾੜੀ ਓਯੋ ਰੂਮ ਦੇ ਕਾਰਨਾਮੇ ਅਖ਼ਬਾਰਾਂ ਦੀਆਂ ਸੁਰਖ਼ੀਆਂ ਬਣਦੇ ਹਨ। ਜੋ ਅਸੀਂ ਬੀਜ ਰਹੇ ਹਾਂ, ਉਹ ਹੀ ਵੱਢਣਾ ਪੈਣਾ ਹੈ। ਮਜਬੂਰੀ ਦਾ ਫ਼ਾਇਦਾ ਹਰ ਕੋਈ ਉਠਾਉਂਦਾ ਹੈ।

ਅੱਜ ਜੇ ਕੋਈ ਇਥੇ ਪੰਜਾਬੀ ਟਰੱਕ ਚਲਾਉਂਦਾ ਹੈ ਤਾਂ ਉਸ ਦਾ ਘਰ ਮਸਾਂ ਹੀ ਚੱਲਦਾ ਹੈ। ਕੋਈ ਵੀ ਰੁਤਬੇ ਵਾਲਾ ਇਨਸਾਨ ਉਸ ਨੂੰ ਇੱਜ਼ਤ ਦੇ ਕੇ ਖ਼ੁਸ਼ ਨਹੀਂ ਪਰ ਜੇ ਕਿਤੇ ਵੀਜ਼ਾ ਲੈ ਕੇ ਉਹ ਬਾਹਰ ਚਲਾ ਜਾਵੇ ਤੇ ਉੱਥੇ ਟਰੱਕ ਚਲਾਵੇ ਤਾਂ ਉਸ ਦੇ ਹਾਲਾਤ ਬਦਲ ਜਾਂਦੇ ਹਨ। ਇਕ ਤਾਂ ਉਥੇ ਉਸ ਨੂੰ ਪੈਸਾ ਚੰਗਾ ਮਿਲਦਾ ਹੈ ਤੇ ਦੂਜਾ ਉਸ ਸਮਾਜ ਵਿਚ ਹਰ ਇਕ ਨੂੰ ਇੱਜ਼ਤ ਦਿੱਤੀ ਜਾਂਦੀ ਹੈ। ਜਦੋਂ ਉਹ ਭਾਰਤ ਵਾਪਿਸ ਆਉਂਦਾ ਹੈ ਤਾਂ ਟਰੱਕ ਡਰਾਈਵਰ ਤੋਂ ਸਾਹਿਬ ਬਣ ਜਾਂਦਾ ਹੈ। ਸਾਲ 2024 ਦੀਆਂ ਵੋਟਾਂ ਪੈ ਗਈਆਂ ਅਤੇ ਦੇਸ਼ ਦੀ ਸਰਕਾਰ ਚੁਣੀ ਗਈ ਹੈ।

ਓਧਰ ਪੰਜਾਬ ਵਿਚ ਜ਼ਿਮਨੀ, ਪੰਚਾਇਤੀ, ਕਾਰਪੋਰੇਸ਼ਨ ਅਤੇ ਕਮੇਟੀਆਂ ਦੀਆਂ ਚੋਣਾਂ ਆ ਰਹੀਆਂ ਹਨ। ਇਨ੍ਹਾਂ ਚੋਣਾਂ ਲਈ ਸੰਭਾਵਿਤ ਉਮੀਦਵਾਰ ਹੁਣ ਸੜਕਾਂ 'ਤੇ ਵੋਟਰਾਂ ਨੂੰ ਜੱਫੀਆਂ ਪਾਉਂਦੇ ਨਜ਼ਰ ਆਉਣਗੇ। ਪਰ ਜਿਸ ਦਿਨ ਕੁਝ ਬਣ ਗਏ ਇਨ੍ਹਾਂ ਤੋਂ ਕਿਤੇ ਮਿਲਣ ਦਾ ਟਾਈਮ ਵੀ ਮੰਗੋ ਤਾਂ ਜਵਾਬ ਨਹੀਂ ਆਉਂਦਾ।ਫਿਰ ਉਨ੍ਹਾਂ ਤੋਂ ਕਿਸੇ ਮਸਲੇ ਦੇ ਹੱਲ ਦੀ ਉਮੀਦ ਕਿਵੇਂ ਕੀਤੀ ਜਾ ਸਕਦੀ ਹੈ। ਅੱਜ ਲੋਕ ਕਾਨੂੰਨ ਵਿਵਸਥਾ ਦੇ ਸਤਾਏ ਵੀ ਬਾਹਰ ਜਾ ਰਹੇ ਹਨ। ਇਹ ਇਕੱਲਾ ਪੰਜਾਬ ਹੀ ਨਹੀਂ ਹੋਰ ਸੂਬਿਆਂ ਵਿਚ ਵੀ ਹਾਲ ਮਾੜਾ ਹੀ ਹੈ।

ਸਰਕਾਰਾਂ ਬਦਲਦੀਆਂ ਹਨ ਪਰ ਇਹ ਹਾਲਾਤ ਨਹੀਂ ਸੁਧਰਦੇ। ਅੱਜ ਤਾਂ ਦਿਨ-ਦਿਹਾੜੇ ਲੁੱਟਾਂ-ਖੋਹਾਂ, ਉਹ ਵੀ ਭਰੇ ਬਜ਼ਾਰਾਂ ਵਿਚ ਹੁੰਦੀਆਂ ਹਨ। ਕਿਸੇ ਨੂੰ ਮਾਰਨਾ ਮਤਲਬ ਜਿਵੇਂ ਸੇਬ ਕੱਟਣਾ ਹੋਵੇ। ਪੁਲਿਸ ਵੀ ਨਹੀਂ ਬਖ਼ਸ਼ੀ ਜਾਂਦੀ। ਆਏ ਦਿਨ ਲੋਕ ਪੁਲਿਸ ਨਾਲ ਹੱਥੋਪਾਈ ਹੁੰਦੇ ਨਜ਼ਰ ਆਉਂਦੇ ਹਨ। ਇਥੋਂ ਤੱਕ ਕਿ ਪੁਲਿਸ ਵਾਲਿਆਂ ਨੂੰ ਗੋਲ਼ੀ ਮਾਰਨ ਤੋਂ ਲੋਕ ਗਰੇਜ਼ ਨਹੀਂ ਕਰਦੇ। ਗੱਲ ਇਹ ਹੈ ਕਿ ਜੇ ਕਾਨੂੰਨ ਦੇ ਰਾਖੇ ਨਹੀਂ ਬਚ ਸਕਦੇ ਤਾਂ ਆਮ ਲੋਕਾਂ ਦਾ ਡਰ-ਸਹਿਮ ਕੌਣ ਦੂਰ ਕਰ ਸਕਦਾ ਹੈ। ਹਾਲਾਤ ਇਹ ਹਨ ਕਿ ਪਿੰਡਾਂ ਵਿਚੋਂ ਰੋਜ਼ ਕਿਸੇ ਦੀ ਮੋਟਰ ਦੀ ਤਾਰ, ਟਰਾਂਸਫਾਰਮਰ ਦਾ ਸਾਮਾਨ, ਮੋਟਰਾਂ ਇੱਥੋਂ ਤੱਕ ਕਿ ਕੋਠੀਆਂ ਨੂੰ ਲੱਗੇ ਲੋਹੇ ਦੇ ਦਰਵਾਜ਼ੇ ਵੀ ਚੋਰੀ ਹੋ ਰਹੇ ਹਨ। ਵੱਡੇ ਰੁੱਤਬੇ ਵਾਲੇ ਲੋਕ ਆਮ ਲੋਕਾਂ ਦੇ ਪਲਾਟਾਂ ਅਤੇ ਕੋਠੀਆਂ 'ਤੇ ਕਬਜ਼ੇ ਕਰੀ ਜਾਂਦੇ ਹਨ।

ਕੀ ਸਾਡੇ ਕੋਲ ਕੋਈ ਹੱਲ ਹੈ ਇਨ੍ਹਾਂ ਚੀਜ਼ਾਂ ਵਿਚ ਬਦਲਾਵ ਲਿਆਉਣ ਦਾ। ਜੇ ਅੱਜ ਬਾਹਰਲੇ ਦੇਸ਼ ਸਾਡੇ ਲਈ ਆਪਣੇ ਦਰਵਾਜ਼ੇ ਬੰਦ ਕਰ ਦੇਣ ਤਾਂ ਸਾਡੇ ਕੋਲ ਅੱਜ ਵੀ ਆਪਣਿਆਂ ਨੂੰ ਸਾਂਭਣ ਦੀ ਕੋਈ ਪੁਖ਼ਤਾ ਨੀਤੀ ਨਹੀਂ। ਅੱਜ ਜੇ ਕੈਨੇਡਾ ਨਾਲ ਸਬੰਧ ਵਿਗੜ ਜਾਂਦੇ ਹਨ ਤਾਂ ਸਭ ਤੋਂ ਵੱਧ ਨੁਕਸਾਨ ਪੰਜਾਬ ਦਾ ਹੋਣਾ ਹੈ।


ਸਾਨੂੰ ਕਾਗ਼ਜ਼ੀ ਗੱਲਾਂ ਵਿਚੋਂ ਨਿਕਲ ਕੇ ਜ਼ਮੀਨੀ ਹਕੀਕਤ 'ਤੇ ਆ ਕੇ ਲੋਕਾਂ ਲਈ ਰੁਜ਼ਗਾਰ ਦਾ ਪ੍ਰਬੰਧ ਕਰਨਾ ਚਾਹੀਦਾ ਹੈ। ਰੁਜ਼ਗਾਰ ਲਈ ਪਿੰਡਾਂ ਵਿਚ ਛੋਟੇ ਉਦਯੋਗ ਸਥਾਪਿਤ ਕਰਨੇ ਚਾਹੀਦੇ ਹਨ। ਮਾਲੀ ਸਹਾਇਤਾ ਅਤੇ ਕਾਰਖਾਨੇ ਦਾ ਲਾਇਸੈਂਸ ਪੇਂਡੂ ਨੌਜਵਾਨਾਂ ਨੂੰ ਆਸਾਨੀ ਨਾਲਿ ਮਲਣੇ ਚਾਹੀਦੇ ਹਨ। ਦੇਸ਼ ਦੀ ਤਲਖ਼ੀ ਚੀਨ ਨਾਲ ਵੀ ਚੱਲ ਰਹੀ ਹੈ ਪਰ ਵਪਾਰ ਵੀ ਚੱਲ ਰਿਹਾ ਹੈ। ਜੇ ਪਾਕਿਸਤਾਨ ਨਾਲ ਵੀ ਸੜਕ ਦੇ ਰਸਤੇ ਵਪਾਰ ਖੁੱਲ੍ਹ ਜਾਵੇ ਤਾਂ ਪੰਜਾਬ ਨੂੰ ਫ਼ਾਇਦਾ ਹੋ ਸਕਦਾ ਹੈ। ਮੁਫ਼ਤ ਸਹਾਇਤਾ ਭਾਵੇਂ ਉਹ ਅਨਾਜ ਹੋਵੇ, ਪੈਨਸ਼ਨ ਜਾਂ ਬਿਜਲੀ ਮੁਫ਼ਤ ਸਿਰਫ਼ ਅਪਾਹਜ ਅਤੇ 65 ਸਾਲ ਦੀ ਉਮਰ ਤੋਂ ਵੱਧ ਵਾਲਿਆਂ ਨੂੰ ਹੀ ਦਿੱਤੀ ਜਾਵੇ। ਬਾਕੀਆਂ ਨੂੰ ਇਹ ਸਹਾਇਤਾ ਕੰਮ ਬਦਲੇ ਦਿੱਤੀ ਜਾਵੇ। ਬਾਹਰਲਿਆਂ ਨੂੰ ਏਥੇ ਸੱਦਣ ਦੀ ਥਾਂ ਏਥੇ ਵਾਲਿਆਂ ਨੂੰ ਹੀ ਸਾਂਭ ਲਉ। ਏਹੋ ਜਿਹੇ ਹਾਲਾਤ ਵੇਖ ਕੇ ਐੱਨਆਰਆਈ ਵਾਪਸ ਨਹੀਂ ਆਉਣ ਲੱਗੇ।

# ਉੱਤਰੀ ਭਾਰਤ 'ਚ ਪੀਣ ਵਾਲੇ ਪਾਣੀ ਨੂੰ ਵੀ ਤਰਸਣਗੇ ਲੋਕ

ਧਰਤੀ ਹੇਠਲੇ ਪਾਣੀ ਦਾ ਪੱਧਰ ਲਗਾਤਾਰ ਹੇਠਾਂ ਜਾਈ ਜਾਣਾ ਵੱਡੀ ਚਿੰਤਾ ਤੇ ਚਿੰਤਨ ਦਾ ਮਜ਼ਮੂਨ ਹੈ। ਲੋਕਾਂ ਨੂੰ ਸਾਲ ਦੇ ਜ਼ਿਆਦਾਤਰ ਮਹੀਨਿਆਂ 'ਚ ਪਾਣੀ ਦੀ ਘਾਟ ਦਾ ਸਾਹਮਣਾ ਕਰਨਾ ਪੈਂਦਾ ਹੈ। ਆਈਆਈਟੀ ਗਾਂਧੀਨਗਰ ਦੇ ਖੋਜੀਆਂ ਵੱਲੋਂ ਜਾਰੀ ਕੀਤੀ ਗਈ ਇਕ ਅਧਿਐਨ ਰਿਪੋਰਟ ਦੱਸਦੀ ਹੈ ਕਿ ਪੌਣ-ਪਾਣੀ ਦੀ ਤਬਦੀਲੀ ਕਾਰਨ ਅਨਾਜ ਦੀ ਖਾਣ ਵਜੋਂ ਜਾਣੇ ਜਾਂਦੇ ਪੰਜਾਬ ਸਣੇ ਉੱਤਰੀ ਭਾਰਤ ਨੇ ਪਿਛਲੇ 20 ਸਾਲਾਂ 'ਚ ਆਪਣਾ ਬੇਸ਼ਕੀਮਤੀ 450 ਘਣ ਕਿੱਲੋਮੀਟਰ ਭੂਮੀਗਤ ਪਾਣੀ ਗੁਆ ਦਿੱਤਾ ਹੈ। ਇਹ ਧਰਤੀ ਹੇਠਲੇ ਪਾਣੀ ਦੀ ਇੰਨੀ ਵੱਡੀ ਮਾਤਰਾ ਹੈ ਕਿ ਦੇਸ਼ ਦਾ ਸਭ ਤੋਂ ਵੱਡਾ ਭੰਡਾਰ ਇੰਦਰਾ ਸਾਗਰ ਡੈਮ 37 ਵਾਰ ਪੂਰੀ ਤਰ੍ਹਾਂ ਭਰਿਆ ਜਾ ਸਕਦਾ ਹੈ।

ਧਰਤੀ ਹੇਠਲੇ ਪਾਣੀ ਦਾ ਡਿੱਗ ਰਿਹਾ ਪੱਧਰ ਪੰਜਾਬ ਲਈ ਖ਼ਾਸ ਤੌਰ 'ਤੇ ਵੱਡੀ ਚਿੰਤਾ ਦਾ ਵਿਸ਼ਾ ਹੈ ਪਰ ਇਸ ਬਾਰੇ ਕੋਈ ਗੱਲ ਨਹੀਂ ਕਰ ਰਿਹਾ ਤੇ ਨਾ ਹੀ ਕੋਈ ਠੋਸ ਕਦਮ ਚੁੱਕੇ ਜਾ ਰਹੇ ਹਨ। ਪੰਜਾਬ ਦੇ ਕੇਂਦਰੀ ਤੇ ਦੱਖਣੀ ਜ਼ਿਲ੍ਹੇ ਬਰਨਾਲਾ, ਬਠਿੰਡਾ, ਫ਼ਤਹਿਗੜ੍ਹ ਸਾਹਿਬ, ਹੁਸ਼ਿਆਰਪੁਰ, ਜਲੰਧਰ, ਮੋਗਾ, ਐੱਸਏਐੱਸ ਨਗਰ, ਪਠਾਨਕੋਟ, ਪਟਿਆਲਾ ਤੇ ਸੰਗਰੂਰ ਸਭ ਤੋਂ ਵੱਧ ਪ੍ਰਭਾਵਿਤ ਹਨ ਜਿੱਥੇ ਧਰਤੀ ਹੇਠਲੇ ਪਾਣੀ ਦੀ ਗਿਰਾਵਟ ਦੀ ਔਸਤ ਸਾਲਾਨਾ ਦਰ 0.49 ਮੀਟਰ ਹੋਣ ਦਾ ਅਨੁਮਾਨ ਹੈ।

ਸੈਂਟਰਲ ਗਰਾਊਂਡ ਵਾਟਰ ਬੋਰਡ ਵੱਲੋਂ 2020 'ਚ ਕੀਤੇ ਗਏ ਭੂਮੀਗਤ ਜਲ ਸਰੋਤ ਮੁਲਾਂਕਣ ਮੁਤਾਬਕ ਪੰਜਾਬ ਦੇ 110 ਬਲਾਕਾਂ ਭਾਵ ਲਗਪਗ 78 ਫ਼ੀਸਦੀ ਖੇਤਰ 'ਚ ਧਰਤੀ ਹੇਠਲੇ ਪਾਣੀ ਦੀ ਬੇਲੋੜੀ ਵਰਤੋਂ ਹੋ ਚੁੱਕੀ ਹੈ





ਅਤੇ ਇਹ ਖੇਤਰ ਡਾਰਕ ਜ਼ੋਨ ਬਣ ਚੁੱਕਾ ਹੈ। ਇਸ ਤੋਂ ਇਲਾਵਾ 4 ਫ਼ੀਸਦੀ ਖੇਤਰ 'ਚ ਤਾਂ ਧਰਤੀ ਹੇਠਲੇ ਪਾਣੀ ਦੀ ਸਥਿਤੀ ਬਹੁਤ ਗੰਭੀਰ ਬਣੀ ਹੋਈ ਹੈ ਅਤੇ ਪੱਧਰ 400 ਤੋਂ 500 ਫੁੱਟ ਤੱਕ ਡਿੱਗ ਗਿਆ ਹੈ।

ਸੂਬੇ ਦਾ 6.7% ਖੇਤਰ ਅਜਿਹਾ ਹੈ ਜਿੱਥੇ ਪਾਣੀ ਦਾ ਪੱਧਰ 300 ਫੁੱਟ ਹੇਠਾਂ ਚਲਾ ਗਿਆ ਹੈ। ਐੱਨਜੀਟੀ ਦੀ ਨਿਗਰਾਨੀ ਵਾਲੀ ਕਮੇਟੀ ਨੇ ਵੀ ਹਾਲ ਹੀ 'ਚ ਐਲਾਨ ਕੀਤਾ ਸੀ ਕਿ ਸਾਲ 2039 ਤੱਕ ਪੰਜਾਬ ਦਾ ਧਰਤੀ ਹੇਠਲਾ ਪਾਣੀ 300 ਮੀਟਰ ਤੋਂ ਹੇਠਾਂ ਚਲਾ ਜਾਵੇਗਾ। ਸਾਲ 2000 'ਚ ਸੂਬੇ 'ਚ ਧਰਤੀ ਹੇਠਲਾ ਪਾਣੀ 110 ਫੁੱਟ 'ਤੇ ਸੀ, ਦੋ ਦਹਾਕਿਆਂ ਪਿੱਛੋਂ ਹੁਣ ਇਹ 450 ਫੁੱਟ ਤੱਕ ਪਹੁੰਚ ਗਿਆ ਹੈ। ਪੀਏਯੂ ਦੇ ਇਕ ਅਧਿਐਨ 'ਚ ਧਰਤੀ ਹੇਠਲੇ ਪਾਣੀ ਦੇ ਪੱਧਰ 'ਚ ਗਿਰਾਵਟ ਦਾ ਇਕ ਹੋਰ ਕਾਰਨ ਟਿਊਬਵੈੱਲਾਂ 'ਤੇ ਨਿਰਭਰਤਾ ਤੇ ਨਹਿਰੀ ਸਿੰਚਾਈ ਪ੍ਰਣਾਲੀ ਦੀ ਘਾਟ ਦੱਸਿਆ ਗਿਆ ਹੈ।

ਰਿਪੋਰਟ ਅਨੁਸਾਰ ਸਾਲ 1970-71 ਤੱਕ ਪੰਜਾਬ 'ਚ 1,90,000 ਦੇ ਲਗਪਗ ਟਿਊਬਵੈੱਲ ਸਨ ਜੋ ਮੁਫ਼ਤ ਜਾਂ ਸਬਸਿਡੀ ਵਾਲੀ ਬਿਜਲੀ ਦੀ ਉਪਲਬਧਤਾ ਤੋਂ ਬਾਅਦ 2011-12 ਤੱਕ ਵਧ ਕੇ 10.38 ਲੱਖ ਹੋ ਗਏ। ਸੰਨ 2020 'ਚ ਇਨ੍ਹਾਂ ਦੀ ਗਿਣਤੀ 24 ਲੱਖ ਤੱਕ ਪਹੁੰਚ ਗਈ ਹੈ ਜਦਕਿ ਕਿਸਾਨਾਂ ਨੂੰ ਹੁਣ ਟਿਊਬਵੈੱਲ ਲਗਾਉਣ ਲਈ 500 ਫੁੱਟ ਡੂੰਘੇ ਬੋਰਵੈੱਲ ਕਰਾਉਣੇ ਪੈ ਰਹੇ ਹਨ। ਪੰਜਾਬ ਦੀ 72% ਜ਼ਮੀਨ 'ਤੇ ਸਿੰਚਾਈ ਦਾ ਕੰਮ ਟਿਊਬਵੈੱਲਾਂ ਰਾਹੀਂ ਕੀਤਾ ਜਾ ਰਿਹਾ ਹੈ ਤੇ ਬਾਕੀ 28% ਰਕਬੇ 'ਤੇ ਇਹ ਕੰਮ ਨਹਿਰੀ ਪਾਣੀ ਰਾਹੀਂ ਕੀਤਾ ਜਾ ਰਿਹਾ ਹੈ। ਇਸ ਦੇ ਨਾਲ ਹੀ ਹੈਦਰਾਬਾਦ ਸਥਿਤ ਨੈਸ਼ਨਲ ਜੀਓਫਿਜ਼ੀਕਲ ਰਿਸਰਚ ਇੰਸਟੀਚਿਊਟ ਨੇ ਕਿਹਾ ਹੈ ਕਿ ਆਉਣ ਵਾਲੇ ਸਮੇਂ 'ਚ ਮੌਨਸੂਨ ਦੌਰਾਨ ਘੱਟ ਬਾਰਿਸ਼ ਹੋਣ ਸਦਕਾ ਸਰਦੀਆਂ 'ਚ ਸਿੰਚਾਈ ਲਈ ਪਾਣੀ ਦੀ ਮੰਗ ਵਧੇਗੀ ਜਿਸ ਕਾਰਨ ਧਰਤੀ ਹੇਠਲੇ ਪਾਣੀ 'ਚ ਕਮੀ ਆਵੇਗੀ। ਅਜਿਹੇ 'ਚ ਜ਼ਰੂਰੀ ਹੈ ਕਿ ਸਰਕਾਰਾਂ ਦੇ ਪੱਧਰ 'ਤੇ ਹੁਣ ਤੋਂ ਹੀ ਠੋਸ ਤੇ ਸਖ਼ਤ ਨੀਤੀਗਤ ਫ਼ੈਸਲੇ ਲਏ ਜਾਣ ਤਾਂ ਜੋ ਸਮਾਂ ਰਹਿੰਦੇ ਇਸ ਸਮੱਸਿਆ ਨਾਲ ਨਜਿੱਠਿਆ ਜਾ ਸਕੇ।

# ਆਮ ਲੋਕਾਂ 'ਚ ਸਿਆਸੀ ਜਾਗ੍ਰਿਤੀ ਤੇ ਜਵਾਬਦੇਹੀ ਦੀ ਲੋੜ




ਡਾ. ਧਰਮਿੰਦਰ ਸਿੰਘ ਉੱਭਾ

ਪਿੱਛੇ ਜਿਹੇ ਸੰਪੰਨ ਹੋਈਆਂ ਲੋਕ ਸਭਾ ਚੋਣਾਂ ਨੇ ਭਾਰਤ ਵਿਚ ਰਾਜਨੀਤੀ ਦੇ ਵਿਗੜਦੇ ਮਾਪਦੰਡਾਂ ਉੱਤੇ ਪੂਰੀ ਤਰ੍ਹਾਂ ਰੋਸ਼ਨੀ ਪਾਈ ਹੈ। ਰਾਜਾਂ ਅਤੇ ਦੇਸ਼ ਨੂੰ ਦਰਪੇਸ਼ ਭਖਦੇ ਮਸਲਿਆਂ 'ਤੇ ਧਿਆਨ ਦੇਣ ਦੀ ਬਜਾਏ ਚੋਣ ਪ੍ਰਚਾਰ ਦੋਸ਼ਾਂ, ਚਰਿੱਤਰ ਹਨਨ, ਕੱਚੀਆਂ ਗੱਲਾਂ ਅਤੇ ਝੂਠੇ ਵਾਅਦਿਆਂ ਉੱਪਰ ਹੀ ਬਹੁਤ ਹੱਦ ਤੱਕ ਕੇਂਦਰਿਤ ਰਿਹਾ। ਸਿਆਸੀ ਨੈਤਿਕਤਾ ਵਿਚ ਇਹ ਗਿਰਾਵਟ ਸਿਰਫ਼ ਚਿੰਤਾਜਨਕ ਹੀ ਨਹੀਂ ਹੈ, ਇਹ ਸਾਡੇ ਲੋਕਤੰਤਰ ਦੀ ਬੁਨਿਆਦ ਲਈ ਇਕ ਵੱਡਾ ਖ਼ਤਰਾ ਹੈ। ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਅਸਲ ਮੁੱਦਿਆਂ ਬਾਰੇ ਸਾਡੀ ਲਾਪਰਵਾਹੀ ਅਤੇ ਜਾਗਰੂਕਤਾ ਦੀ ਘਾਟ ਇਸ ਪਤਨ ਨੂੰ ਵਧਣ-ਫੁੱਲਣ ਦੀ ਇਜਾਜ਼ਤ ਦੇ ਰਹੀ ਹੈ ਜੋ ਸਾਡੇ ਲੋਕਤੰਤਰ ਦੇ ਭਵਿੱਖ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਰਹੀ ਹੈ।

ਲੋਕਤੰਤਰ 'ਚ ਚੋਣਾਂ ਦਾ ਮੁੱਖ ਮਕਸਦ ਨੀਤੀਆਂ 'ਤੇ ਬਹਿਸ ਕਰਨਾ, ਮੁੱਦਿਆਂ ਨੂੰ ਹੱਲ ਕਰਨਾ ਅਤੇ ਭਵਿੱਖ ਲਈ ਇਕ ਦ੍ਰਿਸ਼ਟੀਕੋਣ ਪੇਸ਼ ਕਰਨਾ ਹੁੰਦਾ ਹੈ। ਸਾਡੇ ਦੇਸ਼ ਵਿਚ ਹਾਲ ਹੀ ਵਿਚ ਹੋਈਆਂ ਚੋਣਾਂ ਇਸ ਆਦਰਸ਼ ਤੋਂ ਕਾਫ਼ੀ ਭਟਕ ਗਈਆਂ ਹਨ। ਸਾਡੇ ਬਹੁਤੇ ਸਿਆਸੀ ਨੇਤਾਵਾਂ ਅਤੇ ਪਾਰਟੀਆਂ ਨੇ ਠੋਸ ਨੀਤੀਗਤ ਵਿਚਾਰ-ਵਟਾਂਦਰੇ ਦੀ ਬਜਾਏ ਨਿੱਜੀ ਹਮਲਿਆਂ 'ਤੇ ਜ਼ਿਆਦਾ ਧਿਆਨ ਦੇ ਕੇ ਚਿੱਕੜ ਉਛਾਲਣ ਦਾ ਸਹਾਰਾ ਲਿਆ। ਇਨ੍ਹਾਂ ਨੇਤਾਵਾਂ ਵੱਲੋਂ ਇਕ-ਦੂਜੇ 'ਤੇ ਬੇਬੁਨਿਆਦ ਦੋਸ਼ ਲਗਾਉਣ ਨਾਲ ਚਰਿੱਤਰ ਹਨਨ ਇਕ ਆਮ ਰਣਨੀਤੀ ਬਣ ਗਈ ਹੈ। ਆਰਥਿਕ ਵਿਕਾਸ, ਸਿਹਤ ਸੰਭਾਲ, ਸਿੱਖਿਆ ਅਤੇ ਰਾਸ਼ਟਰੀ ਸੁਰੱਖਿਆ ਵਰਗੇ ਮਹੱਤਵਪੂਰਨ ਮੁੱਦਿਆਂ 'ਤੇ ਅਰਥਪੂਰਨ ਬਹਿਸਾਂ ਦੀ ਬਜਾਏ, ਕੱਚੀਆਂ ਗੱਲਾਂ, ਫ਼ਜ਼ੂਲ ਮੁੱਦੇ ਅਤੇ ਭੜਕਾਊ ਟਿੱਪਣੀਆਂ ਜ਼ਿਆਦਾ ਭਾਰੂ ਰਹੀਆਂ। ਝੂਠੇ ਵਾਅਦੇ ਇਸ ਚੋਣ ਸੀਜ਼ਨ ਦੀ ਇਕ ਹੋਰ ਪਛਾਣ ਬਣੇ ਹਨ। ਬਹੁਤ ਸਾਰੇ ਉਮੀਦਵਾਰਾਂ ਨੇ ਉਨ੍ਹਾਂ ਨੂੰ ਪੂਰਾ ਕਰਨ ਲਈ ਬਿਨਾਂ ਕਿਸੇ ਠੋਸ ਯੋਜਨਾ ਜਾਂ ਇਰਾਦੇ ਦੇ ਵੱਡੇ-ਵੱਡੇ ਦਾਅਵੇ ਅਤੇ ਵਾਅਦੇ ਕੀਤੇ। ਇਸ ਨੇ ਨਾ ਸਿਰਫ਼ ਵੋਟਰਾਂ ਨੂੰ ਗੁਮਰਾਹ ਕੀਤਾ ਸਗੋਂ ਸਿਆਸੀ ਪ੍ਰਕਿਰਿਆ ਦੀ ਭਰੋਸੇਯੋਗਤਾ ਨੂੰ ਵੀ ਢਾਹ ਲਾਈ ਹੈ। ਅਜਿਹੇ ਮਾਹੌਲ ਵਿਚ ਜਿੱਥੇ ਬਿਆਨਬਾਜ਼ੀ ਤਰਕ ਦੀ ਥਾਂ ਲੈਂਦੀ ਹੈ ਅਤੇ ਸਨਸਨੀਖੇਜ਼ਤਾ ਪਦਾਰਥਾਂ ਦੀ ਥਾਂ ਲੈਂਦੀ ਹੈ ਤਾਂ ਦੇਸ਼ ਦੇ ਅਸਲ ਮੁੱਦਿਆਂ ਨੂੰ ਪਾਸੇ ਕਰ ਦਿੱਤਾ ਜਾਂਦਾ ਹੈ।

ਇਸ ਤਰਸਯੋਗ ਸਥਿਤੀ ਲਈ ਕੇਵਲ ਸਿਆਸਤਦਾਨਾਂ ਨੂੰ ਹੀ ਦੋਸ਼ੀ ਨਹੀਂ ਠਹਿਰਾਇਆ ਜਾ ਸਕਦਾ ਬਲਕਿ ਸਾਨੂੰ ਨਾਗਰਿਕਾਂ ਵਜੋਂ ਆਪਣੀ ਭੂਮਿਕਾ ਬਾਰੇ ਵੀ ਸੋਚਣਾ ਚਾਹੀਦਾ ਹੈ। ਵੋਟਰਾਂ ਵੱਲੋਂ ਚੋਣ ਪ੍ਰਚਾਰ ਦੌਰਾਨ ਉਨ੍ਹਾਂ ਕੱਚੀਆਂ ਗੱਲਾਂ ਦਾ ਆਨੰਦ ਮਾਣਨਾ ਇਕ ਪਰੇਸ਼ਾਨ ਕਰਨ ਵਾਲਾ ਰੁਝਾਨ ਹੈ। ਸਾਡੀ ਬੇਬੁਨਿਆਦ ਦੋਸ਼ਾਂ, ਹਾਸੇ-ਮਜ਼ਾਕਾਂ, ਮੁੱਦਾਹੀਣ ਤਕਰੀਰਾਂ, ਦੂਜਿਆਂ ਦੇ ਚਰਿੱਤਰ ਹਨਨ ਵਿਚ ਰੁਚੀ ਆਮ ਗੱਲ ਬਣ ਗਈ ਹੈ। ਇਹ ਨਾ ਸਿਰਫ਼ ਸਿਆਸਤਦਾਨਾਂ ਨੂੰ ਆਪਣੀ ਨਾਕਾਰਾਤਮਕ ਮੁਹਿੰਮ ਨੂੰ ਜਾਰੀ ਰੱਖਣ ਲਈ ਉਤਸ਼ਾਹਤ ਕਰਦਾ ਹੈ, ਸਗੋਂ ਉਨ੍ਹਾਂ ਅਸਲ ਮੁੱਦਿਆਂ ਤੋਂ ਵੀ ਧਿਆਨ ਭਟਕਾਉਂਦਾ ਹੈ ਜਿਨ੍ਹਾਂ ਨੂੰ ਸਾਡੇ ਧਿਆਨ ਦੀ ਲੋੜ ਹੈ। ਵੋਟਰਾਂ ਦੀ ਅਸਲ ਮੁੱਦਿਆਂ ਪ੍ਰਤੀ ਜਾਗਰੂਕਤਾ ਅਤੇ ਸ਼ਮੂਲੀਅਤ ਦੀ ਘਾਟ ਵੱਡੀ ਚਿੰਤਾ ਦਾ ਵਿਸ਼ਾ ਹੈ। ਬਹੁਤ ਸਾਰੇ ਵੋਟਰਾਂ ਨੂੰ ਉਨ੍ਹਾਂ ਉਮੀਦਵਾਰਾਂ ਦੀਆਂ ਨੀਤੀਆਂ ਤੇ ਪਲੇਟਫਾਰਮਾਂ ਬਾਰੇ ਪੂਰੀ ਤਰ੍ਹਾਂ ਜਾਣਕਾਰੀ ਨਹੀਂ ਹੁੰਦੀ ਜਿਸ ਨੂੰ ਉਹ ਵੋਟ ਦੇ ਰਹੇ ਹਨ। ਇਹ ਅਗਿਆਨਤਾ ਸਿਆਸਤਦਾਨਾਂ ਨੂੰ ਆਪਣੀਆਂ ਮਨਮਰਜ਼ੀਆਂ ਲਈ ਉਤਸ਼ਾਹਤ ਕਰਦੀ ਹੈ। ਜੇ ਲੋਕ ਸ਼ਾਸਨ ਦੇ ਗੰਭੀਰ ਸਰੋਕਾਰਾਂ ਦੀ ਬਜਾਏ ਚੋਣਾਂ ਦੇ ਮਨੋਰੰਜਨ 'ਚ ਜ਼ਿਆਦਾ ਦਿਲਚਸਪੀ ਰੱਖਦੇ ਹਨ ਤਾਂ ਇਸ ਵਿਚ ਕੋਈ ਹੈਰਾਨੀ ਨਹੀਂ ਕਿ ਸਿਆਸੀ ਸਰੋਕਾਰਾਂ ਦੀ ਗੁਣਵੱਤਾ ਵੀ ਡਿੱਗ ਗਈ ਜਾਂਦੀ ਹੈ। ਲੋਕਤੰਤਰ ਆਪਣੇ ਨਾਗਰਿਕਾਂ ਦੀ ਚੌਕਸ ਅਤੇ ਸਰਗਰਮ ਭਾਗੀਦਾਰੀ 'ਤੇ ਪ੍ਰਫੁੱਲਿਤ ਹੁੰਦਾ ਹੈ। ਜਦੋਂ ਵੋਟਰਾਂ ਨੂੰ ਅਯੋਗ ਅਤੇ ਅਨਜਾਣ ਕੀਤਾ ਜਾਂਦਾ ਹੈ ਤਾਂ ਉਹ ਕਮਜ਼ੋਰ ਹੁੰਦਾ ਹੈ। ਸਾਰਥਕ ਮੁੱਦਿਆਂ ਦੀ ਬਜਾਏ ਹੋਰ ਗੱਲਾਂ 'ਤੇ ਧਿਆਨ ਕੇਂਦਰਿਤ ਕਰਨ ਦਾ ਮੌਜੂਦਾ ਰੁਝਾਨ ਸਾਡੇ ਦੇਸ਼ ਦੇ ਲੋਕਤੰਤਰੀ ਤਾਣੇ-ਬਾਣੇ ਨੂੰ ਖੋਰਾ ਲਾਉਣ ਦਾ ਕਾਰਨ ਬਣਦਾ ਜਾ ਰਿਹਾ ਹੈ। ਸਾਨੂੰ ਇਹ ਸੋਚਣਾ ਚਾਹੀਦਾ ਹੈ ਕਿ ਜੇਕਰ ਅਸੀਂ ਇਸੇ ਬਿਰਤੀ 'ਤੇ ਚੱਲਦੇ ਰਹੇ ਤਾਂ ਸਾਡਾ ਹਸ਼ਰ ਬਹੁਤ ਮਾੜਾ ਹੋਵੇਗਾ। ਇਸ ਤੋਂ ਇਲਾਵਾ ਉਹ ਲੋਕ ਜੋ ਰਾਤੋ-ਰਾਤ ਪਾਰਟੀਆਂ ਬਦਲਦੇ ਹਨ, ਉਨ੍ਹਾਂ ਦੀ ਵਫ਼ਾਦਾਰੀ ਅਤੇ ਇਮਾਨਦਾਰੀ 'ਤੇ ਵੀ ਸਾਨੂੰ ਸਵਾਲ ਖੜ੍ਹੇ ਕਰਨੇ ਚਾਹੀਦੇ ਹਨ। ਜਦੋਂ ਸਿਆਸਤਦਾਨ ਮੌਕਾਪ੍ਰਸਤ ਗਣਨਾਵਾਂ ਦੇ ਆਧਾਰ 'ਤੇ ਵਫ਼ਾਦਾਰੀ ਬਦਲਦੇ ਹਨ ਤਾਂ ਇਹ ਵੋਟਰਾਂ ਦੇ ਵਿਸ਼ਵਾਸ ਨੂੰ ਕਮਜ਼ੋਰ ਕਰਦਾ ਹੈ। ਅਜਿਹੇ ਵਿਅਕਤੀ ਲੋਕਾਂ ਦੇ ਚੰਗੇ ਨੁਮਾਇੰਦੇ ਬਣਨ ਦੀ ਸੰਭਾਵਨਾ ਨਹੀਂ ਰੱਖਦੇ ਕਿਉਂਕਿ ਉਨ੍ਹਾਂ ਦੀਆਂ ਕਾਰਵਾਈਆਂ ਸੇਵਾ ਕਰਨ ਦੀ ਸੱਚੀ ਇੱਛਾ ਨਾਲੋਂ ਨਿੱਜੀ ਲਾਭ ਦੁਆਰਾ ਪ੍ਰੇਰਿਤ ਹੁੰਦੀਆਂ ਹਨ।

ਸਾਡੇ ਲੋਕਤੰਤਰ ਦੀ ਰਾਖੀ ਲਈ ਇਹ ਜ਼ਰੂਰੀ ਹੈ ਕਿ ਅਸੀਂ ਵਧੇਰੇ ਜਾਗਰੂਕ ਅਤੇ ਸਾਵਧਾਨ ਹੋਈਏ। ਸਿਆਸੀ ਜਾਗਰੂਕਤਾ ਵਿਚ ਮੁੱਦਿਆਂ ਨੂੰ ਸਮਝਣਾ, ਸਿਆਸਤਦਾਨਾਂ ਦੁਆਰਾ ਕੀਤੇ ਵਾਅਦਿਆਂ ਦਾ ਆਲੋਚਨਾਤਮਕ ਮੁਲਾਂਕਣ ਕਰਨਾ ਅਤੇ ਉਨ੍ਹਾਂ ਨੂੰ ਉਨ੍ਹਾਂ ਦੇ ਕੰਮਾਂ ਲਈ ਜਵਾਬਦੇਹ ਬਣਾਉਣਾ ਸ਼ਾਮਲ ਹੈ। ਸਾਨੂੰ ਸਨਸਨੀਖ਼ੇਜ਼ਤਾ ਅਤੇ ਵਿਵਾਦ ਉੱਤੇ ਨੀਤੀ ਦੀ ਮੰਗ ਕਰਨੀ ਚਾਹੀਦੀ ਹੈ। ਅਸੀਂ ਸਿਆਸੀ ਜਾਗਰੂਕਤਾ ਤੇ ਜਵਾਬਦੇਹੀ ਨੂੰ ਵਧਾਉਣ ਲਈ ਕੁਝ ਅਹਿਮ ਕਦਮ ਚੁੱਕ ਸਕਦੇ ਹਾਂ। ਜਿਵੇਂ ਕਿ ਆਪਣੇ-ਆਪ ਅਤੇ ਦੂਜਿਆਂ ਨੂੰ ਸਿੱਖਿਅਤ ਕਰੋ। ਰਾਜਨੀਤਕ ਨਜ਼ਰੀਆ ਇਹ ਕਹਿੰਦਾ ਹੈ ਕਿ ਸਾਡੇ ਦੇਸ਼ ਦੇ ਸਾਹਮਣੇ ਆਉਣ ਵਾਲੇ ਮੁੱਦਿਆਂ ਅਤੇ ਸਾਡੇ ਚੁਣੇ ਹੋਏ ਨੁਮਾਇੰਦਿਆਂ ਦੀ ਕਾਰਗੁਜ਼ਾਰੀ ਬਾਰੇ ਜਾਣੂ ਰਹਿਣਾ ਜ਼ਰੂਰੀ ਹੈ। ਅਖ਼ਬਾਰਾਂ ਨੂੰ ਪੜ੍ਹਨਾ, ਭਰੋਸੇਯੋਗ ਖ਼ਬਰਾਂ ਦੇ ਸਰੋਤਾਂ ਦੀ ਪਾਲਣਾ ਕਰਨਾ ਅਤੇ ਮੌਜੂਦਾ ਮਾਮਲਿਆਂ ਬਾਰੇ ਚਰਚਾਵਾਂ ਵਿਚ ਸ਼ਾਮਲ ਹੋਣਾ ਸਾਨੂੰ ਸੂਚਿਤ ਰਹਿਣ ਵਿਚ ਮਦਦ ਕਰ ਸਕਦਾ ਹੈ। ਸਾਨੂੰ ਆਪਣੇ ਦੋਸਤਾਂ, ਪਰਿਵਾਰ ਅਤੇ ਭਾਈਚਾਰੇ ਦੇ ਮੈਂਬਰਾਂ ਨੂੰ ਵੀ ਖ਼ੁਦ ਨੂੰ ਸਿੱਖਿਅਤ ਕਰਨ ਲਈ ਉਤਸ਼ਾਹਤ ਕਰਨਾ ਚਾਹੀਦਾ ਹੈ।

ਉਮੀਦਵਾਰਾਂ ਦਾ ਆਲੋਚਨਾਤਮਕ ਮੁਲਾਂਕਣ ਕਰਨਾ ਵੀ ਜ਼ਰੂਰੀ ਹੈ। ਭਾਵਨਾਤਮਕ ਅਪੀਲਾਂ ਤੇ ਬਿਆਨਬਾਜ਼ੀ ਦੁਆਰਾ ਪ੍ਰਭਾਵਿਤ ਹੋਣ ਦੀ ਬਜਾਏ ਸਾਨੂੰ ਉਮੀਦਵਾਰਾਂ ਦੀਆਂ ਯੋਗਤਾਵਾਂ, ਟਰੈਕ ਰਿਕਾਰਡ ਅਤੇ ਨੀਤੀਗਤ ਅਹੁਦਿਆਂ ਦਾ ਆਲੋਚਨਾਤਮਕ ਮੁਲਾਂਕਣ ਕਰਨਾ ਚਾਹੀਦਾ ਹੈ। ਇਸ ਵਿਚ ਉਨ੍ਹਾਂ ਦੀ ਪਿਛਲੀ ਕਾਰਗੁਜ਼ਾਰੀ, ਜਨਤਕ ਸੇਵਾ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਅਤੇ ਭਵਿੱਖ ਲਈ ਉਨ੍ਹਾਂ ਦੇ ਨਜ਼ਰੀਏ ਦੀ ਜਾਂਚ ਕਰਨਾ ਸ਼ਾਮਲ ਹੈ। ਲੋਕਤੰਤਰ ਦਰਸ਼ਕਾਂ ਦੀ ਖੇਡ ਨਹੀਂ ਹੈ। ਸਰਗਰਮ ਭਾਗੀਦਾਰੀ ਵਿਚ ਚੋਣਾਂ ਵਿਚ ਵੋਟਿੰਗ ਕਰਨਾ, ਰਾਜਨੀਤਕ ਰੈਲੀਆਂ ਅਤੇ ਬਹਿਸਾਂ ਵਿਚ ਸ਼ਾਮਲ ਹੋਣਾ ਅਤੇ ਸਾਡੇ ਚੁਣੇ ਹੋਏ ਪ੍ਰਤੀਨਿਧਾਂ ਨਾਲ ਜੁੜਨਾ ਸ਼ਾਮਲ ਹੈ। ਸਾਨੂੰ ਸਥਾਨਕ ਗਵਰਨੈਂਸ ਸੰਸਥਾਵਾਂ, ਜਿਵੇਂ ਪੰਚਾਇਤਾਂ ਅਤੇ ਨਗਰ ਕੌਂਸਲਾਂ ਵਿਚ ਹਿੱਸਾ ਲੈਣ ਬਾਰੇ ਵੀ ਵਿਚਾਰ ਕਰਨਾ ਚਾਹੀਦਾ ਹੈ ਤਾਂ ਜੋ ਸਾਡੇ ਭਾਈਚਾਰੇ 'ਤੇ ਸਿੱਧਾ ਪ੍ਰਭਾਵ ਪਾਇਆ ਜਾ ਸਕੇ।

ਇਕ ਵਾਰ ਚੁਣੇ ਜਾਣ ਤੋਂ ਬਾਅਦ ਨੁਮਾਇੰਦਿਆਂ ਨੂੰ ਉਨ੍ਹਾਂ ਦੇ ਵਾਅਦਿਆਂ ਅਤੇ ਕੰਮਾਂ ਲਈ ਜਵਾਬਦੇਹ ਹੋਣਾ ਚਾਹੀਦਾ ਹੈ। ਇਹ ਉਨ੍ਹਾਂ ਨਾਲ ਨਿਯਮਤ ਸੰਚਾਰ, ਜਨਤਕ ਮੀਟਿੰਗਾਂ ਵਿਚ ਸ਼ਾਮਲ ਹੋਣ ਅਤੇ ਪ੍ਰਸ਼ਾਸਨ ਵਿਚ ਪਾਰਦਰਸ਼ਤਾ ਦੀ ਮੰਗ ਕਰਨ ਲਈ ਸੂਚਨਾ ਦੇ ਅਧਿਕਾਰ (ਆਰਟੀਆਈ) ਵਰਗੀਆਂ ਵਿਧੀਆਂ ਦੀ ਵਰਤੋਂ ਕਰ ਕੇ ਪ੍ਰਾਪਤ ਕੀਤਾ ਜਾ ਸਕਦਾ ਹੈ। ਵੋਟਰ ਹੋਣ ਦੇ ਨਾਤੇ ਸਾਨੂੰ ਨਾਕਾਰਾਤਮਕ ਪ੍ਰਚਾਰ ਅਤੇ ਚਰਿੱਤਰ ਹਨਨ ਦੀ ਵਿਰੋਧਤਾ ਕਰਨੀ ਚਾਹੀਦੀ ਹੈ। ਇਸ ਦੀ ਬਜਾਏ ਸਾਨੂੰ ਉਨ੍ਹਾਂ ਉਮੀਦਵਾਰਾਂ ਨੂੰ ਉਤਸ਼ਾਹਤ ਕਰਨਾ ਚਾਹੀਦਾ ਹੈ ਅਤੇ ਸਮਰਥਨ ਕਰਨਾ ਚਾਹੀਦਾ ਹੈ ਜੋ ਉਸਾਰੂ ਬਹਿਸਾਂ 'ਤੇ ਧਿਆਨ ਕੇਂਦਰਿਤ ਕਰਦੇ ਹਨ ਅਤੇ ਮੌਜੂਦ ਮੁੱਦਿਆਂ ਦੇ ਠੋਸ ਹੱਲ ਪੇਸ਼ ਕਰਦੇ ਹਨ।

ਸਾਨੂੰ ਯਾਦ ਰੱਖਣਾ ਚਾਹੀਦਾ ਹੈ ਕਿ ਲੋਕਤੰਤਰ 'ਚ ਅੰਤਿਮ ਸ਼ਕਤੀ ਲੋਕਾਂ ਕੋਲ ਹੁੰਦੀ ਹੈ। ਨੇਤਾ ਸਾਡੇ ਪ੍ਰਤੀ ਜਵਾਬਦੇਹ ਹਨ ਤੇ ਇਹ ਯਕੀਨੀ ਬਣਾਉਣਾ ਸਾਡੀ ਜ਼ਿੰਮੇਵਾਰੀ ਹੈ ਕਿ ਉਹ ਸਾਡੇ ਸਰਬੋਤਮ ਹਿੱਤਾਂ ਵਿਚ ਕੰਮ ਕਰਦੇ ਰਹਿਣ। ਸਾਨੂੰ ਉਹ ਸਰਕਾਰ ਮਿਲਦੀ ਹੈ ਜਿਸ ਦੇ ਅਸੀਂ ਹੱਕਦਾਰ ਹਾਂ। ਜੇ ਅਸੀਂ ਆਪਣੇ-ਆਪ ਨੂੰ ਮਾਮੂਲੀ ਗੱਲਾਂ 'ਚ ਭਟਕਣ ਦਿੰਦੇ ਹਾਂ ਤੇ ਆਪਣੇ ਨੇਤਾਵਾਂ ਨੂੰ ਜਵਾਬਦੇਹ ਠਹਿਰਾਉਣ 'ਚ ਅਸਫਲ ਰਹਿੰਦੇ ਹਾਂ ਤਾਂ ਸਾਨੂੰ ਅਜਿਹੇ ਨੇਤਾ ਮਿਲਣੇ ਜਾਰੀ ਰਹਿਣਗੇ ਜੋ ਜਨਤਾ ਦੀ ਸੇਵਾ ਕਰਨ ਨਾਲੋਂ ਸਵੈ-ਪ੍ਰਚਾਰ ਤੇ ਸਵੈ-ਹਿੱਤਾਂ 'ਚ ਵਧੇਰੇ ਦਿਲਚਸਪੀ ਰੱਖਦੇ ਹਨ। ਜੇ ਅਸੀਂ ਚੌਕਸ ਨਾਗਰਿਕਾਂ ਵਜੋਂ ਆਪਣੀ ਭੂਮਿਕਾ ਨੂੰ ਗੰਭੀਰਤਾ ਨਾਲ ਲੈਂਦੇ ਹਾਂ ਤਾਂ ਅਸੀਂ ਅਹਿਮ ਤਬਦੀਲੀ ਲਿਆ ਸਕਦੇ ਹਾਂ। ਸਿਆਸੀ ਤੌਰ 'ਤੇ ਜਾਗਰੂਕ ਤੇ ਸਰਗਰਮ ਵੋਟਰ ਸਿਆਸਤਦਾਨਾਂ ਨੂੰ ਆਪਣੇ ਪੱਧਰ ਨੂੰ ਉੱਚਾ ਚੁੱਕਣ, ਅਸਲ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰਨ ਤੇ ਆਪਣੇ ਵਾਅਦਿਆਂ ਨੂੰ ਪੂਰਾ ਕਰਨ ਲਈ ਮਜਬੂਰ ਕਰ ਸਕਦਾ ਹੈ। ਇਸ ਨਾਲ ਨਾ ਸਿਰਫ਼ ਸ਼ਾਸਨ ਦੀ ਗੁਣਵੱਤਾ 'ਚ ਸੁਧਾਰ ਹੋਵੇਗਾ ਸਗੋਂ ਸਾਡੇ ਲੋਕਤੰਤਰ ਨੂੰ ਵੀ ਮਜ਼ਬੂਤੀ ਮਿਲੇਗੀ।

# ਯੂਕੇ ਦੀ ਪਾਰਲੀਮੈਂਟ ਵਿੱਚ ਪਹੁੰਚੇ ਪੰਜਾਬੀ

(ਸਫਾ 2 ਦੀ ਬਾਕੀ)

ਪ੍ਰਧਾਨ ਰਹੇ ਹਨ। ਪ੍ਰੀਤ ਕੌਰ ਗਿੱਲ ਸਿਆਸਤ ਵਿੱਚ ਆਉਣ ਦਾ ਸਿਹਰਾ ਆਪਣੇ ਪਿਤਾ ਸਿਰ ਦਿੰਦੇ ਹਨ।

ਪ੍ਰੀਤ ਕੌਰ ਗਿੱਲ ਦੀ ਵੈਬਸਾਈਟ ਮੁਤਾਬਕ ਉਨ੍ਹਾਂ ਨੇ ਯੂਨੀਵਰਸਿਟੀ ਆਫ਼ ਈਸਟ ਲੰਡਨ ਤੋਂ ਸੋਸ਼ਲ ਵਰਕ ਦੇ ਨਾਲ ਸਮਾਜ ਸ਼ਾਸਤਰ ਵਿੱਚ ਬੀਐੱਸਸੀ ਦੀ ਡਿਗਰੀ ਹਾਸਲ ਕੀਤੀ। ਗਰੈਜੂਏਸ਼ਨ ਮਗਰੋਂ ਉਹ ਲੰਮਾ ਸਮਾਂ ਸਮਾਜਿਕ ਕੰਮਾਂ ਵਿੱਚ ਲੱਗੇ ਰਹੇ। ਸੰਸਦ ਵਿੱਚ ਆਉਣ ਤੋਂ ਪਹਿਲਾਂ ਉਹ ਕੌਂਸਲਰ ਬਣੇ ਅਤੇ ਪਬਲਿਕ ਹੈਲਥ ਅਤੇ ਪ੍ਰੋਟੈਕਸ਼ਨ ਦੇ ਕੈਬਨਿਟ ਮੈਂਬਰ ਵੀ ਰਹੇ। 2017 ਦੀਆਂ ਆਮ ਚੋਣਾਂ ਵਿੱਚ ਪ੍ਰੀਤ ਕੌਰ ਗਿੱਲ ਨੂੰ ਲੇਬਰ ਪਾਰਟੀ ਵਲੋਂ ਬਰਮਿੰਘਮ ਏਜਬਸਟਨ ਤੋਂ ਉਮੀਦਵਾਰ ਵਜੋਂ ਚੁਣਿਆ ਗਿਆ। ਉਨ੍ਹਾਂ ਚੋਣਾਂ ਵਿੱਚ ਉਨ੍ਹਾਂ ਨੇ ਜਿੱਤ ਪ੍ਰਾਪਤ ਕੀਤੀ ਅਤੇ ਬਰਮਿੰਘਮ ਏਜਬਸਟਨ ਤੋਂ ਐੱਮਪੀ ਬਣੇ। 2017 ਵਿੱਚ ਉਹ ਗ੍ਰਹਿ ਮਾਮਲਿਆਂ ਦੀ ਚੋਣ ਕਮੇਟੀ ਦੇ ਮੈਂਬਰ ਵੀ ਚੁਣੇ ਗਏ।

ਜਨਵਰੀ 2018 ਵਿੱਚ ਉਨ੍ਹਾਂ ਨੂੰ ਸ਼ੈਡੋ ਕੈਬਨਿਟ ਵਿੱਚ ਅੰਤਰਰਾਸ਼ਟਰੀ ਵਿਕਾਸ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ ਸੀ। 2019 ਦੀਆਂ ਆਮ ਚੋਣਾਂ ਵਿੱਚ ਉਹ ਦੁਬਾਰਾ ਬਰਮਿੰਘਮ ਏਜਬਸਟਨ ਤੋਂ ਐੱਮਪੀ ਬਣੇ। 2020 ਵਿੱਚ, ਉਨ੍ਹਾਂ ਨੂੰ ਪੈਚਵਰਕ ਫਾਊਂਡੇਸ਼ਨ ਦੁਆਰਾ 'ਐੱਮਪੀ ਆਫ਼ ਦੀ ਈਅਰ' ਚੁਣਿਆ ਗਿਆ ਸੀ। ਪ੍ਰੀਤ ਕੌਰ ਗਿੱਲ ਦੀ ਅਧਿਕਾਰਿਤ ਵੈੱਬਸਾਈਟ ਮੁਤਾਬਕ ਉਹ ਕੋ-ਓਪ੍ਰੇਟਿਵ ਪਾਰਟੀ ਪਾਰਲੀਮੈਂਟਰੀ ਗਰੁੱਪ ਆਫ਼ ਐੱਮਪੀਸ ਦੇ ਚੇਅਰ ਵਜੋਂ ਸੇਵਾ ਨਿਭਾ ਰਹੇ ਹਨ। ਹੁਣ ਉਹ 2024 ਦੀਆਂ ਆਮ ਚੋਣਾਂ ਵਿੱਚ ਇੱਕ ਵਾਰ ਫਿਰ ਬਰਮਿੰਘਮ ਏਜਬਸਟਨ ਤੋਂ ਐੱਮਪੀ ਦੀ ਚੋਣ ਲੜ੍ਹੇ ਅਤੇ ਜਿੱਤ ਪ੍ਰਾਪਤ ਕੀਤੀ।

**ਸੀਮਾ ਮਲਹੋਤਰਾ (ਲੇਬਰ ਪਾਰਟੀ)**

ਸੀਮਾ ਮਲਹੋਤਰਾ 2011 ਤੋਂ ਲੇਬਰ ਪਾਰਟੀ ਵੱਲੋਂ ਫੇਲਥਾਮ ਅਤੇ ਹੇਸਟੋਨ ਲਈ ਸੰਸਦ ਮੈਂਬਰ ਹਨ, 6,203 ਦੀ ਬਹੁਮਤ ਨਾਲ ਜਿੱਤ ਕੇ ਉਹ ਸੰਸਦ ਵਿੱਚ ਪਹੁੰਚੇ। ਸੀਮਾ ਮਲਹੋਤਰਾ ਪੰਜਾਬੀ ਮੂਲ ਦੇ ਹਨ। ਲੇਬਰ ਪਾਰਟੀ ਦੀ ਅਧਿਕਾਰਿਤ ਵੈੱਬਸਾਈਟ ਮੁਤਾਬਕ ਸੀਮਾ ਦਾ ਜਨਮ ਹੈਮਰਸਮਿਥ ਹਸਪਤਾਲ ਵਿੱਚ ਹੋਇਆ ਸੀ। ਉਹ ਹੇਸਟਨ ਇਨਫੈਂਟਸ ਸਕੂਲ ਗਏ, ਜਿੱਥੇ ਉਨ੍ਹਾਂ ਦੀ ਮਾਂ ਨੇ ਵੀ ਪੜ੍ਹਾਇਆ। ਸਾਲ 2023 ਵਿੱਚ ਉਨ੍ਹਾਂ ਨੂੰ ਸਿੱਖਿਆ ਵਿਭਾਗ ਦੇ ਸ਼ੈਡੋ ਮੰਤਰੀ ਵਜੋਂ ਨਿਯੁਕਤ ਕੀਤਾ ਗਿਆ। ਹੁਣ 2024 ਦੀਆਂ ਆਮ ਚੋਣਾਂ ਵਿੱਚ ਸੀਮਾ ਮਲਹੋਤਰਾ ਨੇ ਫੇਲਥਾਮ ਅਤੇ ਹੇਸਟੋਨ ਹਲਕੇ ਤੋਂ ਸੰਸਦ ਮੈਂਬਰ ਵਜੋਂ ਚੋਣ ਜਿੱਤ ਲਈ ਹੈ।

**ਗਗਨ ਮੋਹਿੰਦਰਾ (ਕੰਜ਼ਰਵੇਟਿਵ ਪਾਰਟੀ)**

ਗਗਨ ਮੋਹਿੰਦਰਾ ਕੰਜ਼ਰਵੇਟਿਵ ਪਾਰਟੀ ਤੋਂ ਪੰਜਾਬੀ ਮੂਲ ਦੇ ਬ੍ਰਿਟਿਸ਼ ਸਿਆਸਤਦਾਨ ਹਨ। ਉਹ 2019 ਤੋਂ ਸਾਊਥ ਵੈਸਟ ਹਰਟਫੋਰਡਸ਼ਾਇਰ ਲਈ ਸੰਸਦ ਮੈਂਬਰ ਹਨ। ਇਸ ਦੇ ਨਾਲ ਹੀ ਉਹ ਸਤੰਬਰ 2023 ਤੋਂ ਸਹਾਇਕ ਸਰਕਾਰੀ ਵ੍ਹਿਪ ਵਜੋਂ ਸੇਵਾਵਾਂ ਨਿਭਾ ਰਹੇ ਹਨ।

ਸਾਲ 2017 ਵਿੱਚ ਉਹ ਏਸੇਕਸ ਕਾਊਂਟੀ ਕੌਂਸਲ ਵਿੱਚ ਚੁਣੇ ਗਏ ਸਨ। 2010 ਆਮ ਚੋਣਾਂ ਵਿੱਚ ਮੋਹਿੰਦਰਾ ਨੇ ਨੋਰਥ ਟਾਇਨਸਾਈਡ ਹਲਕੇ ਤੋਂ ਚੋਣ ਲੜੀ ਸੀ। ਫਿਰ 2019 ਦੀਆਂ ਆਮ ਚੋਣਾਂ ਵਿੱਚ ਉਹ ਸਾਊਥ ਵੈਸਟ ਹਰਟਫੋਰਡਸ਼ਾਇਰ ਤੋਂ ਸੰਸਦ ਮੈਂਬਰ ਚੁਣੇ ਗਏ।

ਸਾਲ 2019 ਵਿੱਚ ਭਾਰਤੀ ਮੂਲ ਦੇ ਕਈ ਉਮੀਦਵਾਰਾਂ ਨੇ ਚੋਣਾਂ ਲੜੀਆਂ ਸਨ ਅਤੇ ਗਗਨ ਮੋਹਿੰਦਰਾ ਵੀ ਉਨ੍ਹਾਂ ਵਿੱਚੋਂ ਇੱਕ ਸਨ। 2022 ਵਿੱਚ ਗਗਨ ਮੋਹਿੰਦਰਾ ਨੂੰ ਉਸ ਵੇਲੇ ਦੇ ਗ੍ਰਹਿ ਸਕੱਤਰ ਦੇ ਸੰਸਦੀ ਨਿੱਜੀ ਸਕੱਤਰ ਨਿਯੁਕਤ ਕੀਤਾ ਗਿਆ ਸੀ। ਹੁਣ 2024 ਦੀਆਂ ਆਮ ਚੋਣਾਂ ਵਿੱਚ ਉਹ ਮੁੜ ਸਾਊਥ ਵੈਸਟ ਹਰਟਫੋਰਡਸ਼ਾਇਰ ਹਲਕੇ ਤੋਂ ਐੱਮਪੀ ਦੀ ਚੋਣ ਜਿੱਤ ਗਏ ਹਨ।

# ਵੱਕਾਰ ਦਾ ਸਵਾਲ ਨਹੀਂ ਬਣਨੀ ਚਾਹੀਦੀ ਸੀ ਜ਼ਿਮਨੀ ਚੋਣ-ਪਰਗਟ ਸਿੰਘ

ਜਲੰਧਰ- ਜਲੰਧਰ ਪੱਛਮੀ ਵਿਧਾਨ ਸਭਾ ਹਲਕੇ ਦੀ ਭਲਕੇ ਹੋ ਰਹੀ ਜ਼ਿਮਨੀ ਚੋਣ ਨੂੰ ਸਿਆਸੀ ਪਾਰਟੀਆਂ ਨੇ ਜਿਹੋ ਜਿਹਾ ਵੱਕਾਰ ਦਾ ਸਵਾਲ ਬਣਾ ਲਿਆ, ਉਸ ਦੀ ਜ਼ਰੂਰਤ ਨਹੀਂ ਸੀ। ਖ਼ਾਸ ਕਰ ਕੇ ਸੱਤਾਧਾਰੀ ਪਾਰਟੀ 'ਚ ਜੇ 91 ਵਿਚੋਂ 90 ਐੱਮਐੱਲਏ ਰਹਿ ਗਏ ਤਾਂ ਸਰਕਾਰ ਦੀ ਕਾਰਗੁਜ਼ਾਰੀ 'ਤੇ ਕੋਈ ਬਹੁਤਾ ਫ਼ਰਕ ਨਹੀਂ ਪੈਣਾ। ਜਿਹੋ ਜਿਹਾ ਮਾਹੌਲ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਜਲੰਧਰ ਵਿਚ ਕੈਂਪ ਆਫਿਸ ਬਣਾ ਕੇ, ਚੋਣ ਜਿੱਤਣ ਲਈ ਸਾਰੇ ਹੀ ਮੰਤਰੀ ਤੇ ਸਾਰਾ ਪਰਿਵਾਰ ਝੋਕ ਕੇ ਸਿਰਜ ਦਿੱਤਾ, ਇਹ ਕੋਈ ਬਹੁਤੀ ਚੰਗੀ ਗੱਲ ਨਹੀਂ ਹੈ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਸਾਬਕਾ ਉਲੰਪੀਅਨ, ਸਾਬਕਾ ਮੰਤਰੀ ਤੇ ਜਲੰਧਰ ਕੈਂਟ ਤੋਂ ਕਾਂਗਰਸੀ ਵਿਧਾਇਕ ਪਰਗਟ ਸਿੰਘ ਨੇ ਸੋਮਵਾਰ ਨੂੰ ਇੱਥੇ ਕੀਤਾ। ਉਹ ਪੰਜਾਬੀ ਜਾਗਰਣ ਦੇ ਵਿਹੜੇ ਵਿਚ ਵਿਸ਼ੇਸ਼ ਰੂਪ 'ਚ ਪਧਾਰੇ ਸਨ। ਉਨ੍ਹਾਂ ਕਿਹਾ ਕਿ ਇਹ ਚੋਣ ਕੋਈ ਟਰੈਂਡ ਸੈਟਰ ਨਹੀਂ ਹੈ, ਅਜੇ ਚਾਰ ਸੀਟਾਂ ਲਈ ਜ਼ਿਮਨੀ ਚੋਣਾਂ ਹੋਣੀਆਂ ਬਾਕੀ ਹਨ। ਅਜੇ ਇਹ ਕੁਝ ਨਹੀਂ ਪਤਾ ਕਿ ਪੰਜਾਬ ਦੀ ਰਾਜਨੀਤੀ ਕਿੱਧਰ ਜਾਣੀ ਹੈ, ਦੇਸ਼ ਦੀ ਭਾਜਪਾ ਸਰਕਾਰ ਪੰਜਾਬੀਆਂ ਪ੍ਰਤੀ ਕਿਹੋ ਜਿਹਾ ਰਵੱਈਆ ਰੱਖਦੀ ਹੈ, ਪੰਜਾਬੀਆਂ ਤੇ ਸਿੱਖ ਰਾਜਨੀਤੀ ਨੂੰ ਕਿਸ ਨਜ਼ਰੀਏ ਨਾਲ ਪੇਸ਼ ਕਰਦੀ ਹੈ, ਇਹ ਪ੍ਰਭਾਵ ਆਉਣ ਵਾਲੇ ਸਮੇਂ 'ਚ ਦੇਖਣ ਨੂੰ ਮਿਲਣਗੇ। ਇਸ ਲਈ ਜਲੰਧਰ ਪੱਛਮੀ ਦੀ ਚੋਣ ਨੂੰ ਵੱਕਾਰ ਦਾ ਸਵਾਲ ਨਹੀਂ ਬਣਾਉਣਾ ਚਾਹੀਦਾ ਸੀ।



ਜਲੰਧਰ ਪੱਛਮੀ ਹਲਕੇ ਵਿਚ ਮੁਕਾਬਲਾ ਦੋ-ਕੋਣੀ ਜਾਂ ਤਿਨ-ਕੋਣੀ ਹੋਣ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਵੈਸੇ ਬੀਐੱਸਪੀ ਤੇ ਅਕਾਲੀ ਦਲ ਦਾ ਵੀ ਕਿਤੇ ਨਾ ਕਿਤੇ ਆਧਾਰ ਹੈ ਪਰ ਮੁੱਖ ਮੁਕਾਬਲਾ ਕਾਂਗਰਸ ਤੇ ਆਮ ਆਦਮੀ ਪਾਰਟੀ ਵਿਚਾਲੇ ਹੀ ਹੈ। ਭਾਜਪਾ ਨੇ ਜਿਸ ਤਰ੍ਹਾਂ ਸ਼ੁਰੂਆਤ ਕੀਤੀ ਸੀ, ਪ੍ਰਚਾਰ ਲਈ ਸਟਾਰ ਕੰਪੇਨਰ ਦੀ ਲਿਸਟ ਆਈ ਸੀ, ਉਸ 'ਚੋਂ ਕੁਝ ਵੀ ਦਿਸਿਆ ਨਹੀਂ। ਸ਼ਾਇਦ ਇਹ ਸਭ ਭਾਜਪਾ ਉਮੀਦਵਾਰ ਦੇ ਕਿਰਦਾਰ ਕਰ ਕੇ ਹੀ ਹੈ ਜਾਂ ਫਿਰ ਉਸ ਨੇ ਪਿਛਲੇ ਸਮੇਂ 'ਚ ਜੋ ਕੁਝ ਕੀਤਾ ਉਸ ਨੂੰ ਦੇਖਦਿਆਂ ਸਟਾਰ ਪ੍ਰਚਾਰਕਾਂ ਨੇ ਵੀ ਹੱਥ ਪਿਛਾਂਹ ਖਿੱਚ ਲਏ ਹਨ। ਇਸ ਲਈ ਲੱਗਦਾ ਨਹੀਂ ਕਿ ਉਹ ਇਸ ਚੋਣ ਮੁਕਾਬਲੇ ਵਿਚ ਹਨ। ਜਲੰਧਰ ਦੇ ਸਾਰੇ ਵਿਧਾਨ ਸਭਾ ਹਲਕਿਆਂ 'ਚੋਂ ਪੱਛਮੀ ਹਲਕੇ ਵਿਚ ਹੀ ਜਾਤ-ਪਾਤ ਦੀ ਸਿਆਸਤ ਜ਼ਿਆਦਾ ਹੈ ਜਾਂ ਬਾਕੀਆਂ 'ਚ ਵੀ ਹੈ, ਦੇ ਉੱਤਰ ਵਿਚ ਉਨ੍ਹਾਂ ਕਿਹਾ ਕਿ ਬਹੁਤੇ ਲੀਡਰ ਹੀ ਇਹ ਗੱਲ ਕਹਿ ਰਹੇ ਹਨ ਪਰ ਉਥੋਂ ਦੇ ਲੋਕਾਂ ਦੀ ਮਾਨਸਿਕਤਾ ਜੋ ਆਮ ਪੰਜਾਬੀ ਸੋਚਦਾ, ਉਨ੍ਹਾਂ ਵਰਗੀ ਹੀ ਹੈ। ਇਹ ਠੀਕ ਹੈ ਕਿ ਬਹੁਤੇ ਲੀਡਰ ਬਰਾਦਰੀਵਾਦ ਨੂੰ ਉਭਾਰ ਰਹੇ ਹਨ ਪਰ ਪੱਛਮੀ ਹਲਕੇ ਦੇ ਲੋਕਾਂ ਵਿਚ ਇਸ ਤਰ੍ਹਾਂ ਦੀ ਕੋਈ ਗੱਲ ਦੇਖਣ ਨੂੰ ਨਹੀਂ ਮਿਲੀ। ਬਾਕੀ ਇਹ ਤਾਂ 13 ਤਰੀਕ ਨੂੰ ਆਉਣ ਵਾਲੇ ਨਤੀਜੇ ਹੀ ਦੱਸਣਗੇ।

ਉਨ੍ਹਾਂ ਕਿਹਾ ਕਿ ਇਸ ਚੋਣ 'ਚ ਕੋਈ ਵੀ ਮੁੱਦਾ ਨਹੀਂ, ਇਹ ਸਿਰਫ਼ ਕਿਰਦਾਰਕੁਸ਼ੀ ਹੀ ਹੈ। ਇਸ ਹਲਕੇ 'ਚ ਡਰੱਗ, ਦੜਾ-ਸੱਟਾ, ਜੂਆ, ਗ਼ੈਰ-ਕਾਨੂੰਨੀ ਸ਼ਰਾਬ ਦੀ ਵਿਕਰੀ, ਅਪਰਾਧ ਜ਼ਿਆਦਾ ਹੈ ਕਿਉਂਕਿ ਜਿਸ ਤਰ੍ਹਾਂ ਦਾ ਮਾਹੌਲ ਪਿਛਲੇ ਸਮੇਂ ਵਿਚ ਸਿਆਸੀ ਲੀਡਰਸ਼ਿਪ ਨੇ ਬਣਾ ਕੇ ਰੱਖਿਆ ਹੈ, ਉਹ ਪੰਜਾਬ, ਜਲੰਧਰ ਜਾਂ ਉਸ ਹਲਕੇ ਲਈ ਕੋਈ ਵਧੀਆ ਸੁਨੇਹਾ ਨਹੀਂ ਹੈ।

# ਕੀਅਰ ਸਟਾਰਮਰ ਦੇ ਆਉਣ ਦਾ ਭਾਰਤ ਉੱਤੇ ਕੀ ਅਸਰ ਪਵੇਗਾ

ਖੇਡ ਦੀ ਭਾਸ਼ਾ ਵਿੱਚ ਕਹੀਏ ਤਾਂ ਜੇ ਕੋਈ ਟੀਮ ਪਹਿਲਾਂ ਹੀ ਹਾਰ ਮੰਨ ਲੈਂਦੀ ਹੈ ਤਾਂ ਇਸ ਦੇ ਹਮਾਇਤੀਆਂ ਦਾ ਹੌਂਸਲਾ ਪੂਰੀ ਤਰ੍ਹਾਂ ਟੁੱਟ ਜਾਂਦਾ ਹੈ। ਚਾਰ ਜੁਲਾਈ ਨੂੰ ਹੋਈਆਂ ਆਮ ਚੋਣਾਂ ਵਿੱਚ ਜ਼ਬਰਦਸਤ ਹਾਰ ਦਾ ਮੂੰਹ ਦੇਖਣ ਵਾਲੀ ਬ੍ਰਿਟੇਨ ਦੀ ਕੰਜ਼ਰਵੇਟਿਵ ਪਾਰਟੀ ਦੇ ਕਰੋੜਾਂ ਹਮਾਇਤੀਆਂ ਦੇ ਉੱਪਰ ਇਹ ਗੱਲ ਪੂਰੀ ਤਰ੍ਹਾਂ ਢੁਕਦੀ ਹੈ। ਮਤਦਾਨ ਦੀ ਤਰੀਕ ਆਉਣ ਤੋਂ ਕਾਫੀ ਪਹਿਲਾਂ ਹੀ ਕੰਜ਼ਰਵੇਟਿਵ ਪਾਰਟੀ ਦੇ ਵੱਡੇ-ਵੱਡੇ ਆਗੂਆਂ ਨੇ ਜਿੱਤ ਦੀ ਉਮੀਦ ਦਾ ਪੱਲਾ ਛੱਡ ਦਿੱਤਾ ਸੀ। ਉਹ ਵੋਟਰਾਂ ਨੂੰ ਇਹੀ ਅਪੀਲ ਕਰ ਰਹੇ ਸਨ ਕਿ ਭਾਰੀ ਬਹੁਮਤ ਨਾਲ ਲੇਬਰ ਪਾਰਟੀ ਨੂੰ ਸਤਾ ਨਾ ਦੇਣ ਕੰਜ਼ਰਵੇਟਿਵ ਪਾਰਟੀ ਦੇ ਇਨ੍ਹਾਂ ਆਗੂਆਂ ਦਾ ਕਹਿਣਾ ਸੀ ਕਿ ਜੇ ਉਨ੍ਹਾਂ ਨੂੰ ਲੋੜੀਂਦੀਆਂ ਸੀਟਾਂ ਮਿਲਦੀਆਂ ਹਨ ਤਾਂ ਉਹ ਇੱਕ ਅਸਰਦਾਰ ਵਿਰੋਧੀ ਧਿਰ ਦੀ ਭੂਮਿਕਾ ਨਿਭਾਉਣੀ ਚਾਹੁਣਗੇ।

**ਕੰਜ਼ਰਵੇਟਿਵ ਪਾਰਟੀ ਦੀ ਹਾਰ ਦੇ ਕੀ ਕਾਰਨ ਰਹੇ?**

ਸਭ ਤੋਂ ਵੱਡਾ ਸਵਾਲ ਤਾਂ ਇਹੀ ਹੈ ਕਿ ਕੰਜ਼ਰਵੇਟਿਵ ਪਾਰਟੀ ਨੂੰ ਪਿਛਲੇ ਦਹਾਕਿਆਂ ਦੀ ਸਭ ਤੋਂ ਸ਼ਰਮਨਾਕ ਹਾਰ ਦਾ ਸਾਹਮਣਾ ਕਿਉਂ ਕਰਨਾ ਪਿਆ? ਜਾਣਕਾਰ ਇਸਦੇ ਪਿੱਛੇ ਕਈ ਕਾਰਨ ਦੱਸਦੇ ਹਨ। ਮਿਡਿਲ-ਸੈਕਸ ਯੂਨੀਵਰਸਿਟੀ ਵਿੱਚ ਦੱਖਣ ਏਸ਼ੀਆਈ ਮਾਮਲਿਆਂ ਦੇ ਜਾਣਕਾਰ ਡਾਕਟਰ ਨੀਲਮ ਰੈਨਾ ਮੁਤਾਬਕ, "ਕੰਜ਼ਰਵੇਟਿਵ ਪਾਰਟੀ ਦੀ ਇੰਨੀ ਵੱਡੀ ਹਾਰ ਦੇ ਪਿੱਛੇ ਇੱਕ ਤੋਂ ਬਾਅਦ ਇੱਕ ਸਕੈਂਡਲ ਰਹੇ ਹਨ। ਜਿਨ੍ਹਾਂ ਕਾਰਨ ਲੋਕਤੰਤਰ ਨੂੰ ਠੇਸ ਪਹੁੰਚੀ। ਇਸ ਕਾਰਨ ਸਿਆਸਤ ਉੱਤੇ ਸਾਡੇ ਭਰੋਸੇ ਨੂੰ ਠੇਸ ਪਹੁੰਚੀ।" ਲੰਡਨ ਸਥਿਤ ਥਿੰਕ ਟੈਂਕ ਚੈਟਮ ਹਾਊਸ ਵਿਖੇ ਏਸ਼ੀਆ ਪੈਸੀਫਿਕ ਪ੍ਰੋਗਰਾਮ ਵਿੱਚ ਦੱਖਣ ਏਸ਼ੀਆਈ ਮਾਮਲਿਆਂ ਦੇ ਰਿਸਰਚ ਫੈਲੋ ਡਾ। ਸ਼ਿਤਿਜ ਬਾਜਪਾਈ ਦਾ ਮੰਨਣਾ ਹੈ ਕਿ ਟੋਰੀ ਜਾਂ ਕੰਜ਼ਰਵੇਟਿਵ ਪਾਰਟੀ ਦੀ ਸ਼ਰਮਨਾਕ ਚੋਣ ਹਾਰ ਦਾ ਇਕ ਵੱਡਾ ਕਾਰਨ ਇਹ ਸੀ ਕਿ ਉਹ ਪਾਰਟੀ ਨੂੰ ਚਲਾ ਰਹੇ ਸਨ। ਪਿਛਲੇ 14 ਸਾਲਾਂ ਤੋਂ ਸਰਕਾਰ ਅਤੇ ਜਨਤਾ ਉਨ੍ਹਾਂ ਤੋਂ ਬੋਰ ਹੋ ਚੁੱਕੀ ਸੀ। ਉਹ ਕਹਿੰਦਾ ਹੈ, "ਇਸ ਹਾਰ ਦਾ ਕਾਰਨ ਇੱਕ ਤੋਂ ਬਾਅਦ ਇੱਕ ਗਲਤੀਆਂ ਅਤੇ ਘੁਟਾਲੇ ਸਨ।" ਇਨ੍ਹਾਂ ਵਿਚੋਂ ਬਹੁਤੇ ਘੁਟਾਲੇ ਪਿਛਲੇ ਕੁਝ ਦਿਨਾਂ ਦੌਰਾਨ ਹੀ ਸਾਹਮਣੇ ਆਏ ਹਨ।

**ਬਦਇੰਤਜ਼ਾਮੀ ਦੇ ਮਾਮਲੇ**

ਕੰਜ਼ਰਵੇਟਿਵ ਪਾਰਟੀ ਦੀ ਸਰਕਾਰ ਉੱਤੇ ਕੋਵਿਡ-19 ਮਹਾਮਾਰੀ ਨਾਲ ਨਜਿੱਠਣ ਦੇ ਤਰੀਕੇ ਬਾਰੇ ਵੀ ਸਵਾਲ ਉਠਾਏ ਸਨ। ਤਤਕਾਲੀ ਪ੍ਰਧਾਨ ਮੰਤਰੀ ਬੋਰਿਸ ਜੌਹਨਸਨ ਅਤੇ ਉਨ੍ਹਾਂ ਦੀ ਸਰਕਾਰ ਦੇ ਮੰਤਰੀਆਂ ਨੇ ਤਾਲਾਬੰਦੀ ਨਿਯਮਾਂ ਦੀ ਉਲੰਘਣਾ ਕੀਤੀ ਸੀ। ਵਿਵਾਦ ਵਧਦੇ ਹੀ ਬੋਰਿਸ ਜੌਹਨਸਨ ਦੀ ਥਾਂ ਲਿਜ਼ ਟਰਸ ਨੂੰ ਪ੍ਰਧਾਨ ਮੰਤਰੀ ਬਣਾਇਆ ਗਿਆ। ਲੇਕਿਨ, ਉਨ੍ਹਾਂ ਦੀਆਂ ਆਰਥਿਕ ਨੀਤੀਆਂ ਇੰਨੀਆਂ ਮਾੜੀਆਂ ਸਨ ਕਿ ਲਿਜ਼ ਟਰਸ ਸਿਰਫ 40 ਦਿਨ ਪ੍ਰਧਾਨ ਮੰਤਰੀ ਰਹਿ ਸਕੇ। ਇਸ ਤੋਂ ਬਾਅਦ ਭਾਰਤੀ ਮੂਲ ਦੇ ਪਹਿਲੇ ਬ੍ਰਿਟਿਸ਼ ਪ੍ਰਧਾਨ ਮੰਤਰੀ ਰਿਸ਼ੀ ਸੁਨਕ ਨੇ ਸੱਤਾ ਸੰਭਾਲੀ। ਸੁਨਕ ਦੀ ਸਰਕਾਰ ਆਰਥਿਕ ਤੰਗੀ, ਮਹਿੰਗਾਈ ਅਤੇ ਬੇਰੁਜ਼ਗਾਰੀ ਵਰਗੀਆਂ ਚੁਣੌਤੀਆਂ ਨਾਲ ਜੂਝਦੀ ਰਹੀ। ਹਾਲ ਹੀ ਵਿੱਚ ਇੱਕ ਸੱਟੇਬਾਜ਼ੀ ਦਾ ਘੁਟਾਲਾ ਵੀ ਸਾਹਮਣੇ ਆਇਆ ਸੀ, ਜਿਸ 'ਚ ਰਿਸ਼ੀ ਸੁਨਕ ਦੇ ਕਰੀਬੀ ਲੋਕ ਅਤੇ ਉਨ੍ਹਾਂ ਦੀ ਸਰਕਾਰ ਦੇ ਮੈਂਬਰ ਵੀ ਸ਼ਾਮਲ ਸਨ।

ਡਾ: ਨੀਲਮ ਰੈਨਾ ਦਾ ਕਹਿਣਾ ਹੈ ਕਿ ਬੋਰਿਸ ਜੌਹਨਸਨ ਦੇ ਉਲਟ ਲਿਜ਼ ਟਰਸ ਅਤੇ ਰਿਸ਼ੀ ਸੁਨਕ ਦੋਵਾਂ ਨੂੰ ਪਾਰਟੀ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਚੁਣਿਆ ਸੀ। ਵਰਿੰਦਰ ਸ਼ਰਮਾ ਕਈ ਸਾਲਾਂ ਤੋਂ ਸਾਊਥਾਲ ਤੋਂ ਲੇਬਰ ਪਾਰਟੀ ਦੇ ਸੰਸਦ ਮੈਂਬਰ ਰਹੇ ਹਨ। ਹਾਲਾਂਕਿ ਇਸ ਵਾਰ ਉਨ੍ਹਾਂ ਨੇ ਚੋਣ ਨਹੀਂ ਲੜੀ। ਵਰਿੰਦਰ ਸ਼ਰਮਾ ਕਹਿੰਦੇ ਹਨ, "ਮੈਂ ਇੱਕ ਨੌਜਵਾਨ ਨੇਤਾ ਲਈ ਆਪਣੀ ਸੀਟ ਛੱਡਣਾ ਚਾਹੁੰਦਾ ਸੀ।" ਵਰਿੰਦਰ ਸ਼ਰਮਾ ਦੀ ਕੰਜ਼ਰਵੇਟਿਵ ਪਾਰਟੀ ਦੇ ਕਈ ਨੇਤਾਵਾਂ ਨਾਲ ਚੰਗੀ ਦੋਸਤੀ ਹੈ। ਸੰਭਵ ਹੈ ਕਿ ਇਸ ਚੋਣ ਦੇ ਨਤੀਜਿਆਂ ਬਾਰੇ ਸ਼ਰਮਾ ਦਾ ਮੁਲਾਂਕਣ ਪੂਰੀ ਤਰ੍ਹਾਂ ਨਿਰਪੱਖ ਨਾ ਹੋਵੇ। ਲੇਕਿਨ, ਉਨ੍ਹਾਂ ਦਾ ਮੰਨਣਾ ਹੈ ਕਿ ਟੋਰੀ ਪਾਰਟੀ ਦੇ ਅੰਦਰੂਨੀ ਕਲੇਸ਼ ਅਤੇ ਲੀਡਰਸ਼ਿਪ ਵਿੱਚ ਵਾਰ-ਵਾਰ ਤਬਦੀਲੀਆਂ ਕਾਰਨ ਇਸ ਦੀ ਹਾਲਤ ਇਹ ਬਣੀ ਹੈ। ਸ਼ਰਮਾ ਕਹਿੰਦੇ ਹਨ, "ਜੇ ਤੁਸੀਂ ਵਾਰ-ਵਾਰ ਜਰਨੈਲ ਹੀ ਬਦਲਦੇ ਰਹੋਗੇ, ਤਾਂ ਤੁਸੀਂ ਜੰਗ ਕਿਵੇਂ ਜਿੱਤੋਗੇ? ਪਿਛਲੇ ਕੁਝ ਸਾਲਾਂ ਵਿੱਚ ਹੀ ਚਾਰ ਪ੍ਰਧਾਨ ਮੰਤਰੀਆਂ ਨੇ ਕੁਰਸੀ ਸੰਭਾਲੀ ਹੈ। ਪਾਰਟੀ ਅੰਦਰ ਕੋਈ ਏਕਤਾ ਨਹੀਂ ਸੀ ਅਤੇ ਆਪਣੇ 14 ਸਾਲਾਂ ਦੇ ਸ਼ਾਸਨ ਦੌਰਾਨ ਟੋਰੀਜ਼ ਨੇ ਆਰਥਿਕਤਾ ਨੂੰ ਵਿਗੜਨ ਦਿੱਤਾ।" ਕੰਜ਼ਰਵੇਟਿਵ ਪਾਰਟੀ ਦੇ ਸਾਰੇ ਨੇਤਾ ਖੁੱਲ੍ਹੇਆਮ ਕੀਅਰ ਸਟਾਰਮਰ ਦੀ ਇਸ ਗੱਲ ਲਈ ਤਾਰੀਫ ਕਰ ਰਹੇ ਹਨ ਕਿ ਉਸ ਨੇ ਲੇਬਰ ਪਾਰਟੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਇੱਕ ਸੀਨੀਅਰ ਟੋਰੀ ਐਮਪੀ ਨੇ ਬੀਬੀਸੀ ਦੇ ਇੱਕ ਪ੍ਰੋਗਰਾਮ ਵਿੱਚ ਮੰਨਿਆ ਕਿ ਜੇਕਰ ਲੇਬਰ ਪਾਰਟੀ ਦੀ ਅਗਵਾਈ ਅਜੇ ਵੀ ਜੇਰੇਮੀ ਕੋਰਬੀਨ ਦੇ ਹੱਥ ਵਿੱਚ ਹੁੰਦੀ ਤਾਂ ਇਹ ਚੋਣ ਹਾਰ ਜਾਣੀ ਸੀ। ਹਾਲਾਂਕਿ, ਉਨ੍ਹਾਂ ਕਿਹਾ ਕਿ ਸਟਾਰਮਰ ਨੇ ਲੇਬਰ ਪਾਰਟੀ ਨੂੰ ਪੂਰੀ ਤਰ੍ਹਾਂ ਬਦਲ ਦਿੱਤਾ ਹੈ। ਟੋਰੀ ਪਾਰਟੀ ਦੇ ਸੰਸਦ ਮੈਂਬਰ ਨੂੰ ਇਹ ਕਹਿੰਦਿਆਂ ਸੁਣਿਆ ਗਿਆ ਕਿ '2019 ਵਿੱਚ ਕਿਸ ਨੇ ਕਲਪਨਾ ਕੀਤੀ ਹੋਵੇਗੀ ਕਿ ਲੇਬਰ ਪਾਰਟੀ ਅਗਲੀਆਂ ਚੋਣਾਂ ਭਾਰੀ ਬਹੁਮਤ ਨਾਲ ਜਿੱਤੇਗੀ।'



**ਭਾਰਤ ਨਾਲ ਸਬੰਧ ਸੁਧਾਰਨਾ ਸਟਾਰਮਰ ਲਈ ਚੁਣੌਤੀ**

ਜਦੋਂ ਜੇਰੇਮੀ ਕੋਰਬੀਨ ਲੇਬਰ ਪਾਰਟੀ ਦੇ ਨੇਤਾ ਸਨ ਤਾਂ ਭਾਰਤ ਉਨ੍ਹਾਂ ਤੋਂ ਬਹੁਤ ਨਾਖੁਸ਼ ਸੀ। ਜੇਰੇਮੀ ਕੋਰਬੀਨ ਦੀ ਅਗਵਾਈ ਹੇਠ ਲੇਬਰ ਪਾਰਟੀ ਨੇ 2019 ਵਿੱਚ ਆਪਣੀ ਸਾਲਾਨਾ ਮੀਟਿੰਗ ਵਿੱਚ ਇੱਕ ਮਤਾ ਪਾਸ ਕੀਤਾ। ਇਸ ਮਤੇ ਵਿੱਚ ਐਲਾਨ ਕੀਤਾ ਗਿਆ ਸੀ ਕਿ ਕਸ਼ਮੀਰ ਵਿੱਚ ਮਨੁੱਖੀ ਸੰਕਟ ਪੈਦਾ ਹੋ ਗਿਆ ਹੈ। ਮਤੇ ਵਿੱਚ ਇਸ ਗੱਲ ਉੱਤੇ ਵੀ ਜ਼ੋਰ ਦਿੱਤਾ ਗਿਆ ਕਿ ਕਸ਼ਮੀਰ ਨੂੰ ਸਵੈ-ਨਿਰਣੇ ਦਾ ਅਧਿਕਾਰ ਦਿੱਤਾ ਜਾਵੇ। ਭਾਰਤ ਨੇ ਇਸ ਮਤੇ ਦਾ ਵਿਰੋਧ ਕੀਤਾ ਸੀ। ਉਦੋਂ ਲੇਬਰ ਪਾਰਟੀ ਦੇ ਨੇਤਾ ਕੀਅਰ ਸਟਾਰਮਰ ਨੇ ਸਪੱਸ਼ਟ ਕੀਤਾ ਸੀ ਕਿ ਕਸ਼ਮੀਰ ਭਾਰਤ ਅਤੇ ਪਾਕਿਸਤਾਨ ਦਾ ਆਪਸੀ ਮੁੱਦਾ ਹੈ। ਹਾਲਾਂਕਿ, ਉਦੋਂ ਤੱਕ ਚੀਜ਼ਾਂ ਵਿਗੜ ਚੁੱਕੀਆਂ ਸਨ। ਕੀਅਰ ਸਟਾਰਮਰ ਨੇ ਵਾਅਦਾ ਕੀਤਾ ਹੈ ਕਿ ਉਹ ਭਾਰਤ ਨਾਲ ਸਬੰਧ ਸੁਧਾਰਨਗੇ। ਲੇਬਰ ਪਾਰਟੀ ਦੇ ਸਾਬਕਾ ਸੰਸਦ ਮੈਂਬਰ ਵਰਿੰਦਰ ਸ਼ਰਮਾ ਦਾ ਮੰਨਣਾ ਹੈ ਕਿ, "ਸਟਾਰਮਰ ਦੇ ਸ਼ਾਸਨ ਵਿੱਚ ਭਾਰਤ-ਯੂਕੇ ਸਬੰਧ ਵਧਣ-ਫੁੱਲਣਗੇ।"

ਪਿਛਲੀ ਸੰਸਦ ਵਿੱਚ ਲੇਬਰ ਪਾਰਟੀ ਦੇ ਛੇ ਸੰਸਦ ਮੈਂਬਰ ਭਾਰਤੀ ਮੂਲ ਦੇ ਸਨ। ਇਸ ਵਾਰ ਇਹ ਗਿਣਤੀ ਵਧੀ ਹੈ। ਸਟਾਰਮਰ ਇੱਕ ਸੰਤੁਲਿਤ ਅਤੇ ਵਿਹਾਰਕ ਨੇਤਾ ਹਨ। ਉਹ ਇਹ ਯਕੀਨੀ ਬਣਾਉਣਗੇ ਕਿ ਦੋਵਾਂ ਦੇਸਾਂ ਦੇ ਸਬੰਧਾਂ ਵਿੱਚ ਸੁਧਾਰ ਹੋਵੇ। ਪਰ ਚੇਟਮ ਹਾਊਸ ਦੇ ਸ਼ਿਤਿਜ ਵਾਜਪਾਈ ਸਾਵਧਾਨ ਕਰਦੇ ਹਨ ਕਿ ਭਾਰਤ-ਯੂਕੇ ਸਬੰਧਾਂ ਲਈ ਅੱਗੇ ਦਾ ਸਫ਼ਰ ਧਿਲਕਣ ਵਾਲਾ ਹੋ ਸਕਦਾ ਹੈ। ਵਾਜਪਾਈ ਕਹਿੰਦੇ ਹਨ, "ਅਜਿਹੇ ਕਈ ਮੁੱਦੇ ਅਜੇ ਦਬੇ ਹੋਏ ਹਨ, ਜੋ ਲੇਬਰ ਪਾਰਟੀ ਦੀ ਸਰਕਾਰ ਵੇਲੇ ਬ੍ਰਿਟੇਨ ਅਤੇ ਭਾਰਤ ਦੇ ਰਿਸ਼ਤਿਆਂ 'ਚ ਕੁੜੱਤਣ ਦਾ ਕਾਰਨ ਬਣ ਸਕਦੇ ਹਨ। ਇਸ ਵਿੱਚ ਲੇਬਰ ਪਾਰਟੀ ਦਾ ਮੁੱਲਾਂ-ਆਧਾਰਿਤ ਵਿਦੇਸ਼ ਨੀਤੀ ਉੱਤੇ ਚੱਲਣ ਦਾ ਝੁਕਾਅ ਵੀ ਸ਼ਾਮਲ ਹੈ।"

**ਸਟਾਰਮਰ ਦੀ ਦੁਚਿੱਤੀ**

ਸ਼ਿਤਿਜ ਵਾਜਪਾਈ ਮੁਤਾਬਕ "ਅਜਿਹੀ ਨੀਤੀ ਵਿੱਚ ਮਨੁੱਖੀ ਹੱਕਾਂ ਵਰਗੇ ਮੁੱਦਿਆਂ 'ਤੇ ਬਹੁਤ ਜ਼ੋਰ ਦਿੱਤਾ ਜਾਂਦਾ ਹੈ; ਇਸ ਤੋਂ ਇਲਾਵਾ, ਉਨ੍ਹਾਂ ਨੇ ਵੋਟਰਾਂ ਦੇ ਕਈ ਵਰਗਾਂ ਨੂੰ ਖੁਸ਼ ਕਰਨਾ ਹੁੰਦਾ ਹੈ - ਬ੍ਰਿਟੇਨ ਵਿੱਚ ਭਾਰਤੀ ਮੂਲ ਦੇ ਲਗਭਗ 15 ਲੱਖ ਲੋਕ ਰਹਿੰਦੇ ਹਨ। ਇਸ ਦੇ ਨਾਲ ਹੀ ਪਾਕਿਸਤਾਨੀ ਮੂਲ ਦੇ ਕਰੀਬ 12 ਲੱਖ ਲੋਕ ਵੀ ਉਥੇ ਰਹਿੰਦੇ ਹਨ। ਉਹ ਅੱਗੇ ਕਹਿੰਦੇ ਹਨ, "ਇਸ ਤੋਂ ਇਲਾਵਾ ਬ੍ਰਿਟੇਨ ਵਿੱਚ ਵੀ ਅਜਿਹੀਆਂ ਜਥੇਬੰਦੀਆਂ ਸਰਗਰਮ ਹਨ, ਜੋ ਭਾਰਤ ਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੰਦੀਆਂ ਹਨ। ਇਨ੍ਹਾਂ ਗੱਲਾਂ ਤੋਂ ਇਲਾਵਾ ਦੁਨੀਆਂ ਵਿੱਚ ਵਿਆਪਕ ਸਿਆਸੀ ਅਤੇ ਭੂ-ਸਿਆਸੀ ਤਬਦੀਲੀਆਂ ਦਾ ਵੀ ਭਾਰਤ ਅਤੇ ਬ੍ਰਿਟੇਨਆ ਦੇ ਸਬੰਧਾਂ ਉੱਤੇ ਮਾੜਾ ਅਸਰ ਪੈ ਸਕਦਾ ਹੈ। ਡਾ. ਸ਼ਿਤਿਜ ਵਾਜਪਾਈ ਦਾ ਮੰਨਣਾ ਹੈ ਕਿ ਕੀਅਰ ਸਟਾਰਮਰ ਸਰਕਾਰ ਦੇ ਅਧੀਨ, ਇਹ ਉਮੀਦ ਕੀਤੀ ਜਾ ਸਕਦੀ ਹੈ ਕਿ "ਭਾਰਤ ਅਤੇ ਬ੍ਰਿਟੇਨ ਦੇ ਸਬੰਧਾਂ ਵਿੱਚ ਉੱਚ ਪੱਧਰੀ ਨਿਰ-ਤਰਤਾ ਦੇਖਣ ਨੂੰ ਮਿਲੇਗੀ।" ਕੀਅਰ ਸਟਾਰਮਰ ਦੀ ਅਗਵਾਈ ਵਿੱਚ ਲੇਬਰ ਪਾਰਟੀ ਨੇ ਭਾਰਤ ਨਾਲ ਆਪਣੇ ਸਬੰਧਾਂ ਨੂੰ ਮੁੜ ਸਥਾਪਿਤ ਕਰਨ ਲਈ ਬਹੁਤ ਉਪਰਾਲੇ ਕੀਤੇ ਹਨ। ਜਦੋਂ ਜੇਰੇਮੀ ਕੋਰਬੀਨ ਲੇਬਰ ਪਾਰਟੀ ਦੇ ਨੇਤਾ ਸਨ ਤਾਂ ਭਾਰਤ ਨਾਲ ਉਨ੍ਹਾਂ ਦੇ ਸਬੰਧ ਵਿਗੜ ਗਏ ਸਨ। ਸਟਾਰਮਰ ਅਤੇ ਉਨ੍ਹਾਂ ਦੀ ਪਾਰਟੀ ਦੇ ਕਈ ਨੇਤਾਵਾਂ ਨੇ ਅਜਿਹੇ ਬਿਆਨ ਦਿੱਤੇ ਹਨ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਭਾਰਤ ਨਾਲ ਸਬੰਧ ਸੁਧਾਰਨਾ ਚਾਹੁੰਦੇ ਹਨ।

**ਮੁਕਤ ਵਪਾਰ ਸਮਝੌਤਾ- ਕੀ ਤੈਅ ਸਮਾਂ ਸੀਮਾ ਨਹੀਂ**

ਜੇਕਰ ਲੇਬਰ ਪਾਰਟੀ ਦੀ ਸਰਕਾਰ ਭਾਰਤ ਨਾਲ ਸਬੰਧ ਸੁਧਾਰਨ ਨੂੰ ਆਪਣੇ ਏਜੰਡੇ ਦਾ ਹਿੱਸਾ ਬਣਾਉਂਦੀ ਹੈ ਤਾਂ ਕੀਅਰ ਸਟਾਰਮਰ ਲਈ ਭਾਰਤ ਨਾਲ ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਕਰਨਾ ਸਭ ਤੋਂ ਵੱਡੀ ਤਰਜੀਹ ਹੋਵੇਗੀ। ਡਾ। ਸ਼ਿਤਿਜ ਵਾਜਪਾਈ ਦਾ ਕਹਿਣਾ ਹੈ, "ਲੇਬਰ ਪਾਰਟੀ ਦੇ ਨੇਤਾ ਡੇਵਿਡ ਲੈਮੀ ਨੇ ਸੰਕੇਤ ਦਿੱਤਾ ਹੈ ਕਿ ਉਹ ਮੁਕਤ ਵਪਾਰ ਸਮਝੌਤੇ ਨੂੰ ਜਲਦੀ ਤੋਂ ਜਲਦੀ ਪੂਰਾ ਕਰਨਾ ਚਾਹੁੰਦੇ ਹਨ ਅਤੇ ਇਸਦੇ ਲਈ ਉਹ ਜੁਲਾਈ ਦੇ ਅੰਤ ਤੋਂ ਪਹਿਲਾਂ ਭਾਰਤ ਦਾ ਦੌਰਾ ਕਰਨਗੇ। ਰਿਪੋਰਟਾਂ ਮੁਤਾਬਕ ਦੋਵਾਂ ਦੇਸਾਂ ਦਰਮਿਆਨ 26 ਤੋਂ ਜ਼ਿਆਦਾ ਨੁਕਤਿਆਂ ਉੱਤੇ ਸਹਿਮਤੀ ਬਣ ਚੁੱਕੀ ਹੈ।" ਜਦੋਂ ਬ੍ਰਿਟੇਨ ਯੂਰਪੀਅਨ ਯੂਨੀਅਨ (ਬ੍ਰੈਗਜ਼ਿਟ) ਤੋਂ ਵੱਖ ਹੋਇਆ ਸੀ, ਤਾਂ ਇਹ ਦਾਅਵਾ ਕੀਤਾ ਗਿਆ ਸੀ ਕਿ ਪ੍ਰਵਾਸੀਆਂ ਦੀ ਗਿਣਤੀ ਵਿੱਚ ਕਾਫ਼ੀ ਕਮੀ ਆਵੇਗੀ। ਲੇਕਿਨ, ਅਜਿਹਾ ਹੋਇਆ ਨਹੀਂ ਅਤੇ ਅੱਜ ਬ੍ਰਿਟੇਨ ਵਿੱਚ ਪ੍ਰਵਾਸੀਆਂ ਦੀ ਆਬਾਦੀ ਸਭ ਤੋਂ ਵੱਧ ਹੋ ਗਈ ਹੈ।

ਭਾਰਤ ਨਾਲ ਮੁਕਤ ਵਪਾਰ ਸਮਝੌਤੇ 'ਤੇ ਦਸਤਖਤ ਕਰਨ ਦੇ ਰਾਹ ਵਿਚ ਇਕ ਵੱਡੀ ਰੁਕਾਵਟ ਬਰਤਾਨੀਆ ਵਿਚ ਆ ਕੇ ਵਸਣ ਵਾਲੇ ਭਾਰਤੀ ਕਾਮਿਆਂ ਨੂੰ ਵਰਕ ਪਰਮਿਟ ਦਾ ਮੁੱਦਾ ਹੈ। ਲੇਬਰ ਪਾਰਟੀ ਦਾ ਦੱਸਿਆ ਉਦੇਸ਼ ਕਾਨੂੰਨੀ ਪ੍ਰਵਾਸੀਆਂ ਦੀ ਗਿਣਤੀ ਨੂੰ ਘਟਾਉਣਾ ਅਤੇ ਗੈਰ-ਕਾਨੂੰਨੀ ਪਰਵਾਸੀਆਂ ਨੂੰ ਬਰਤਾਨੀਆ ਵਿੱਚ ਦਾਖਲ ਹੋਣ ਤੋਂ ਰੋਕਣਾ ਹੈ। ਬ੍ਰਿਟੇਨ ਵਿੱਚ ਰਹਿ ਰਹੇ ਬਹੁਤ ਸਾਰੇ ਭਾਰਤੀ ਪਰਵਾਸੀ ਆਈਟੀ ਸੈਕਟਰ ਵਿੱਚ ਕੰਮ ਕਰ ਰਹੇ ਪੇਸ਼ੇਵਰ ਹਨ। ਉਹ ਵਰਕ ਪਰਮਿਟ ਉੱਤੇ ਬ੍ਰਿਟੇਨ ਵਿੱਚ ਰਹਿ ਰਹੇ ਹਨ ਅਤੇ ਉਨ੍ਹਾਂ ਦਾ ਬ੍ਰਿਟੇਨ ਦੇ ਟੈਕਨਾਲੋਜੀ ਸੈਕਟਰ ਵਿੱਚ ਅਹਿਮ ਯੋਗਦਾਨ ਹੈ। ਹਾਲਾਂਕਿ, ਕੁਝ ਗ਼ੈਰ-ਕਾਨੂੰਨੀ ਭਾਰਤੀ ਪਰਵਾਸੀ ਵੀ ਉੱਥੇ ਰਹਿੰਦੇ ਹਨ। ਇਨ੍ਹਾਂ ਦੀ ਗਿਣਤੀ ਬਹੁਤ ਘੱਟ ਹੈ। ਲੇਬਰ ਪਾਰਟੀ ਦੀ ਨੀਤੀ ਪਰਵਾਸੀਆਂ ਦੀ ਕੁੱਲ ਗਿਣਤੀ ਨੂੰ ਘਟਾਉਂਦੇ ਹੋਏ ਹੁਨਰਮੰਦ ਪਰਵਾਸੀਆਂ ਦੇ ਹੁਨਰ ਦਾ ਆਰਥਿਕ ਲਾਭ ਲੈਣ ਦੇ ਵਿਚਕਾਰ ਸੰਤੁਲਨ ਬਣਾਉਣਾ ਹੈ। ਇਹ ਪਾਰਟੀ ਦੀਆਂ ਵਿਆਪਕ ਸਿਆਸੀ ਅਤੇ ਆਰਥਿਕ ਤਰਜੀਹਾਂ ਨੂੰ ਦਰਸਾਉਂਦਾ ਹੈ।

**ਮਨੁੱਖੀ ਹੱਕਾਂ ਬਾਰੇ ਰਵਈਆ**

ਬ੍ਰਿਟੇਨ ਵਿੱਚ ਰਹਿ ਰਹੇ 6185 ਲੱਖ ਪਰਵਾਸੀਆਂ ਵਿੱਚੋਂ ਸਭ ਤੋਂ ਵੱਡੀ ਗਿਣਤੀ ਭਾਰਤੀ ਮੂਲ ਦੇ ਲੋਕਾਂ ਦੀ ਹੈ। ਬ੍ਰਿਟੇਨ ਨੂੰ ਆਪਣੀ ਰਾਸ਼ਟਰੀ ਸਿਹਤ ਪ੍ਰਣਾਲੀ ਅਤੇ ਆਈਟੀ ਸੈਕਟਰ ਨੂੰ ਬਿਹਤਰ ਬਣਾਉਣ ਲਈ ਵਧੇਰੇ ਹੁਨਰਮੰਦ ਪੇਸ਼ੇਵਰਾਂ ਦੀ ਲੋੜ ਹੈ। ਇਸ ਦੇ ਨਾਲ ਹੀ ਉਹ ਇਹ ਵੀ ਚਾਹੁੰਦਾ ਹੈ ਕਿ ਇਹ ਹੁਨਰਮੰਦ ਲੋਕ ਸਿਰਫ਼ ਭਾਰਤ ਦੇ ਹੀ ਨਹੀਂ ਹੋਣੇ ਚਾਹੀਦੇ, ਸਗੋਂ ਹੋਰ ਦੇਸਾਂ ਤੋਂ ਵੀ ਆਉਣ। ਲੇਬਰ ਪਾਰਟੀ ਰਵਾਇਤੀ ਤੌਰ ਉੱਤੇ ਵਿਚਾਰਧਾਰਾ ਉੱਤੇ ਆਧਾਰਿਤ ਵਿਦੇਸ਼ ਨੀਤੀ ਅਪਣਾਉਂਦੀ ਰਹੀ ਹੈ। ਲੇਬਰ ਪਾਰਟੀ ਨੇ ਮਨੁੱਖੀ ਹੱਕਾਂ ਦੇ ਰਿਕਾਰਡ ਨੂੰ ਲੈ ਕੇ ਭਾਰਤ ਅਤੇ ਹੋਰ ਦੇਸਾਂ ਦੀ ਅਕਸਰ ਆਲੋਚਨਾ ਕਰਦੀ ਰਹੀ ਹੈ।

ਭਾਰਤ ਸਰਕਾਰ ਨੂੰ ਇਹ ਕਦੇ ਪਸੰਦ ਨਹੀਂ ਆਇਆ। ਜੇਕਰ ਕੀਅਰ ਸਟਾਰਮਰ ਭਾਰਤ ਨਾਲ ਚੰਗੇ ਸਬੰਧ ਬਣਾਉਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਭਾਰਤ ਸਰਕਾਰ ਨੂੰ ਯਕੀਨ ਦਿਵਾਉਣਾ ਹੋਵੇਗਾ ਕਿ ਉਹ ਵਧੇਰੇ ਵਿਹਾਰਕ ਵਿਦੇਸ਼ ਨੀਤੀ ਅਪਣਾਉਣਗੇ। ਪਿਛਲੀ ਸੰਸਦ ਵਿੱਚ ਲੇਬਰ ਪਾਰਟੀ ਦੇ 15 ਸੰਸਦ ਮੈਂਬਰ ਪਾਕਿਸਤਾਨੀ ਮੂਲ ਦੇ ਸਨ ਜਦਕਿ ਸਿਰਫ 6 ਸੰਸਦ ਮੈਂਬਰ ਭਾਰਤੀ ਮੂਲ ਦੇ ਸਨ। ਜ਼ਾਹਿਰ ਹੈ ਕਿ ਲੇਬਰ ਪਾਰਟੀ ਦੀ ਸਰਕਾਰ ਉੱਤੇ ਪਾਕਿਸਤਾਨੀ ਮੂਲ ਦੇ ਲੋਕਾਂ ਦਾ ਦਬਾਅ ਹੋਵੇਗਾ। ਹੁਣ ਦੇਖਣਾ ਇਹ ਹੈ ਕਿ ਬ੍ਰਿਟੇਨ ਦੀ ਨਵੀਂ ਸਰਕਾਰ ਇਨ੍ਹਾਂ ਦੋਵਾਂ ਵਿਚਕਾਰ ਕਿਵੇਂ ਸੰਤੁਲਨ ਕਾਇਮ ਕਰਦੀ ਹੈ।

# ਭਾਰਤੀ ਵਿਦਿਆਰਥੀ ਦੀ ਬਾਰਬਰਵਿਲੇ ਫਾਲਜ਼ 'ਚ ਡੁੱਬਣ ਕਾਰਨ ਮੌਤ


ਆਂਧਰਾ ਪ੍ਰਦੇਸ਼ ਦੇ ਇੱਕ ਵਿਦਿਆਰਥੀ ਜੀ ਸਾਈ ਸੂਰਿਆ ਅਵਿਨਾਸ਼ ਦੀ ਹਾਲ ਹੀ ਵਿੱਚ ਅਮਰੀਕਾ 'ਚ ਅਚਾਨਕ ਇੱਕ ਝਰਨੇ ਵਿੱਚ ਫਿਸਲਣ ਕਾਰਨ ਮੌਤ ਹੋ ਗਈ। ਪਰਿਵਾਰਕ ਮੈਂਬਰਾਂ ਦਾ ਰੋ-ਰੋ ਕੇ ਬੁਰਾ ਹਾਲ ਹੈ। ਪਰਿਵਾਰ ਆਪਣੇ ਬੱਚੇ ਦੀ ਲਾਸ਼ ਭਾਰਤ ਆਉਣ ਦੀ ਉਡੀਕ ਕਰ ਰਿਹਾ ਹੈ। ਨਿਊਯਾਰਕ ਵਿੱਚ ਭਾਰਤ ਦੇ ਕੌਂਸਲੇਟ ਜਨਰਲ ਨੇ ਦੱਸਿਆ ਕਿ ਪੂਰਬੀ ਗੋਦਾਵਰੀ ਜ਼ਿਲ੍ਹੇ ਦੇ ਚਿਤਿਆਲਾ ਦੇ ਰਹਿਣ ਵਾਲੇ ਅਵਿਨਾਸ਼ ਦੀ ਸ਼ਨੀਵਾਰ, 7 ਜੁਲਾਈ ਨੂੰ ਨਿਊਯਾਰਕ ਦੇ ਅਲਬਾਨੀ ਵਿੱਚ ਬਾਰਬਰਵਿਲੇ ਫਾਲਜ਼ ਵਿੱਚ ਡੁੱਬਣ ਕਾਰਨ ਮੌਤ ਹੋ ਗਈ।

ਕੌਂਸਲੇਟ ਨੇ ਮੰਗਲਵਾਰ ਨੂੰ ਟਵਿੱਟਰ 'ਤੇ ਇੱਕ ਪੋਸਟ ਵਿੱਚ ਕਿਹਾ, "ਅਸੀਂ ਟ੍ਰਾਈਨ ਯੂਨੀਵਰਸਿਟੀ ਦੇ ਵਿਦਿਆਰਥੀ ਸਾਈ ਸੂਰਿਆ ਅਵਿਨਾਸ਼ ਗਡੇ ਦੀ ਦੁਖਦਾਈ ਮੌਤ ਤੋਂ ਬਹੁਤ ਦੁਖੀ ਹਾਂ, ਜੋ 7 ਜੁਲਾਈ ਨੂੰ ਅਲਬਾਨੀ, ਨਿ-ਊਯਾਰਕ ਵਿੱਚ ਬਾਰਬਰਵਿਲੇ ਫਾਲਜ਼ ਵਿੱਚ ਡੁੱਬ ਗਿਆ ਸੀ।" ਮ੍ਰਿਤਕ ਵਿਦਿਆਰਥੀ ਦੇ ਪਰਿਵਾਰ ਅਤੇ ਦੋਸਤਾਂ ਨਾਲ ਹਮਦਰਦੀ ਪ੍ਰਗਟ ਕਰਦੇ ਹੋਏ ਕੌਂਸਲੇਟ ਨੇ ਕਿਹਾ ਕਿ ਉਹ ਅਵਿਨਾਸ਼ ਦੀ ਮ੍ਰਿਤਕ ਦੇਹ ਨੂੰ ਭਾਰਤ ਵਾਪਸ ਲਿਆਉਣ ਲਈ ਹਰ ਲੋੜੀਂਦੀ ਸਹਾਇਤਾ ਪ੍ਰਦਾਨ ਕਰ ਰਿਹਾ ਹੈ।

ਇਸ ਦੌਰਾਨ ਅਵਿਨਾਸ਼ ਦੇ ਜੱਦੀ ਪਿੰਡ ਚਿਤਿਆਲਾ ਦੇ ਰਿਸ਼ਤੇਦਾਰ ਨੇ ਦੱਸਿਆ ਕਿ ਉਹ 18 ਮਹੀਨੇ ਪਹਿਲਾਂ ਅਮਰੀਕਾ ਗਿਆ ਸੀ ਅਤੇ ਐਮਐਸ ਦਾ ਕੋਰਸ ਪੂਰਾ ਕਰਨ ਵਾਲਾ ਸੀ। ਰਿਸ਼ਤੇਦਾਰ ਨੇ ਇਕ ਸਥਾਨਕ ਨਿਊਜ਼ ਚੈਨਲ ਨੂੰ ਦੱਸਿਆ, ਮੈਂ ਉਸ ਦਾ (ਅਵਿਨਾਸ਼) ਚਾਚਾ ਹਾਂ ਅਤੇ ਉਹ 18 ਮਹੀਨੇ ਪਹਿਲਾਂ ਅਮਰੀਕਾ ਗਿਆ ਸੀ। ਉਸਦਾ ਐਮਐਸ ਕੋਰਸ ਖਤਮ ਹੋਣ ਵਾਲਾ ਸੀ। ਉਹ ਆਪਣੇ ਦੋਸਤਾਂ ਨਾਲ ਝਰਨੇ 'ਤੇ ਗਿਆ ਸੀ ਪਰ ਅਚਾਨਕ ਉਸ 'ਚ ਡਿੱਗ ਗਿਆ। ਅਵਿਨਾਸ਼ ਦੀ ਮੌਤ ਨੂੰ ਉਨ੍ਹਾਂ ਦੇ ਪਰਿਵਾਰ ਲਈ ਨਾ ਪੂਰਾ ਹੋਣ ਵਾਲਾ ਘਾਟਾ ਦੱਸਦਿਆਂ ਉਨ੍ਹਾਂ ਕਿਹਾ ਕਿ ਤੇਲਗੂ ਐਸੋਸੀਏਸ਼ਨ ਆਫ ਨਾਰਥ ਅਮਰੀਕਾ (ਟੀਏਐਨਏ) ਨੂੰ ਉਨ੍ਹਾਂ ਦੀ ਮ੍ਰਿਤਕ ਦੇਹ ਮਿਲ ਗਿਆ ਹੈ, ਜੋ ਸ਼ੁੱਕਰਵਾਰ ਤੱਕ ਚਿਤਿਆਲਾ ਪੁੱਜਣ ਦੀ ਸੰਭਾਵਨਾ ਹੈ।

# ਮੋਦੀ ਤੇ ਪੁਤਿਨ ਦੀ ਮੁਲਾਕਾਤ 'ਤੇ ਫੁੱਟਿਆ ਜ਼ੇਲੈਂਸਕੀ ਦਾ ਗੁੱਸਾ

ਮਾਸਕੋ- ਪ੍ਰਧਾਨ ਮੰਤਰੀ ਨਰਿੰਦਰ ਮੋਦੀ ਐਤਵਾਰ ਸ਼ਾਮ ਨੂੰ ਰੂਸ ਦੇ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨਾਲ ਗਰਮਜੋਸ਼ੀ ਨਾਲ ਮੁਲਾਕਾਤ ਕੀਤੀ। ਧਿਆਨ ਯੋਗ ਹੈ ਕਿ ਰੂਸ-ਯੂਕਰੇਨ ਯੁੱਧ ਦੇ ਵਿਚਕਾਰ ਪੀਐਮ ਮੋਦੀ ਪਹਿਲੀ ਵਾਰ ਰੂਸ ਦਾ ਦੌਰਾ ਕਰ ਰਹੇ ਹਨ। ਹਾਲਾਂਕਿ, ਪੀਐਮ ਮੋਦੀ ਦੀ ਇਸ ਫੇਰੀ ਨੇ ਯੂਕਰੇਨ ਦੇ ਰਾਸ਼ਟਰਪਤੀ ਵਲੋਦੀਮੀਰ ਜ਼ੇਲੈਂਸਕੀ ਨੂੰ ਖੁਸ਼ ਨਹੀਂ ਕੀਤਾ ਹੈ। ਜ਼ੇਲੈਂਸਕੀ ਨੇ ਆਪਣੇ ਸੋਸ਼ਲ ਮੀਡੀਆ ਹੈਂਡਲ 'ਤੇ ਪੀਐਮ ਮੋਦੀ ਅਤੇ ਪੁਤਿਨ ਦੀ ਮੁਲਾਕਾਤ ਦੀ ਨਿੰਦਾ ਕੀਤੀ ਹੈ। ਉਨ੍ਹਾਂ ਨੇ ਸੋਸ਼ਲ ਮੀਡੀਆ ਹੈਂਡਲ 'ਤੇ ਲਿਖਿਆ, "ਉਸ ਸਮੇਂ ਜਦੋਂ ਰੂਸ ਯੂਕਰੇਨ 'ਤੇ ਲਗਾਤਾਰ ਹਮਲੇ ਕਰ ਰਿਹਾ ਹੈ, ਇਹ ਬਹੁਤ ਦੁਖਦਾਈ ਹੈ ਕਿ ਦੁਨੀਆ ਦੇ ਸਭ ਤੋਂ ਵੱਡੇ ਲੋਕਤੰਤਰ ਦਾ ਨੇਤਾ ਉਥੇ ਜਾ ਕੇ ਦੁਨੀਆ ਦੇ ਸਭ ਤੋਂ ਵੱਡੇ ਅਪਰਾਧੀ ਨੂੰ ਗਲੇ ਲਗਾ ਲੈਂਦਾ ਹੈ। ਜ਼ਿਕਰਯੋਗ ਹੈ ਕਿ ਅੱਜ ਰੂਸ ਨੇ ਯੂਕਰੇਨ 'ਤੇ ਮਿਜ਼ਾਈਲ ਨਾਲ ਹਮਲਾ ਕੀਤਾ। ਯੂਕਰੇਨ ਦਾ ਦਾਅਵਾ ਹੈ ਕਿ ਮਿਜ਼ਾਈਲ ਹਮਲੇ ਵਿੱਚ ਤਿੰਨ ਬੱਚਿਆਂ ਸਮੇਤ 37 ਲੋਕਾਂ ਦੀ ਮੌਤ ਹੋ ਗਈ ਅਤੇ 13 ਬੱਚਿਆਂ ਸਮੇਤ 170 ਲੋਕ ਜ਼ਖ਼ਮੀ ਹੋ ਗਏ। ਯੂਕਰੇਨ ਨੇ ਇਹ ਵੀ ਦਾਅਵਾ ਕੀਤਾ ਕਿ ਬੱਚਿਆਂ ਦੇ ਸਭ ਤੋਂ ਵੱਡੇ ਹਸਪਤਾਲ, ਜਿੱਥੇ ਕੈਂਸਰ ਤੋਂ ਪੀੜਤ ਬੱਚੇ ਇਲਾਜ ਅਧੀਨ ਸਨ, ਰੂਸੀ ਮਿਜ਼ਾਈਲ ਨਾਲ ਹਮਲਾ ਕੀਤਾ ਗਿਆ ਸੀ।



# ਜੀਹਨੇ ਦੇਖਿਆ ਨਹੀਂ ਲਾਹੌਰ, ਉਹ ਦੇਖੇ ਕਲਾਨੌਰ



ਦਿਲਰਾਜ ਸਿੰਘ

ਲਾਹੌਰ ਨਾਲ ਪੰਜਾਬੀਆਂ ਦਾ ਖ਼ਾਸ ਪਿਆਰ ਹੈ। ਕਹਿੰਦੇ ਜੀਹਨੇ ਲਾਹੌਰ ਨਹੀਂ ਦੇਖਿਆ ਉਹ ਜੰਮਿਆ ਹੀ ਨਹੀਂ। 1947 ਤੋਂ ਬਾਅਦ ਭਾਵੇਂ ਭੂਗੋਲਿਕ ਦੂਰੀਆਂ ਕਰਕੇ ਭਾਰਤੀ ਪੰਜਾਬ ਤੋਂ ਲਾਹੌਰ ਦੂਰ ਹੋ ਗਿਆ, ਪਰ ਫਿਰ ਵੀ ਹਰ ਪੰਜਾਬੀ ਦੇ ਦਿਲ ਦੀ ਤਾਂਘ ਇਹ ਰਹਿੰਦੀ ਹੈ ਕਿ ਉਹ ਇੱਕ ਵਾਰ ਲਾਹੌਰ ਜ਼ਰੂਰ ਹੋ ਕੇ ਆਵੇ। ਪਰ ਕੀ ਤੁਸੀਂ ਜਾਣਦੇ ਹੋ ਕਿ ਲਾਹੌਰ ਦੀ ਤਰਜ਼ ’ਤੇ ਭਾਰਤ ਵਿੱਚ ਵੀ ਇੱਕ ਅਜਿਹਾ ਕਸਬਾ ਵਸਾਇਆ ਗਿਆ ਜਿਸ ਵਿੱਚੋਂ ਲਾਹੌਰ ਦੀ ਝਲਕ ਮਿਲਦੀ ਹੈ। ਉਹ ਸ਼ਹਿਰ ਹੈ ਪੰਜਾਬ ਦੇ ਜ਼ਿਲ੍ਹਾ ਗੁਰਦਾਸਪੁਰ ਦਾ ਇਤਿਹਾਸਕ ਕਸਬਾ ਕਲਾਨੌਰ। ਇਸ ਕਸਬੇ ਬਾਰੇ ਮਸ਼ਹੂਰ ਹੈ ਕਿ ‘ਜੀਹਨੇ ਦੇਖਿਆ ਨਹੀਂ ਲਾਹੌਰ, ਉਹ ਦੇਖੇ ਕਲਾਨੌਰ’। ਇਸ ਕਸਬੇ ਵਿੱਚ ਮੁਗ਼ਲ ਬਾਦਸ਼ਾਹ ਅਕਬਰ ਦਾ ਤਾਜਪੋਸ਼ੀ ਤਖ਼ਤ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ, ਬਾਵਾ ਲਾਲ ਜੀ ਦਾ ਤਪ ਅਸਥਾਨ ਅਤੇ ਸ਼ਿਵ ਜੀ ਦਾ ਪਵਿੱਤਰ ਅਸਥਾਨ ਹੈ।

ਕਸਬਾ ਕਲਾਨੌਰ ਜ਼ਿਲ੍ਹਾ ਗੁਰਦਾਸਪੁਰ ਵਿਚ ਆਉਂਦਾ ਹੈ। ਇਹ ਗੁਰਦਾਸਪੁਰ ਤੋਂ 25 ਕਿਲੋਮੀਟਰ ਅਤੇ ਅੰਮ੍ਰਿਤਸਰ ਤੋਂ 51 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਜੇ ਇਤਿਹਾਸਕ ਪਹਿਲੂਆਂ ਤੋਂ ਗੱਲ ਕੀਤੀ ਜਾਵੇ ਤਾਂ ਕਿਸੇ ਸਮੇਂ ਇਹ ਕਸਬਾ ਭਾਰਤ ਦੀ ਰਾਜਧਾਨੀ ਵੀ ਰਿਹਾ ਹੈ। ਕਲਾਨੌਰ ਨਾਂ ਨੂੰ ਲੈ ਕੇ ਕਈ ਕਹਾਣੀਆਂ ਹਨ। ਕੁਝ ਦਾ ਮੰਨਣਾ ਹੈ ਕਿ ਕਲਾਨੌਰ ਦੀ ਸਥਾਪਨਾ ਦੱਖਣੀ ਭਾਰਤ ਤੋਂ ਪਰਵਾਸ ਕਰ ਕੇ ਇੱਥੇ ਆਏ ਨੂਰ ਵੰਸ਼ ਦੇ ਰਾਜਪੂਤਾਂ ਨੇ ਕੀਤੀ ਹੈ ਅਤੇ ਇਸ ਕਸਬੇ ਦਾ ਨਾਂ ਕਾਲੇਸ਼ਵਰ ਮੰਦਰ ਦੇ ਨਾਂ ਤੋਂ ਰੱਖਿਆ ਗਿਆ ਹੈ। ਕੁੱਝ ਦਾ ਵਿਸ਼ਵਾਸ ਹੈ ਕਿ ਕਲਾਨੌਰ ਨਾਂ ਦੋ ਮੁਸਲਮਾਨ ਭਰਾ ਕਾਲਾ ਅਤੇ ਨੌਰਾ ਦੇ ਨਾਵਾਂ ਤੋਂ ਰੱਖਿਆ ਗਿਆ ਹੈ।

### ਅਹਿਮ ਘਟਨਾਵਾਂ ਦਾ ਗਵਾਹ

ਜਦੋਂ ਭਾਰਤ ਵਿੱਚ ਮੁਗ਼ਲ ਰਾਜ ਸੀ, ਉਸ ਸਮੇਂ ਕਲਾਨੌਰ ਸ਼ਹਿਰ ਦੀ ਬਹੁਤ ਚੜ੍ਹਤ ਮੰਨੀ ਜਾਂਦੀ ਸੀ। ਹਿਮਾਯੂੰ ਦੀ ਮੌਤ ਤੋਂ ਬਾਅਦ ਮੁਗ਼ਲ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਕਲਾਨੌਰ ਵਿੱਚ ਹੀ ਹੋਈ ਸੀ। ਕਲਾਨੌਰ ਦੇ ਆਪਣੇ ਲੰਬੇ ਇਤਿਹਾਸ ਵਿੱਚ ਕਈ ਉਤਰਾਅ ਚੜਾਅ ਆਏ ਅਤੇ ਕਲਾਨੌਰ ਕਈ ਮਹੱਤਵਪੂਰਨ ਘਟਨਾਵਾਂ ਦਾ ਗਵਾਹ ਰਿਹਾ ਹੈ। ਅਕਬਰ ਦੇ ਪਿਤਾ ਹਿਮਾਯੂੰ ਦੀ ਮੌਤ 26 ਜਨਵਰੀ 1556 ਈਂ। ਨੂੰ ਦਿੱਲੀ ਵਿਖੇ ਦੀਨ-ਏ-ਪਨਾਹੀ ਲਾਇਬ੍ਰੇਰੀ ਦੀਆਂ ਪੌੜੀਆਂ ਤੋਂ ਡਿੱਗਣ ਕਰਕੇ ਹੋਈ। ਉਸ ਸਮੇਂ ਅਕਬਰ ਦੀ ਉਮਰ 13 ਸਾਲ 3 ਮਹੀਨੇ ਦੀ ਸੀ।





### ਕਈ ਵਾਰ ਉਜੜਿਆ ਤੇ ਵਸਿਆ

ਇਹ ਕਸਬਾ ਕਈ ਵਾਰ ਉਜੜਿਆ ਅਤੇ ਕਈ ਵਾਰ ਵਸਿਆ। ਕਈ ਵਾਰ ਕੁਦਰਤੀ ਕਾਰਨਾਂ ਕਰਕੇ ਉਜੜਿਆ ਅਤੇ ਕਈ ਵਾਰ ਇਸ ਕਸਬੇ ਨੂੰ ਧਾੜਵੀਆਂ ਦੇ ਹਮਲਿਆਂ ਨੇ ਉਜਾੜ ਦਿੱਤਾ। ਕਲਾਨੌਰ ਉੱਤੇ ਜਸਰਥ ਖੋਖਰ ਨੇ ਦੋ ਵਾਰ ਹਮਲਾ ਕੀਤਾ। ਉਸਨੇ ਪਹਿਲਾ ਹਮਲਾ 1422 ਈਸਵੀ ਅਤੇ ਦੂਸਰਾ ਹਮਲਾ 1428 ਈਸਵੀ ਵਿੱਚ ਕੀਤਾ। ਕਈ ਵਾਰ ਇਹ ਸ਼ਹਿਰ ਹੜਾਂ ਦੀ ਮਾਰ ਹੇਠ ਵੀ ਆਇਆ ਹੈ।

### ਪ੍ਰਾਚੀਨ ਸ਼ਿਵ ਮੰਦਰ

ਕਲਾਨੌਰ ਦੇ ਬੱਸ ਸਟੈਂਡ ਦੇ ਕੋਲ ਬਣਿਆ ਪ੍ਰਾਚੀਨ ਸ਼ਿਵ ਮੰਦਰ ਵੀ ਆਪਣਾ ਵਿਲੱਖਣ ਸਥਾਨ ਅਤੇ ਮਹਾਨਤਾ ਰੱਖਦਾ ਹੈ। ਇਹ ਪ੍ਰਾਚੀਨ ਸ਼ਿਵ ਮੰਦਰ ਬਹੁਤ ਵੱਡੀ ਚੱਟਾਨ ਦੇ ਰੂਪ ਵਿਚ ਬਣਿਆ ਹੋਇਆ ਹੈ ਅਤੇ ਇਸ ਦਾ ਜ਼ਿਆਦਾਤਰ ਹਿੱਸਾ ਜ਼ਮੀਨ ਵਿੱਚ ਹੀ ਦੱਬਿਆ ਹੋਇਆ ਹੈ। ਇਤਿਹਾਸਕ ਤੱਥਾਂ ਮੁਤਾਬਿਕ ਇਸ ਪ੍ਰਾਚੀਨ ਮੰਦਰ ਨੂੰ ਮੁਗ਼ਲ ਹਮਲਾਵਰਾਂ ਨੇ ਢਾਹ ਦਿੱਤਾ ਸੀ। ਫਿਰ ਜਦ ਅਕਬਰ ਬਾਦਸ਼ਾਹ ਬਣਿਆ ਤਾਂ ਉਸ ਨੇ ਇੱਥੇ ਪੂਜਾ ਕਰਨ ਦੀ ਇਜਾਜ਼ਤ ਦਿੱਤੀ। ਇਸ ਮੰਦਰ ਦੀ ਮੁਰੰਮਤ ਮਹਾਰਾਜਾ ਰਣਜੀਤ ਸਿੰਘ ਦੇ ਪੁੱਤਰ ਖੜਕ ਸਿੰਘ ਨੇ ਕਰਵਾਈ ਸੀ।

ਇਹ ਮੰਦਰ ਭਾਰਤ-ਪਾਕਿਸਤਾਨ ਸੀਮਾ ਤੋਂ 5-6 ਕਿਲੋਮੀਟਰ ਅਤੇ ਗੁਰਦਾਸਪੁਰ-ਡੇਰਾ ਬਾਬਾ ਨਾਨਕ ਰੋਡ ’ਤੇ ਗੁਰਦਾਸਪੁਰ ਤੋਂ ਪੱਛਮ ਦਿਸ਼ਾ ਵੱਲ 26 ਕਿਲੋਮੀਟਰ ਦੀ ਦੂਰੀ ’ਤੇ ਸਥਿਤ ਹੈ। ਇਸ ਮੰਦਰ ਨੂੰ ਲੈ ਕੇ ਸਥਾਨਕ ਲੋਕਾਂ ਵਿਚ ਇਕ ਕਥਾ ਵੀ ਬਹੁਤ ਪ੍ਰਚਲਿਤ ਹੈ। ਜਦ ਅਕਬਰ ਦੀ ਤਾਜਪੋਸ਼ੀ ਹੋਈ ਤਾਂ ਜਿਸ ਜਗ੍ਹਾ ’ਤੇ ਮੰਦਰ ਬਣਿਆ ਹੋਇਆ ਹੈ, ਉਸ ਜਗ੍ਹਾ ’ਤੇ ਅਕਬਰ ਦੀਆਂ ਫ਼ੌਜਾਂ ਨੇ ਡੇਰਾ ਲਾਇਆ ਹੋਇਆ ਸੀ। ਉਨ੍ਹਾਂ ਨੇ ਆਪਣੇ ਘੋੜੇ ਵੀ ਇੱਥੇ ਬੰਨ੍ਹੇ ਹੋਏ ਸਨ। ਇਕ ਦਿਨ ਜਦੋਂ ਘੋੜਿਆਂ ਨੂੰ ਇੱਥੋਂ ਘੋੜਸ਼ਾਲ ਲੈ ਕੇ ਜਾ ਰਹੇ ਸਨ ਤਾਂ ਮੰਦਰ ਵਾਲੀ ਜਗ੍ਹਾ ਤੋਂ ਜਿਹੜਾ ਘੋੜਾ ਲੰਘਦਾ, ਉਹ ਲੰਗੜਾ ਹੋ ਜਾਂਦਾ ਸੀ। ਇਸ ਅਨੋਖੀ ਘਟਨਾ ਦੀ ਖ਼ਬਰ ਬਾਦਸ਼ਾਹ ਅਕਬਰ ਨੂੰ ਕੀਤੀ ਗਈ। ਜਦ ਅਕਬਰ ਮੁਆਇਨਾ ਕਰਨ ਲਈ ਆਇਆ ਤਾਂ ਅਕਬਰ ਨੇ ਸ਼ੱਕ ਪ੍ਰਗਟ ਕੀਤਾ ਕਿ ਮਾਰ ਕੁਟਾਈ ਕਰ ਕੇ ਘੋੜੇ ਲੰਗੜੇ ਹੋ ਰਹੇ ਹਨ। ਪਰ ਜਦ ਅਕਬਰ ਨੇ ਆਪਣੇ ਘੋੜੇ ਨੂੰ ਇਸ ਅਸਥਾਨ ਉਪਰੋਂ ਲੰਘਾਇਆ ਤਾਂ ਉਸ ਦਾ ਘੋੜਾ ਵੀ ਲੰਗੜਾ ਹੋ ਗਿਆ। ਇਸ ਤੋਂ ਬਾਅਦ ਅਕਬਰ ਨੇ ਹੁਕਮ ਦਿੱਤਾ ਕਿ ਇਸ ਜਗ੍ਹਾ ਦੀ ਖੁਦਾਈ ਕੀਤੀ ਜਾਵੇ। ਜਦ ਖੁਦਾਈ ਕੀਤੀ ਗਈ ਤਾਂ ਜ਼ਮੀਨ ਦੇ ਹੇਠੋਂ ਇੱਕ ਕਾਲਾ ਪੱਥਰ ਨਿਕਲਿਆ। ਅਕਬਰ ਨੇ ਉਹ ਪੱਥਰ ਹਟਾਉਣ ਦਾ ਹੁਕਮ ਦਿੱਤਾ। ਉਸ ਦੇ ਸਿਪਾਹੀਆਂ ਪੂਰਾ ਜ਼ੋਰ ਲਾਇਆ ਪਰ ਉਹ ਪੱਥਰ ਨਾ ਹਟਾ ਸਕੇ। ਮੰਨਿਆ ਜਾਂਦਾ ਹੈ ਕਿ ਫਿਰ ਉਸ ਜਗ੍ਹਾ ਤੋਂ ਆਕਾਸ਼ਬਾਣੀ ਹੋਈ ਕਿ ਜੇ ਕੁੱਝ ਪ੍ਰਾਪਤ ਕਰਨਾ ਹੈ ਤਾਂ ਖੁਦਾਈ ਬੰਦ ਕੀਤੀ ਜਾਵੇ ਤੇ ਇਸ ਜਗ੍ਹਾ ਸ਼ਿਵ ਜੀ ਦੇ ਮੰਦਰ ਦਾ ਨਿਰਮਾਣ ਕੀਤਾ ਜਾਵੇ।

ਅਕਬਰ ਨੇ ਉਸ ਅਸਥਾਨ ਦੀ ਚਾਰਦੀਵਾਰੀ ਕਰਵਾ ਕੇ ਉੱਥੇ ਇਕ ਮੰਦਰ ਬਣਵਾ ਦਿੱਤਾ। ਇਹ ਮੰਦਰ ਅਜੇ ਕੱਚਾ ਹੀ ਸੀ। ਫਿਰ ਬਾਅਦ ਵਿਚ ਇਸ ਮੰਦਰ ਨੂੰ ਮਸਜਿਦ ਵਿੱਚ ਤਬਦੀਲ ਕਰ ਦਿੱਤਾ ਗਿਆ। ਫਿਰ ਜਦ ਮਹਾਰਾਜਾ ਰਣਜੀਤ ਸਿੰਘ ਦਾ ਰਾਜ ਆਇਆ ਤਾਂ ਉਨ੍ਹਾਂ ਦੇ ਪੁੱਤਰ ਖੜਕ ਸਿੰਘ ਨੇ ਇਸ ਮੰਦਰ ਨੂੰ ਪੱਕਾ ਕਰਵਾਇਆ ਅਤੇ ਇੱਥੇ ਪੂਜਾ ਸ਼ੁਰੂ ਕਰਵਾਈ। ਅੱਜ ਵੀ ਮੰਦਰ ਦੇ ਮੁੱਖ ਦਰਵਾਜ਼ੇ ’ਤੇ ਮਹਾਰਾਜਾ ਖੜਕ ਸਿੰਘ ਦੀ ਸ਼ਿਲਾ ਲੱਗੀ ਹੋਈ ਹੈ। ਇਸ ਮੰਦਰ ਦੀ ਗੱਦੀ ਪ੍ਰਥਾ ਗੋਰਖ ਨਾਥ ਦੇ ਜੋਗੀਆਂ ਤੋਂ ਚਲੀ ਆ ਰਹੀ ਹੈ। ਇਸ ਪ੍ਰਾਚੀਨ ਸ਼ਿਵ ਮੰਦਰ ਦੀਆਂ ਅਨੇਕਾਂ ਧਾਰਮਿਕ ਰਸਮਾਂ ਅਤੇ ਪੂਜਾ ਵਿਧੀਆਂ ਪ੍ਰਚਲਿਤ ਹਨ। ਮੰਦਰ ਵਿਚ ਸ਼ਿਵ ਦੀ ਪੂਜਾ ਸ਼ਿਵਲਿੰਗ ਦੇ ਰੂਪ ਵਿਚ ਕੀਤੀ ਜਾਂਦੀ ਹੈ। ਸ਼ਿਵ ਜੀ ਦੀ ਉਸਤਤ ਵਿਚ ਕਈ ਤਰ੍ਹਾਂ ਦੇ ਭਜਨਾਂ ਨੂੰ ਗਾਇਆ ਜਾਂਦਾ ਹੈ। ਨਾਲ ਹੀ ਵਿਸ਼ੇਸ਼ ਯੱਗ ਅਤੇ ਹਵਨ ਕੀਤੇ ਜਾਂਦੇ ਹਨ ਅਤੇ ਸਮੇਂ-ਸਮੇਂ ’ਤੇ ਆਰਤੀ ਕੀਤੀ ਜਾਂਦੀ ਹੈ। ਮੰਦਰ ਵਿਚ ਪਿੱਪਲ ਤੇ ਬੋਹੜ ਦੇ ਦਰੱਖ਼ਤ ਹਨ ਜਿਨ੍ਹਾਂ ਦੀ ਪੂਜਾ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਮੰਦਰ ਵਿਚ ਨਾਥ ਪ੍ਰੰਪਰਾ ਵੀ ਚੱਲੀ ਆ ਰਹੀ ਹੈ।

ਕਲਾਨੌਰ ਵਿੱਚ ਸ਼ਿਵਰਾਤਰੀ ਦਾ ਤਿਉਹਾਰ ਬਹੁਤ ਹੀ ਸ਼ਰਧਾ ਭਾਵਨਾ ਨਾਲ ਮਨਾਇਆ ਜਾਂਦਾ ਹੈ। ਦੇਸ਼-ਵਿਦੇਸ਼ ਤੋਂ ਸ਼ਿਵ ਜੀ ਨੂੰ ਮੰਨਣ ਵਾਲੇ ਇੱਥੇ ਆ ਕੇ ਨਤਮਸਤਕ ਹੁੰਦੇ ਹਨ ਅਤੇ ਘੰਟਿਆਂਬੱਧੀ ਲਾਈਨਾਂ ਵਿਚ ਲੱਗ ਕੇ ਸ਼ਿਵ ਜੀ ਦੇ ਦਰਸ਼ਨ ਕਰਨ ਲਈ ਇੰਤਜ਼ਾਰ ਕਰਦੇ ਹਨ। ਮੰਦਰ ਦੇ ਸੇਵਾਦਾਰਾਂ ਦਾ ਕਹਿਣਾ ਹੈ ਕਿ 1388 ਈਸਵੀ ਵਿਚ ਇਸ ਮੰਦਰ ਨੂੰ ਮਹਾਂਕਨੇਸ਼ਵਰ ਕਿਹਾ ਜਾਂਦਾ ਸੀ। ਭਾਰਤ ਵਿਚ ਜੋਤਿਰਲਿੰਗਾਂ ਤੋਂ ਇਲਾਵਾ ਸ਼ਿਵ ਜੀ ਦੇ ਤਿੰਨ ਪ੍ਰਮੁੱਖ ਅਸਥਾਨ ਕੈਲਾਸ਼, ਕਾਸ਼ੀ ਅਤੇ ਕਲਾਨੌਰ ਹਨ।

### ਅਕਬਰ ਦੀ ਤਾਜਪੋਸ਼ੀ ਦਾ ਅਸਥਾਨ

ਅਕਬਰ ਬੈਰਮ ਖਾਨ ਨਾਲ ਕਲਾਨੌਰ ਵਿਖੇ ਠਹਿਰਿਆ ਹੋਇਆ ਸੀ। ਬਾਦਸ਼ਾਹ ਅਕਬਰ ਦੇ ਪਰਿਵਾਰ ਦੀ ਰਹਿਨੁਮਾਈ ਕਰਨ ਵਾਲੇ ਬੈਰਮ ਖ਼ਾਨ ਨੇ ਹਿਮਾਯੂੰ ਦੀ ਮੌਤ ਦੀ ਖ਼ਬਰ ਮਿਲਣ ਤੋਂ ਬਾਅਦ ਇਸ ਸਥਾਨ ’ਤੇ ਇੱਕ ਚਬੂਤਰਾ ਬਣਵਾਇਆ। ਸਾਰੇ ਮੁਗ਼ਲ ਸ਼ਾਸਕਾਂ ਦੀ ਇਕੱਤਰਤਾ ਵਿੱਚ ਪੂਰੀਆਂ ਸ਼ਾਹੀ ਰਸਮਾਂ ਨਾਲ 1 ਫ਼ਰਵਰੀ 1656 ਈਸਵੀ ਨੂੰ ਸ਼ੁੱਕਰਵਾਰ ਵਾਲੇ ਦਿਨ ਦੁਪਹਿਰ ਦੇ ਸਮੇਂ ਬਾਦਸ਼ਾਹ ਅਕਬਰ ਦੀ ਤਾਜਪੋਸ਼ੀ ਕਲਾਨੌਰ ਵਿਖੇ ਕੀਤੀ ਗਈ। ਇਸ ਤਖ਼ਤ ਦੇ ਆਲੇ ਦੁਆਲੇ ਬਹੁਤ ਹੀ ਖ਼ੂਬਸੂਰਤ ਫੁਆਰੇ ਲਗਾਏ ਗਏ ਸਨ, ਜੋ ਇਸ ਦੀ ਸ਼ੋਭਾ ਨੂੰ ਹੋਰ ਵੀ ਚਾਰ ਚੰਨ ਲਾਉਂਦੇ ਸਨ। ਬਾਦਸ਼ਾਹ ਬਣਨ ਤੋਂ ਬਾਅਦ ਅਕਬਰ ਨੇ ਕਲਾਨੌਰ ਨੂੰ ਆਪਣੀ ਰਾਜਧਾਨੀ ਬਣਾਇਆ। ਉਸ ਸਮੇਂ ਦੌਰਾਨ ਕਲਾਨੌਰ ਮੁਗ਼ਲ ਹਕੂਮਤ ਦਾ ਕੇਂਦਰ ਬਣ ਗਿਆ ਸੀ। ਉਸ ਦੌਰਾਨ ਮੁਗ਼ਲ ਸ਼ਾਸਕਾਂ ਦਾ ਅੰਤਿਮ ਠਹਿਰਾਉ ਕਲਾਨੌਰ ਵਿਖੇ ਹੁੰਦਾ ਸੀ। ਬਾਦਸ਼ਾਹ ਅਕਬਰ ਨੂੰ ਸਿਕੰਦਰ ਸ਼ਾਹ ਦੇ ਹਮਲੇ ਤੋਂ ਬਚਾਉਣ ਲਈ ਬੈਰਮ ਖ਼ਾਨ ਨੇ ਕਲਾਨੌਰ ਦੇ ਆਲੇ-ਦੁਆਲੇ 70 ਫੁੱਟ ਲੰਬਾਈ 12 ਫੁੱਟ ਚੌੜਾਈ ਵਾਲੇ ਚਾਰ ਗੇਟ ਬਣਵਾਏ ਸਨ ਜਿਹੜੇ ਲਾਹੌਰੀ ਗੇਟ ,ਖਜ਼ੂਰੀ ਗੇਟ, ਮੁਗਲੀ ਗੇਟ ਅਤੇ ਸ਼ਾਹੀ ਗੇਟ ਵਜੋਂ ਜਾਣੇ ਜਾਂਦੇ ਸਨ।

### ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ

ਕਸਬਾ ਕਲਾਨੌਰ ਵਿੱਚ ਹੀ ਸਥਿਤ ਹੈ ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ। ਇਸ ਦਾ ਇਤਿਹਾਸ ਇਹ ਹੈ ਕਿ ਜਦ ਦਿੱਲੀ ਦੇ ਤਖ਼ਤ ’ਤੇ ਮੁਗ਼ਲ ਬਾਦਸ਼ਾਹ ਫਰਖਸੀਅਰ ਸੀ, ਪੰਜਾਬ ਵਿੱਚ ਅਬਦੁਲ ਸਮੱਦ ਖਾਂ ਸੂਬੇਦਾਰ ਸੀ ਅਤੇ ਜ਼ਕਰੀਆ ਖਾਂ ਜੰਮੂ ਅਤੇ ਪਹਾੜੀ ਇਲਾਕਿਆਂ ਵਿੱਚ ਰਹਿ ਰਿਹਾ ਸੀ। ਉਨ੍ਹਾਂ ਵਕਤਾਂ ਵਿੱਚ ਸਿੱਖ ਕੌਮ ਤੇ ਇਨ੍ਹਾਂ ਵੱਲੋਂ ਭਾਰੀ ਜ਼ੁਲਮ ਕੀਤੇ ਜਾ ਰਹੇ ਸਨ। ਆਮ ਇਲਾਕਿਆਂ ਅਤੇ ਕਸਬਿਆਂ ਵਿਚ ਫ਼ੌਜਦਾਰਾਂ ਨੂੰ ਖੁੱਲ੍ਹੇ ਜ਼ੁਲਮ ਕਰਨ ਦਾ ਅਖਤਿਆਰ ਦਿੱਤਾ ਹੋਇਆ ਸੀ। ਕਲਾਨੌਰ ਵਿੱਚ ਫ਼ੌਜਦਾਰ ਸੁਹਰਾਬ ਖਾਂ ਸੀ, ਸੰਤੋਖ ਰਾਏ ਕਾਨੂੰਗੋ ਅਤੇ ਉਸਦੇ ਭਰਾ ਅਨੋਖ ਰਾਏ ਨੇ ਕਲਾਨੌਰ ਅਤੇ ਆਸ-ਪਾਸ ਦੇ ਪਿੰਡਾਂ ਵਿੱਚ ਭਾਰੀ ਜ਼ੁਲਮ-ਤਸ਼ੱਦਦ ਕਰਨੇ ਸ਼ੁਰੂ ਕਰ ਦਿੱਤੇ ਸਨ। ਗ਼ਰੀਬ ਅਤੇ ਧਰਮੀ ਲੋਕਾਂ ਨੇ ਬਾਬਾ ਬੰਦਾ ਸਿੰਘ ਬਹਾਦਰ ਕੋਲ ਇਨ੍ਹਾਂ ਦੇ ਜ਼ੁਲਮ ਤੋਂ ਬਚਣ ਵਾਸਤੇ ਬੇਨਤੀ ਕੀਤੀ। ਉਸ ਸਮੇਂ ਬਾਬਾ ਬੰਦਾ ਸਿੰਘ ਬਹਾਦਰ ਪਹਾੜੀ ਇਲਕਿਆਂ ਦਾ ਦੌਰਾ ਕਰ ਰਹੇ ਸਨ। ਕਲਾਨੌਰ ਦੇ ਫ਼ੌਜਦਾਰਾਂ ਵੱਲੋਂ ਹੋ ਰਹੇ ਜ਼ੁਲਮ ਬਾਰੇ ਸੁਣਕੇ ਬਾਬਾ ਜੀ ਨਾ ਸਹਿ ਸਕੇ। ਆਪਣੇ ਸਾਥੀਆਂ ਸਮੇਤ ਅਰਦਾਸ ਸੋਧ ਕੇ ਜੰਮੂ ਵੱਲੋਂ ਦੀ ਹੁੰਦੇ ਹੋਏ ਕਲਾਨੌਰ ਪਹੁੰਚੇ। ਇੱਥੇ ਸੁਹਰਾਬ ਖਾਂ ਫ਼ੌਜਦਾਰ ਨੂੰ ਰਵੱਈਆ ਬਦਲਣ ਵਾਸਤੇ ਹੁਕਮ ਕੀਤਾ। ਉਸਨੇ ਅੱਗੋਂ ਪਰਵਾਹ ਨਾ ਕਰਦਿਆਂ ਹੋਇਆਂ ਬਾਬਾ ਬੰਦਾ ਸਿੰਘ ਬਹਾਦਰ ਨੂੰ ਕਿਹਾ ਕਿ ਸਰਹਿੰਦ ਆਦਿਕ ਦੀਆਂ ਜਿੱਤਾਂ ਦਾ ਮਾਣ ਨਾ ਕਰੋ। ਅਸੀਂ ਕਲਾਨੌਰ ਦੇ ਹਾਕਮ ਹਿੰਦੂ-ਮੁਸਲਮਾਨ ਇੱਕ ਮੁੱਠ ਹਾਂ। ਅਸੀਂ ਤੇਰਾ ਖੁਰਾ ਖੋਜ ਮਿਟਾ ਸਕਦੇ ਹਾਂ। ਭਾਵੇਂ ਤੂੰ ਬੰਦਾ ਬਹਾਦਰ ਅਖਵਾਉਂਦਾ ਹੈਂ ਪਰ ਤੂੰ ਕਲਾਨੌਰ ਵਿੱਚੋਂ ਬਚਕੇ ਨਹੀਂ ਜਾ ਸਕਦਾ। ਜਦ ਇਹ ਹੰਕਾਰ ਭਰੇ ਉੱਤਰ ਨੂੰ ਬੰਦਾ ਬਹਾਦਰ ਜੀ ਨੇ ਸੁਣਿਆ। ਉਨ੍ਹਾਂ ਦਾ ਖ਼ੂਨ ਖੌਲਿਆ ਅਤੇ ਉਨ੍ਹਾਂ ਨੇ ਕਲਾਨੌਰ ’ਤੇ ਹਮਲਾ ਕਰਕੇ ਇੱਥੋਂ ਜ਼ਾਲਮ ਨੂੰ ਸੋਧਕੇ ਖ਼ਾਲਸਾਈ ਝੰਡਾ ਝੁਲਾਇਆ। ਇਹ ਵਾਕਿਆ ਮਾਰਚ 1715 ਈਸਵੀ ਨੂੰ ਵਾਪਰਿਆ। ਹੁਣ ਉਸ ਜਗ੍ਹਾ ’ਤੇ ਪਵਿੱਤਰ ਗੁਰਦੁਆਰਾ ਸਾਹਿਬ ਸਥਾਪਤ ਹੈ। ਇਹ ਗੁਰਦੁਆਰਾ ਸਾਹਿਬ ਉੱਚੀ ਜਗ੍ਹਾ ’ਤੇ ਬਣਿਆ ਹੋਇਆ ਹੈ। ਕਿਸੇ ਸਮੇਂ ਲੋਕਾਂ ਵਿਚ ਮਾਨਤਾ ਸੀ ਕਿ ਉਹ ਬਾਬਾ ਬੰਦਾ ਸਿੰਘ ਬਹਾਦਰ ਦੇ ਸਤਿਕਾਰ ਨੂੰ ਮੁੱਖ ਰੱਖਦੇ ਹੋਏ ਇਸ ਗੁਰਦੁਆਰਾ ਸਾਹਿਬ ਤੋਂ ਉੱਚਾ ਘਰ ਨਹੀਂ ਸਨ ਬਣਾਉਂਦੇ ਭਾਵੇਂ ਹੁਣ ਕਾਫ਼ੀ ਘਰ ਗੁਰਦੁਆਰਾ ਸਾਹਿਬ ਤੋਂ ਉੱਚੇ ਬਣੇ ਹੋਏ ਹਨ।

### ਤਪੋ ਭੂਮੀ ਬਾਵਾ ਲਾਲ ਜੀ

ਕਲਾਨੌਰ ਵਿਚ ਹੀ ਧਾਰਮਿਕ ਅਸਥਾਨ ਤਪੋ ਭੂਮੀ ਬਾਵਾ ਲਾਲ ਜੀ ਦਾ ਮੰਦਰ ਹੈ। ਸਥਾਨਕ ਲੋਕਾਂ ਦਾ ਮੰਨਣਾ ਹੈ ਕਿ ਜਿੱਥੇ ਕਿਰਨ ਨਦੀ ਵਗਦੀ ਹੈ, ਉੱਥੇ ਬਾਵਾ ਲਾਲ ਜੀ ਨੇ 84 ਸਾਲ ਤਪ ਕਰ ਕੇ ਬਾਲ ਰੂਪ ਧਾਰਨ ਕੀਤਾ ਸੀ। ਇੱਥੇ ਹੀ ਉਨ੍ਹਾਂ ਦਾ ਮੰਦਰ ਬਣਿਆ ਹੋਇਆ ਹੈ ਅਤੇ ਬਹੁਤ ਸਾਰੇ ਲੋਕ ਉਨ੍ਹਾਂ ਨੂੰ ਨਤਮਸਤਕ ਹੋਣ ਲਈ ਇੱਥੇ ਆਉਂਦੇ ਹਨ।

### ਨਵੀਨੀ ਤੇ ਖ਼ੂਬਸੂਰਤੀਕਰਨ

ਕਲਾਨੌਰ ਨੂੰ ਕੇਂਦਰ ਸਰਕਾਰ ਵੱਲੋਂ ‘ਸਵਦੇਸ਼ ਦਰਸ਼ਨ’ ਸਕੀਮ ਤਹਿਤ ਇਸ ਦੇ ਇਤਿਹਾਸਕ ਸਥਾਨਾਂ ਪ੍ਰਾਚੀਨ ਸ਼ਿਵ ਮੰਦਰ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਅਤੇ ਅਕਬਰ ਦੀ ਤਾਜਪੋਸ਼ੀ ਵਾਲੇ ਤਖ਼ਤ ਲਈ ਜਾਰੀ ਕੀਤੇ 7 ਕਰੋੜ ਦੀ ਰਾਸ਼ੀ ਨਾਲ ਨਵੀਨੀਕਰਨ ਕੀਤਾ ਜਾ ਰਿਹਾ ਹੈ। ਕਿਸੇ ਵੇਲੇ ਕਲਾਨੌਰ ਨੂੰ ਮਿੰਨੀ ਲਾਹੌਰ ਵਜੋਂ ਵੀ ਜਾਣਿਆ ਜਾਂਦਾ ਸੀ। ਇਸ ਸਮੇਂ ਕਲਾਨੌਰ ਵਿੱਚ ਤਿੰਨ ਪ੍ਰਾਇਮਰੀ, ਤਿੰਨ ਮਿਡਲ ਅਤੇ ਦੋ ਹਾਈ ਸਕੂਲਾਂ ਤੋਂ ਇਲਾਵਾ ਸਰਕਾਰੀ ਸਿਵਲ ਡਿਸਪੈਂਸਰੀ, ਪਸ਼ੂਆਂ ਦਾ ਹਸਪਤਾਲ, ਪੁਲਿਸ ਸਟੇਸ਼ਨ ਅਤੇ ਡਾਕ ਘਰ ਹੈ। ਇਸ ਦਾ ਕੁੱਲ ਰਕਬਾ 2,700 ਹੈਕਟੇਅਰ ਹੈ।

ਦੇਸ਼-ਵਿਦੇਸ਼ ਤੋਂ ਬਹੁਤ ਸਾਰੇ ਲੋਕ ਇਨ੍ਹਾਂ ਇਤਿਹਾਸਕ ਸਥਾਨਾਂ ਦੇ ਦਰਸ਼ਨ ਕਰਨ ਲਈ ਆਉਂਦੇ ਰਹਿੰਦੇ ਹਨ। ਸਰਕਾਰ ਵੱਲੋਂ ਸਮੇਂ-ਸਮੇਂ ’ਤੇ ਇਨ੍ਹਾਂ ਸਥਾਨਾਂ ਦੀ ਸਾਰ ਨਾ ਲੈਣ ਕਰਕੇ ਕਾਫੀ ਇਤਿਹਾਸਕ ਨਿਸ਼ਾਨੀਆਂ ਨਸ਼ਟ ਹੋ ਚੁੱਕੀਆਂ ਹਨ। ਲਾਹੌਰੀ ਗੇਟ ਦੀ ਮੁਰੰਮਤ ਨਾ ਹੋਣ ਕਰਕੇ ਉਸਦਾ ਨਾਮੋ ਨਿਸ਼ਾਨ ਮਿਟ ਚੁੱਕਾ ਹੈ।

ਹੁਣ ਭਾਵੇਂ ਕੁੱਝ ਸਥਾਨਾਂ ਦਾ ਨਵੀਨੀਕਰਨ ਕੀਤਾ ਗਿਆ ਹੈ ਪਰ ਫਿਰ ਵੀ ਕਾਫ਼ੀ ਪੁਰਾਤਨ ਢਾਂਚੇ ਲੁਪਤ ਹੋ ਚੁੱਕੇ ਹਨ। ਸਰਕਾਰ ਨੂੰ ਚਾਹੀਦਾ ਹੈ ਕਿ ਇਤਿਹਾਸਕ ਸਥਾਨਾਂ ਦੀ ਸਮੇਂ ਸਿਰ ਸਾਰ ਲਈ ਜਾਵੇ।

# ਪੰਜਾਬ ਵਿਚ ਨਸ਼ਿਆਂ ਖ਼ਿਲਾਫ਼ ਜੰਗ ਕੀ ਕੋਈ ਸੁਧਾਰ ਲਿਆ ਸਕੇਗੀ



ਰਣਜੀਤ ਸਿੰਘ ਘੁੰਮਣ

ਪੰਜਾਬ ਨਸ਼ਾਖੋਰੀ ਦੇ ਸੰਕਟ ਨਾਲ ਜੂਝ ਰਿਹਾ ਹੈ ਜਿਸ ਨੇ ਕਈ ਜਵਾਨ ਜ਼ਿੰਦਗੀਆਂ ਨੂੰ ਨਿਗ਼ਲ ਲਿਆ ਹੈ। ਬਦਨਸੀਬੀ ਨਾਲ ਸੂਬੇ ਕੋਲ ਨਸ਼ਿਆਂ ਦੇ ਆਦੀਆਂ ਤੇ ਇਸ ਨਾਲ ਸਬੰਧਿਤ ਮੌਤਾਂ, ਉਨ੍ਹਾਂ ਦੇ ਸਮਾਜਿਕ-ਆਰਥਿਕ ਪਿਛੋਕੜ, ਨਸ਼ਾਖੋਰੀ ਦੇ ਕਾਰਨਾਂ ਅਤੇ ਇਸ ਦੇ ਸਮਾਜਿਕ-ਆਰਥਿਕ ਨੁਕਸਾਨ ਦੀ ਵਿਆਪਕ ਜਾਣਕਾਰੀ ਨਹੀਂ ਹੈ। ਇਕ ਅਖਬਾਰ ਵਿੱਚ ਛਪੀ ਇੱਕ ਹਾਲੀਆ ਰਿਪੋਰਟ, 'ਪੰਜਾਬ ਡਰੱਗ ਓਵਰਡੋਜ਼: 14 ਦਿਨਾਂ ਵਿੱਚ 14 ਮੌਤਾਂ', ਨੇ ਉਭਾਰਿਆ ਹੈ ਕਿ ਸਰਕਾਰ ਇਸ ਸੰਕਟ ਨਾਲ ਨਜਿੱਠਣ ਵਿੱਚ ਨਾਕਾਮ ਹੋਈ ਹੈ, ਇਹ ਸੰਕੇਤ ਕਰਦੀ ਹੈ ਕਿ ਮੁੱਦਾ ਓਵਰਡੋਜ਼ ਤੋਂ ਕਿਤੇ ਵੱਡਾ ਹੈ; ਇਸ ਵਿੱਚ ਨਸ਼ਿਆਂ ਦੇ ਜਾਲ 'ਚ ਫਸਣ ਦਾ ਖ਼ਤਰਾ ਅਤੇ ਭਰੀ ਜਵਾਨੀ 'ਚ ਮੌਤਾਂ ਹੋਣਾ ਵੀ ਸ਼ਾਮਿਲ ਹੈ। ਚਿੰਤਾਜਨਕ ਹੈ ਕਿ ਅੱਲ੍ਹੜ ਵੀ ਨਸ਼ਿਆਂ ਦੀ ਲਤ ਦੇ ਸ਼ਿਕਾਰ ਹੋ ਰਹੇ ਹਨ। ਲੋੜ ਹੈ ਇੱਕ ਬਹੁਪੱਖੀ ਰਣਨੀਤੀ ਦੀ ਜੋ ਨਸ਼ਾਖੋਰੀ ਦੇ ਮੁੱਢਲੇ ਕਾਰਨਾਂ ਦਾ ਹੱਲ ਤਲਾਸ਼ੇ, ਨਸ਼ਿਆਂ ਦੀ ਸਪਲਾਈ ਤੇ ਮੰਗ ਉੱਤੇ ਲਗਾਮ ਕੱਸੇ, ਨਸ਼ਾ ਛੁਡਾਏ ਜਾਣ ਤੇ ਪੁਨਰਵਾਸ ਨੂੰ ਹੁਲਾਰਾ ਦੇਵੇ ਅਤੇ ਨਸ਼ਾ ਲੈਣ ਵਾਲਿਆਂ ਦੀ ਗਿਣਤੀ ਵਧਣ ਤੋਂ ਰੋਕੇ।

ਸਹਿਯੋਗੀਆਂ ਗੁਰਿੰਦਰ ਕੌਰ ਤੇ ਜਤਿੰਦਰ ਸਿੰਘ ਅਤੇ ਮੇਰੇ ਵੱਲੋਂ ਚੰਡੀਗੜ੍ਹ ਦੇ ਦਿਹਾਤੀ ਤੇ ਉਦਯੋਗਿਕ ਵਿਕਾਸ ਖੋਜ ਕੇਂਦਰ (ਕਰਿੱਡ) 'ਚ ਹਾਲ ਹੀ ਵਿੱਚ ਕੀਤੇ ਗਏ ਅਧਿਐਨ, ਜਿਸ ਦਾ ਸਿਰਲੇਖ 'ਭਾਰਤ ਵਿੱਚ ਨਸ਼ਾਖੋਰੀ ਤੇ ਨਸ਼ੇ ਦੀ ਦੁਰਵਰਤੋਂ ਦੇ ਕਾਰਕ, ਪੰਜਾਬ 'ਤੇ ਵਿਸ਼ੇਸ਼ ਧਿਆਨ' (ਰੂਟਲੇਜ, 2024) ਹੈ, ਨਸ਼ਾਖੋਰੀ ਪਿਛਲੇ ਰਾਜਨੀਤਕ-ਆਰਥਿਕ ਅਤੇ ਸਮਾਜਿਕ-ਸੱਭਿਆਚਾਰਕ ਕਾਰਨਾਂ 'ਚ ਡੂੰਘਾ ਉੱਤਰਦਾ ਹੈ। ਇਹ ਅਧਿਐਨ ਭਾਰਤ ਦੀ ਸਮਾਜ ਵਿਗਿਆਨ ਖੋਜ ਕੌਂਸਲ (ਆਈਸੀਐੱਸਐੱਸਆਰ), ਨਵੀਂ ਦਿੱਲੀ ਵੱਲੋਂ ਕਰਵਾਇਆ ਗਿਆ ਹੈ। ਇਸ ਅਧਿਐਨ ਵਿੱਚ ਮੁੱਢਲੇ ਕਾਰਨਾਂ ਦਾ ਵਿਆਪਕ ਹੱਲ ਤਲਾਸ਼ਣ ਦੀ ਲੋੜ ਉੱਤੇ ਜ਼ੋਰ ਦਿੱਤਾ ਗਿਆ ਹੈ ਜਿਸ ਤੋਂ ਬਿਨਾਂ ਪੰਜਾਬ ਵਿੱਚ ਨਸ਼ਿਆਂ ਦੇ ਸੰਕਟ ਦੇ ਸਥਾਈ ਹੱਲ ਪਹੁੰਚ ਤੋਂ ਬਾਹਰ ਹੀ ਰਹਿਣਗੇ। ਇਸ 'ਚ ਤਸਕਰਾਂ, ਪੁਲੀਸ ਤੇ ਸਿਆਸਤਦਾਨਾਂ (ਐੱਸਪੀਪੀ) ਦੇ ਨਾਪਾਕ ਗੱਠਜੋੜ ਦਾ ਵੀ ਖ਼ੁਲਾਸਾ ਕੀਤਾ ਗਿਆ ਹੈ ਜਿਸ ਦਾ ਸਬੂਤ ਸੀਨੀਅਰ ਪੁਲੀਸ ਅਧਿਕਾਰੀਆਂ 'ਤੇ ਮੁਕੱਦਮੇ ਚੱਲਣਾ ਹੈ ਤੇ ਨਾਲ ਹੀ ਮੁੱਖ ਮੰਤਰੀ ਭਗਵੰਤ ਮਾਨ ਨੇ ਵੀ ਕਥਿਤ ਤੌਰ 'ਤੇ ਕੁਝ ਪੁਲੀਸ ਕਰਮੀਆਂ ਦੀ ਤਸਕਰਾਂ ਨਾਲ ਮਿਲੀਭੁਗਤ ਕਬੂਲੀ ਹੈ, ਨਤੀਜੇ ਵਜੋਂ ਪੁਲੀਸ ਮੁਲਾਜ਼ਮਾਂ ਦੇ ਤਬਾਦਲੇ ਹੋਏ ਹਨ।

ਚੋਣਾਂ ਦੌਰਾਨ ਮਾਦਕ ਪਦਾਰਥਾਂ ਤੇ ਨਸ਼ਿਆਂ ਦੀ ਵੰਡ ਇਸ ਸੰਕਟ ਨਾਲ ਨਜਿੱਠਣ ਦੀ ਸਿਆਸੀ ਇੱਛਾ ਸ਼ਕਤੀ ਨੂੰ ਹੋਰ ਵੀ ਕਮਜ਼ੋਰ ਕਰਦੀ ਹੈ। ਵੱਖ-ਵੱਖ ਸਰਕਾਰਾਂ ਨੇ ਲਗਾਤਾਰ ਇਸ ਮੁੱਦੇ ਨੂੰ ਨਜ਼ਰਅੰਦਾਜ਼ ਕੀਤਾ ਹੈ। 2009 ਵਿੱਚ ਪੰਜਾਬ ਤੇ ਹਰਿਆਣਾ ਹਾਈਕੋਰਟ 'ਚ ਦਾਖ਼ਲ ਇੱਕ ਹਲਫ਼ਨਾਮੇ ਵਿੱਚ ਗ਼ਲਤ ਦਾਅਵਾ ਕੀਤਾ ਗਿਆ ਕਿ ਰਾਜ ਦੇ 70 ਪ੍ਰਤੀਸ਼ਤ ਨੌਜਵਾਨ ਨਸ਼ਿਆਂ ਦੇ ਆਦੀ ਹਨ। 2016 ਵਿੱਚ ਆਈ ਹਿੰਦੀ ਫਿਲਮ 'ਉੜਤਾ ਪੰਜਾਬ' ਨੇ ਇਸ ਮੁੱਦੇ ਨੂੰ ਕਾਫ਼ੀ ਵੱਡਾ ਬਣਾ ਦਿੱਤਾ ਤੇ ਪੂਰੇ ਦੇਸ਼ ਦਾ ਧਿਆਨ ਖਿੱਚਿਆ। ਸੰਨ 2013 ਵਿੱਚ ਕਈ ਹਜ਼ਾਰ ਕਰੋੜ ਰੁਪਏ ਦੇ ਡਰੱਗ ਰੈਕੇਟ 'ਚ ਪੰਜਾਬ ਪੁਲੀਸ ਦੇ ਬਰਖਾਸਤ ਡੀਐੱਸਪੀ ਜਗਦੀਸ਼ ਸਿੰਘ ਭੋਲਾ ਦੀ ਗ੍ਰਿਫ਼ਤਾਰੀ ਨੇ ਦੱਸਿਆ ਕਿ ਇਸ ਸਮੱਸਿਆ ਦਾ ਘੇਰਾ ਕਿੰਨਾ ਵਿਆਪਕ ਹੈ। ਦਹਾਕੇ ਤੋਂ ਵੀ ਵੱਧ ਸਮਾਂ ਪ੍ਰਮੁੱਖ ਚੋਣ ਮੁੱਦਾ ਬਣੇ ਰਹਿਣ ਦੇ ਬਾਵਜੂਦ, ਇਸ ਪਾਸੇ ਕੋਈ ਜ਼ਿਆਦਾ ਸੁਧਾਰ ਦੇਖਣ ਨੂੰ ਨਹੀਂ ਮਿਲਿਆ। ਹਾਈਕੋਰਟ ਨੂੰ 2018 ਵਿੱਚ ਵਿਸ਼ੇਸ਼ ਟਾਸਕ ਫੋਰਸ (ਐੱਸਟੀਐੱਫ) ਵੱਲੋਂ ਦਿੱਤੀਆਂ ਗਈਆਂ ਰਿਪੋਰਟਾਂ ਨੂੰ ਵੀ ਪ੍ਰਸ਼ਾਸਕੀ ਤੇ ਕਾਨੂੰਨੀ ਅੜਿੱਕਿਆਂ ਦਾ ਸਾਹਮਣਾ ਕਰਨਾ ਪਿਆ, ਜਿਸ ਨੇ ਐੱਸਪੀਪੀ ਦੀ ਮਿਲੀਭੁਗਤ ਵੱਲ ਸੰਕੇਤ ਕੀਤਾ।

ਅਖਬਾਰ ਦੀ ਰਿਪੋਰਟ ਤੋਂ ਬਾਅਦ ਪੰਜਾਬ ਸਰਕਾਰ ਨੇ ਨਸ਼ਿਆਂ ਖ਼ਿਲਾਫ਼ ਇੱਕ ਹੋਰ ਜੰਗ ਛੇੜੀ ਹੈ। ਪਰ ਇਸ ਤਰ੍ਹਾਂ ਦੇ ਐਲਾਨ ਪਹਿਲਾਂ ਵੀ ਕੀਤੇ ਗਏ ਹਨ, ਜੋ ਬਹੁਤੇ ਕਾਮਯਾਬ ਨਹੀਂ ਹੋਏ। 2017 ਵਿੱਚ ਏਡੀਜੀਪੀ ਦੀ ਅਗਵਾਈ ਵਿੱਚ 'ਐੱਸਟੀਐੱਫ' ਦਾ ਗਠਨ, ਸਾਬਕਾ ਕੈਬਨਿਟ ਮੰਤਰੀ ਤੇ ਭੋਲੇ ਦੀ ਗ੍ਰਿਫ਼ਤਾਰੀ ਅਤੇ ਹਜ਼ਾਰਾਂ ਤਸਕਰਾਂ ਤੇ ਨਸ਼ੇੜੀਆਂ ਨੂੰ



ਫੜਨ ਜਿਹੇ ਕਦਮ ਜ਼ਿਕਰਯੋਗ ਸਨ। ਸਰਕਾਰ ਨੇ ਇਸ ਸਬੰਧੀ ਕਈ ਯੋਜਨਾਵਾਂ ਵੀ ਲਾਂਚ ਕੀਤੀਆਂ, ਜਿਨ੍ਹਾਂ ਵਿੱਚ 'ਓਟ' ਕਲੀਨਿਕ ਤੇ 'ਬਡੀ' ਪ੍ਰੋਗਰਾਮ ਸ਼ਾਮਿਲ ਸਨ। ਇਸ ਤੋਂ ਇਲਾਵਾ ਨਸ਼ਾ ਛੁਡਾਉਣ ਲਈ ਅਧਿਕਾਰੀ ਵੀ ਰੱਖੇ ਗਏ ਸਨ। ਹਾਲਾਂਕਿ, ਇਨ੍ਹਾਂ ਕੋਸ਼ਿਸ਼ਾਂ ਦੇ ਬਾਵਜੂਦ ਨਸ਼ਿਆਂ ਦਾ ਸੰਕਟ ਬਰਕਰਾਰ ਹੈ।

ਸਾਡਾ ਅਧਿਐਨ ਨਸ਼ਾਖੋਰੀ ਦੇ ਗੰਭੀਰ ਸਮਾਜਿਕ-ਆਰਥਿਕ ਅਸਰਾਂ ਨੂੰ ਵੀ ਦਰਜ ਕਰਦਾ ਹੈ, ਜੋ ਸਿਹਤ ਸੰਭਾਲ ਢਾਂਚੇ ਅਤੇ ਕਾਨੂੰਨ ਪ੍ਰਣਾਲੀ 'ਤੇ ਬੋਝ ਹਨ ਅਤੇ ਨਾਲ-ਨਾਲ ਮਾਨਵੀ ਕਿਰਤ ਸ਼ਕਤੀ ਦੇ ਸਭ ਤੋਂ ਅਹਿਮ ਸਾਲ ਵੀ ਖਾ ਜਾਂਦੇ ਹਨ, ਨਤੀਜੇ ਵਜੋਂ ਐੱਚਆਈਵੀ/ਏਡਜ਼ ਵਰਗੀਆਂ ਬਿਮਾਰੀਆਂ ਨਾਲ ਲੋਕਾਂ ਦੀ ਘੱਟ ਉਮਰ ਵਿੱਚ ਮੌਤ ਹੋ ਜਾਂਦੀ ਹੈ। ਪੰਜਾਬ ਦੀ ਡਰੱਗ ਸਪਲਾਈ ਕੌਮਾਂਤਰੀ ਤੇ ਘਰੇਲੂ ਸਰੋਤਾਂ ਤੋਂ ਆਉਂਦੀ ਹੈ। 'ਦਿ ਗੋਲਡਨ ਕ੍ਰਿਸੈਂਟ' (ਇਰਾਨ, ਅਫ਼ਗਾਨਿਸਤਾਨ ਤੇ ਪਾਕਿਸਤਾਨ) ਅਤੇ 'ਦਿ ਗੋਲਡਨ ਟ੍ਰਾਇਐਂਗਲ' (ਮਿਆਂਮਾਰ, ਲਾਓਸ, ਥਾਈਲੈਂਡ) ਵੱਡੇ ਕੌਮਾਂਤਰੀ ਰੂਟ ਹਨ ਤੇ ਪੰਜਾਬ 'ਗੋਲਡਨ ਕ੍ਰਿਸੈਂਟ' ਦੇ ਰਾਹ 'ਚ ਪੈਂਦਾ ਹੈ। ਇਸ ਤੋਂ ਇਲਾਵਾ, 'ਓਪਿਆਇਡ' ਅਧਾਰਿਤ ਤੇ ਸਿੰਥੈਟਿਕ ਨਸ਼ੇ ਘਰੇਲੂ ਪੱਧਰ 'ਤੇ ਹੀ ਬਣਦੇ ਤੇ ਸਪਲਾਈ ਹੁੰਦੇ ਹਨ। ਨਸ਼ਿਆਂ ਨੂੰ ਵੇਚਣ ਅਤੇ ਇਨ੍ਹਾਂ ਦੀ ਵਰਤੋਂ ਵਿੱਚ ਸਹਾਈ ਹੋਣ ਵਾਲੇ ਆਰਥਿਕ ਕਾਰਕਾਂ ਵਿੱਚ ਉੱਚੀ ਬੇਰੁਜ਼ਗਾਰੀ, ਨੀਵੇਂ ਪੱਧਰ ਦਾ ਰੁਜ਼ਗਾਰ, ਘੱਟ ਉਜਰਤਾਂ ਅਤੇ ਨਸ਼ਿਆਂ ਦੇ ਧੰਦੇ ਤੋਂ ਹੋਣ ਵਾਲੀ ਆਮਦਨ ਸ਼ਾਮਿਲ ਹਨ। ਖਾਂਦੇ ਪੀਂਦੇ ਘਰਾਂ ਵਿੱਚ ਪੈਸੇ ਦੀ ਆਸਾਨ ਰਸਾਈ ਵੀ ਇੱਕ ਕਾਰਕ ਹੈ। ਸਮਾਜਿਕ ਕਾਰਕਾਂ ਵਿੱਚ ਬਜ਼ੁਰਗਾਂ ਵੱਲੋਂ ਨਸ਼ਿਆਂ ਦੀ ਵਰਤੋਂ, ਹਾਣੀਆਂ ਦਾ ਦਬਾਅ, ਪਰਿਵਾਰਕ ਸਬੰਧਾਂ ਵਿੱਚ ਤਣਾਅ, ਖ਼ਾਹਿਸ਼ਾਂ ਦੀ ਪੂਰਤੀ ਨਾ ਹੋਣਾ, ਮਾਯੂਸੀ, ਨਾਕਾਮੀ, ਛੋਟੇ ਪਰਿਵਾਰਾਂ ਦਾ ਚਲਨ ਅਤੇ ਵਧਦਾ ਵਿਅਕਤੀਵਾਦ ਅਤੇ ਇਕਲਾਪਾ ਆਦਿ ਸ਼ਾਮਿਲ ਹਨ। ਨਸ਼ਿਆਂ ਦੇ ਘਾਤਕ ਪ੍ਰਭਾਵਾਂ ਪ੍ਰਤੀ ਜਾਗਰੂਕਤਾ ਦੀ ਘਾਟ ਅਤੇ ਨਾਗਰਿਕ ਸਮਾਜ ਦੀ ਉਪਰਾਮਤਾ ਨਾਲ ਸਮੱਸਿਆ ਵਿਕਰਾਲ ਰੂਪ ਧਾਰ ਲੈਂਦੀ ਹੈ। ਸਿਆਸੀ ਤੌਰ 'ਤੇ ਤਸਕਰਾਂ, ਪੁਲੀਸ ਅਤੇ ਸਿਆਸਤਦਾਨਾਂ ਦਰਮਿਆਨ ਬਣਿਆ ਗੱਠਜੋੜ ਇੱਕ ਵੱਡਾ ਰੋੜਾ ਬਣਿਆ ਹੋਇਆ ਹੈ।

ਨਸ਼ਿਆਂ ਦੀ ਅਲਾਮਤ ਨਾਲ ਸਿੱਝਣ ਲਈ ਇਹ ਪ੍ਰਵਾਨ ਕਰਨਾ ਜ਼ਰੂਰੀ ਹੈ ਕਿ ਨਸ਼ਿਆਂ ਦੇ ਆਦੀ ਇੱਕ ਗਹਿਰੀ ਸਮਾਜਿਕ-ਸਭਿਆਚਾਰਕ ਅਤੇ ਸਿਆਸੀ-ਆਰਥਿਕ ਵਿਗਾੜਾਂ ਦੇ ਪੀੜਤ ਹਨ ਅਤੇ ਇਨ੍ਹਾਂ ਨੂੰ ਅਪਰਾਧੀਆਂ ਦੀ ਬਜਾਇ ਮਰੀਜ਼ ਸਮਝ ਕੇ ਇਲਾਜ ਕੀਤਾ ਜਾਣਾ ਚਾਹੀਦਾ ਹੈ। ਸਰਕਾਰ ਨੇ ਕਾਨੂੰਨੀ ਅਮਲਦਾਰੀ (ਐਨਫੋਰਸਮੈਂਟ), ਨਸ਼ੇ ਛੁਡਵਾਉਣ ਅਤੇ ਨਸ਼ਿਆਂ ਦੀ ਰੋਕਥਾਮ ਦੀ ਤਿੰਨ-ਪਰਤੀ ਰਣਨੀਤੀ ਤਿਆਰ ਕੀਤੀ ਹੈ ਪਰ ਇਸ ਤੋਂ ਇਲਾਵਾ ਮੁੜ ਵਸੇਬੇ ਅਤੇ ਨਸ਼ੇ ਛੱਡਣ ਤੋਂ ਬਾਅਦ ਮੁੜ ਇਨ੍ਹਾਂ ਦੀ ਚੁੰਗਲ ਵਿਚ ਪੈਣ ਤੋਂ ਰੋਕਣ ਉੱਤੇ ਵੀ ਜ਼ੋਰ ਦਿੱਤਾ ਜਾਣਾ ਚਾਹੀਦਾ ਹੈ।

ਪੰਜਾਬ ਵਿੱਚ ਨਸ਼ਿਆਂ ਦੀ ਲ਼ਤ ਨੂੰ ਕਾਬੂ ਕਰਨ ਲਈ ਇੱਕ ਸਰਬਪੱਖੀ ਪਹੁੰਚ ਅਪਣਾਉਣੀ ਚਾਹੀਦੀ ਹੈ ਜਿਸ ਵਿੱਚ ਹੇਠ ਲਿਖੇ ਨੁਕਤੇ ਸ਼ਾਮਿਲ ਕੀਤੇ ਜਾਣੇ ਚਾਹੀਦੇ ਹਨ :

1. ਨਸ਼ਿਆਂ ਦੀ ਅਲਾਮਤ ਬਾਰੇ ਵਿਆਪਕ ਜਾਣਕਾਰੀਆਂ ਇਕੱਤਰ ਕਰਨ ਲਈ ਇੱਕ ਭਰਵਾਂ ਡੇਟਾ ਕੁਲੈਕਸ਼ਨ ਸਿਸਟਮ ਸਥਾਪਿਤ ਕਰਨਾ ਚਾਹੀਦਾ ਹੈ ਜਿਸ ਵਿੱਚ ਸਮਾਜਿਕ ਆਰਥਿਕ ਬਿਓਰੇ, ਨਸ਼ਿਆਂ ਦੀ ਲ਼ਤ ਦੇ ਕਾਰਨ ਅਤੇ ਇਸ ਦੀ ਸਮਾਜਿਕ-ਆਰਥਿਕ ਲਾਗਤ ਦੇ ਪੱਖ ਸ਼ਾਮਿਲ ਹੋਣ। ਇਨ੍ਹਾਂ ਅੰਕੜਿਆਂ ਨਾਲ ਬੱਝਵੇਂ ਰੂਪ ਵਿੱਚ ਦਖ਼ਲ ਦੇਣ ਵਿੱਚ ਮਦਦ ਮਿਲੇਗੀ।

2. ਨਸ਼ਾ ਤਸਕਰਾਂ, ਪੁਲੀਸ ਅਤੇ ਸਿਆਸਤਦਾਨਾਂ ਦੇ ਗੱਠਜੋੜ ਨੂੰ ਤੋੜਨ ਦੇ ਯਤਨਾਂ ਵਿੱਚ ਤੇਜ਼ੀ ਲਿਆਉਣੀ ਚਾਹੀਦੀ ਹੈ। ਨਸ਼ਿਆਂ ਦੀ ਤਸਕਰੀ ਅਤੇ ਵੰਡ ਖ਼ਿਲਾਫ਼ ਕਾਨੂੰਨਾਂ ਦੀ ਸਖ਼ਤੀ ਨਾਲ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਦੋਸ਼ੀਆਂ ਖ਼ਿਲਾਫ਼ ਤੇਜ਼ੀ ਨਾਲ ਨਿਆਂਇਕ ਕਾਰਵਾਈ ਕੀਤੀ ਜਾਣੀ ਚਾਹੀਦੀ ਹੈ।

3. ਨਸ਼ਾ ਛੁਡਾਊ ਅਤੇ ਮੁੜ ਵਸੇਬਾ ਕੇਂਦਰਾਂ ਦਾ ਵਿਸਤਾਰ ਅਤੇ ਸੁਧਾਰ ਕੀਤਾ ਜਾਵੇ ਤੇ ਇਨ੍ਹਾਂ ਤੱਕ ਪੀੜਤਾਂ ਦੀ ਪਹੁੰਚ ਅਤੇ ਲੋੜੀਂਦਾ ਸਟਾਫ਼ ਮੁਹੱਈਆ ਕਰਵਾਇਆ ਜਾਵੇ। ਸਬੂਤ ਅਧਾਰਿਤ ਇਲਾਜ ਵਿਧੀਆਂ ਨੂੰ ਲਾਗੂ ਕੀਤਾ ਜਾਵੇ ਅਤੇ ਨਸ਼ਿਆਂ ਦੀ ਲ਼ਤ ਤੋਂ ਉਭਰਨ ਵਾਲੇ ਵਿਅਕਤੀਆਂ ਨੂੰ ਮਨੋਵਿਗਿਆਨਕ ਅਤੇ ਸਮਾਜਿਕ ਸਹਾਇਤਾ ਮੁਹੱਈਆ ਕਰਵਾਈ ਜਾਵੇ।

4. ਸਕੂਲਾਂ, ਕਾਲਜਾਂ ਅਤੇ ਭਾਈਚਾਰਿਆਂ ਅੰਦਰ ਬੱਝਵੇਂ ਅਤੇ ਟੀਚਾਬੱਧ ਢੰਗ ਨਾਲ ਨਸ਼ਿਆਂ ਦੀ ਲ਼ਤ ਦੇ ਖ਼ਤਰਿਆਂ ਬਾਰੇ ਜਾਗਰੂਕਤਾ ਮੁਹਿੰਮ ਚਲਾਈ ਜਾਵੇ ਅਤੇ ਮਦਦ ਮੰਗਣ ਦੇ ਮਹੱਤਵ ਨੂੰ ਉਜਾਗਰ ਕੀਤਾ ਜਾਵੇ।

5. ਰੁਜ਼ਗਾਰ ਦੇ ਅਵਸਰ ਪੈਦਾ ਕਰ ਕੇ ਅਤੇ ਹੁਨਰ ਵਿਕਾਸ ਦੇ ਪ੍ਰੋਗਰਾਮ ਚਲਾ ਕੇ ਬੇਰੁਜ਼ਗਾਰੀ ਅਤੇ ਘੱਟ ਰੁਜ਼ਗਾਰ ਦੀ ਸਮੱਸਿਆ ਨਾਲ ਸਿੱਝਿਆ ਜਾਵੇ। ਨਸ਼ਿਆਂ ਦੀ ਲ਼ਤ ਵਿੱਚ ਸਹਾਈ ਹੋਣ ਵਾਲੇ ਸਮਾਜਿਕ-ਆਰਥਿਕ ਕਾਰਕਾਂ ਨੂੰ ਘਟਾਉਣ ਲਈ ਸਮਾਜਿਕ ਇਮਦਾਦੀ ਪ੍ਰਣਾਲੀਆਂ ਨੂੰ ਮਜ਼ਬੂਤ ਕੀਤਾ ਜਾਵੇ।

6. ਮੁਕਾਮੀ ਪਹਿਲਕਦਮੀਆਂ ਅਤੇ ਸਹਾਇਤਾ ਗਰੁੱਪਾਂ ਜ਼ਰੀਏ ਨਸ਼ਿਆਂ ਦੀ ਲ਼ਤ ਨਾਲ ਸਿੱਝਣ ਲਈ ਮੁਕਾਮੀ ਲੋਕਾਂ ਦੀ ਭਾਗੀਦਾਰੀ ਨੂੰ ਹੱਲਾਸ਼ੇਰੀ ਦਿੱਤੀ ਜਾਵੇ। ਨੀਤੀਗਤ ਤਬਦੀਲੀਆਂ ਲਈ ਨਾਗਰਿਕ ਸਮਾਜ ਦੀਆਂ ਜਥੇਬੰਦੀਆਂ ਨੂੰ ਲਾਮਬੰਦ ਕੀਤਾ ਜਾਵੇ ਅਤੇ ਪ੍ਰਭਾਵਿਤ ਪਰਿਵਾਰਾਂ ਨੂੰ ਮਦਦ ਪਹੁੰਚਾਈ ਜਾਵੇ।

7. ਸਰਹੱਦ ਪਾਰੋਂ ਹੁੰਦੀ ਨਸ਼ਿਆਂ ਦੀ ਤਸਕਰੀ ਦੀ ਰੋਕਥਾਮ ਲਈ ਗੁਆਂਢੀ ਦੇਸ਼ਾਂ ਨਾਲ ਤਾਲਮੇਲ ਕੀਤਾ ਜਾਵੇ। ਨਸ਼ਿਆਂ ਦੀ ਸਪਲਾਈ ਦੀ ਰੋਕਥਾਮ ਲਈ ਸਰਹੱਦੀ ਸੁਰੱਖਿਆ ਅਤੇ ਖ਼ੁਫ਼ੀਆ ਜਾਣਕਾਰੀਆਂ ਦਾ ਇੱਕ ਦੂਜੇ ਨਾਲ ਤਬਾਦਲਾ ਕੀਤਾ ਜਾਵੇ।

8. ਅੰਤਰਰਾਜੀ ਸਹਿਯੋਗ ਯਕੀਨੀ ਬਣਾਇਆ ਜਾਵੇ ਜਿਸ ਨਾਲ ਬਾ-ਮੌਕਾ ਸੂਚਨਾ ਅਤੇ ਅੰਕੜੇ ਸਾਂਝੇ ਕਰ ਕੇ ਕਾਰਗਰ ਦਖ਼ਲਅੰਦਾਜ਼ੀ ਕੀਤੀ ਜਾਵੇ।

ਇੱਕ ਵਿਆਪਕ ਅਤੇ ਬੱਝਵੀਂ ਪਹੁੰਚ ਨਾਲ ਨਸ਼ਿਆਂ ਦੀ ਸਮੱਸਿਆ ਨੂੰ ਮੁਖ਼ਾਤਿਬ ਹੋ ਕੇ ਪੰਜਾਬ ਨਸ਼ਿਆਂ ਦੀ ਲ਼ਤ ਅਤੇ ਇਸ ਨਾਲ ਜੁੜੀਆਂ ਸਮਾਜਿਕ ਆਰਥਿਕ ਲਾਗਤਾਂ ਨੂੰ ਘਟਾਉਣ ਵਿੱਚ ਅਹਿਮ ਪੇਸ਼ਕਦਮੀ ਕਰ ਸਕਦਾ ਹੈ। ਹਾਲਾਤ ਵਿੱਚ ਬੁਨਿਆਦੀ ਮੋੜਾ ਲਿਆਉਣ ਲਈ ਦ੍ਰਿੜ੍ਹਤਾ, ਖ਼ਲੂਸ ਅਤੇ ਤਨਦੇਹੀ ਨਾਲ ਨਸ਼ਿਆਂ ਖ਼ਿਲਾਫ਼ ਲੜਾਈ ਲੜਨੀ ਪਵੇਗੀ।

# ਨਵੇਂ ਬਜਟ ਦੇ ਮਜ਼ਬੂਤ ਆਧਾਰ

ਡਾ. ਜੈਅੰਤੀ ਲਾਲ ਭੰਡਾਰੀ

ਪਿਛਲੇ ਦਿਨੀਂ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਸੰਸਦ ਦੇ ਸਾਂਝੇ ਇਜਲਾਸ ਨੂੰ ਸੰਬੋਧਨ ਕਰਦੇ ਹੋਏ ਕਿਹਾ ਕਿ ਐਨਡੀਏ ਸਰਕਾਰ ਦੇ ਤੀਜੇ ਕਾਰਜਕਾਲ ਵਿਚ ਵਿੱਤੀ ਸਾਲ 2024-25 ਦਾ ਬਜਟ ਇਤਿਹਾਸਕ ਹੋਵੇਗਾ। ਇਸ ਵਿਚ ਆਰਥਿਕ ਤੇ ਸਮਾਜਿਕ ਮੁਹਾਜ਼ 'ਤੇ ਵੱਡੇ ਐਲਾਨ ਕੀਤੇ ਜਾਣਗੇ। ਇਸ ਬਜਟ ਨਾਲ ਸਰਕਾਰ ਸੁਧਾਰਾਂ ਦੀ ਪ੍ਰਕਿਰਿਆ ਨੂੰ ਹੋਰ ਤੇਜ਼ ਕਰੇਗੀ।

ਇਹ ਨਵੀਂ ਸਰਕਾਰ ਦੀਆਂ ਨੀਤੀਆਂ ਅਤੇ ਭਵਿੱਖ ਦੇ ਨਜ਼ਰੀਏ ਦੇ ਲਿਹਾਜ਼ ਨਾਲ ਬਹੁਤ ਹੀ ਅਸਰਦਾਰ ਦਸਤਾਵੇਜ਼ ਹੋਵੇਗਾ। ਇਸ ਦੇ ਲਈ ਦੇਸ਼ ਦੇ ਕਈ ਖੇਤਰਾਂ ਵਿਚ ਮਜ਼ਬੂਤ ਆਧਾਰ ਤਿਆਰ ਹੋ ਗਏ ਹਨ ਜਿਵੇਂ ਕਿ ਬੀਤੇ ਵਿਚ ਕੀਤੇ ਗਏ ਵੱਖ-ਵੱਖ ਸੁਧਾਰਾਂ ਨਾਲ ਭਾਰਤੀ ਬੈਂਕਿੰਗ ਜਗਤ ਵਿਸ਼ਵ ਦੇ ਸਭ ਤੋਂ ਮਜ਼ਬੂਤ ਬੈਂਕਿੰਗ ਖੇਤਰਾਂ ਵਿਚ ਸ਼ੁਮਾਰ ਹੋ ਗਿਆ ਹੈ। ਸਰਕਾਰ ਨੇ ਜਨਤਕ ਹਿੱਸੇਦਾਰੀ ਵਾਲੇ ਬੈਂਕਾਂ ਨੂੰ ਮਜ਼ਬੂਤ ਕੀਤਾ ਅਤੇ ਉਨ੍ਹਾਂ ਦੇ ਐੱਨਪੀਏ ਨੂੰ ਘੱਟ ਕੀਤਾ।

ਗ਼ਰੀਬਾਂ, ਨੌਜਵਾਨਾਂ, ਮਹਿਲਾਵਾਂ ਅਤੇ ਕਿਸਾਨਾਂ ਦੀ ਭਲਾਈ ਲਈ ਕਦਮ ਚੁੱਕੇ ਗਏ ਜਿਸ ਸਦਕਾ ਇਨ੍ਹਾਂ ਵਰਗਾਂ ਦਾ ਤੇਜ਼ੀ ਨਾਲ ਉੱਥਾਨ ਹੋ ਰਿਹਾ ਹੈ। ਜੀਐੱਸਟੀ ਸੰਗ੍ਰਹਿ ਔਸਤਨ ਦੋ ਲੱਖ ਕਰੋੜ ਰੁਪਏ ਮਾਸਿਕ ਹੋ ਗਿਆ ਹੈ। ਭਾਰਤ ਨੇ 2021 ਤੋਂ 2024 ਵਿਚਾਲੇ ਅੱਠ ਪ੍ਰਤੀਸ਼ਤ ਸਾਲਾਨਾ ਦੀ ਦਰ ਨਾਲ ਵਾਧਾ ਹਾਸਲ ਕੀਤਾ ਹੈ।

ਇਹ ਦਰ ਹੁਣ ਹੋਰ ਤੇਜ਼ ਹੋਣ ਦੀ ਉਮੀਦ ਹੈ। ਅਜਿਹੇ ਵਿਚ ਸਰਕਾਰ ਨੂੰ ਲਟਕੇ ਹੋਏ ਵਿੱਤੀ ਤੇ ਕਿਰਤ ਸੁਧਾਰਾਂ ਨੂੰ ਆਗਾਮੀ ਬਜਟ ਵਿਚ ਅੱਗੇ ਵਧਾਉਣ 'ਤੇ ਧਿਆਨ ਕੇਂਦਰਿਤ ਕਰਨਾ ਚਾਹੀਦਾ ਹੈ। ਨਾਲ ਹੀ ਦਿਹਾਤੀ ਅਰਥਚਾਰੇ ਨੂੰ ਮਜ਼ਬੂਤ ਬਣਾਉਣ, ਉਦਯੋਗ ਜਗਤ ਦੀ ਲਾਜਿਸਟਿਕਸ ਲਾਗਤ ਘਟਾਉਣ, ਆਲਮੀ ਬਾਜ਼ਾਰ ਵਿਚ ਭਾਰਤੀ ਅਨਾਜਾਂ ਦੀ ਮੰਗ ਵਧਾਉਣ, ਕਿਸਾਨਾਂ ਦੀ ਆਮਦਨ ਵਧਾਉਣ ਅਤੇ ਰੁਜ਼ਗਾਰ ਸਿਰਜਣਾ ਕਰਨ ਵਾਲੇ ਮੈਨੂਫੈਕਚਰਿੰਗ ਸੈਕਟਰ ਦੇ ਵਿਕਾਸ 'ਤੇ ਧਿਆਨ ਟਿਕਾਉਣਾ ਚਾਹੀਦਾ ਹੈ।

ਕਾਬਿਲੇਗ਼ੌਰ ਹੈ ਕਿ ਬੀਤੀ ਇਕ ਫਰਵਰੀ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਦੁਆਰਾ ਪੇਸ਼ ਕੀਤਾ ਗਿਆ ਅੰਤਰਿਮ ਬਜਟ ਇਕ ਲੇਖਾ ਗ੍ਰਾਂਟ ਦੀ ਤਰ੍ਹਾਂ ਸੀ। ਇਸ ਦਾ ਮਕਸਦ ਨਵੀਂ ਸਰਕਾਰ ਬਣਾਉਣ ਤੱਕ ਦੀਆਂ ਖ਼ਰਚ ਲੋੜਾਂ ਨੂੰ ਪੂਰਾ ਕਰਨਾ ਸੀ। ਅੰਤਰਿਮ ਬਜਟ ਵਿਚ ਵਿੱਤ ਮੰਤਰੀ ਨੇ ਲੋਕ ਲੁਭਾਊ ਯੋਜਨਾਵਾਂ ਤੇ ਰਿਆਇਤਾਂ ਦੇ ਰੂਪ ਵਿਚ ਕੋਈ ਤੋਹਫ਼ੇ ਨਹੀਂ ਦਿੱਤੇ ਬਲਕਿ ਗ਼ਰੀਬਾਂ, ਕਿਸਾਨਾਂ, ਮਹਿਲਾਵਾਂ, ਨੌਜਵਾਨਾਂ, ਦਿਹਾਤੀ ਵਿਕਾਸ ਅਤੇ ਬੁਨਿਆਦੀ ਢਾਂਚਾ ਖੇਤਰ ਲਈ ਅਹਿਮ ਕਦਮ ਚੁੱਕੇ ਸਨ। ਇਸ ਨੇ ਸੰਪੂਰਨ ਬਜਟ ਲਈ ਇਕ ਮਜ਼ਬੂਤ ਆਰਥਿਕ ਤੇ ਵਿੱਤੀ ਆਧਾਰ ਤਿਆਰ ਕਰਨ ਦਾ ਕੰਮ ਕੀਤਾ ਹੈ।

ਦੇਖਿਆ ਜਾਵੇ ਤਾਂ ਦੇਸ਼ ਵਿਚ ਬੀਤੇ 10 ਸਾਲਾਂ ਵਿਚ ਆਮਦਨ ਕਰ ਰਿਟਰਨ ਭਰਨ ਵਾਲੇ ਟੈਕਸ ਦਾਤਿਆਂ ਦੀ ਗਿਣਤੀ ਤੇ ਆਮਦਨ ਕਰ ਦੀ ਪ੍ਰਾਪਤੀ 'ਚ ਤੇਜ਼ ਵਾਧਾ ਹੋਇਆ ਹੈ। ਜਿੱਥੇ ਬੀਤੇ 10 ਸਾਲਾਂ ਵਿਚ ਆਮਦਨ ਕਰ ਰਿਟਰਨ ਭਰਨ ਵਾਲੇ ਦੁੱਗਣੇ ਤੋਂ ਵੀ ਜ਼ਿਆਦਾ ਹੋਏ ਹਨ, ਓਥੇ ਹੀ ਆਮਦਨ ਦੀ ਅਸਮਾਨਤਾ ਵਿਚ ਵੀ ਕਮੀ ਆਈ ਹੈ।






# ਵਜ਼ਨ ਘਟਾਉਣ ਵਾਲੀਆਂ ਦਵਾਈਆਂ ਕਾਰਨ ਅੱਖਾਂ ਦੀ ਰੌਸ਼ਨੀ 'ਤੇ ਪੈ ਸਕਦੈ ਅਸਰ



ਮੋਟਾਪਾ ਵੱਡਾ ਮਸਲਾ ਬਣਦਾ ਜਾ ਰਿਹਾ ਹੈ। ਵਜ਼ਨ ਘੱਟ ਕਰਨ ਲਈ ਲੋਕ ਕੀ-ਕੀ ਯਤਨ ਨਹੀਂ ਕਰਦੇ। ਸਵੇਰੇ ਉੱਠ ਕੇ ਟਹਿਲਣ ਤੋਂ ਲੈ ਕੇ ਦੌੜਾਂ ਵੀ ਲਗਾਉਂਦੇ ਹਨ। ਇਹੀ ਨਹੀਂ, ਲੋਕ ਜਿਮਨੇਜ਼ੀਅਮ ਵਿਚ ਵੀ ਪਸੀਨਾ ਵਹਾਉਂਦੇ ਹਨ, ਫਿਰ ਵੀ ਜੇਕਰ ਲਾਭ ਨਾ ਹੋਵੇ ਤਾਂ ਦਵਾਈ ਲੈਣ ਤੋਂ ਪਿੱਛੇ ਨਹੀਂ ਹਟਦੇ। ਹਾਲਾਂਕਿ ਦਵਾਈ ਲੈਣਾ ਵੀ ਖ਼ਤਰਨਾਕ ਸਾਬਤ ਹੋ ਸਕਦਾ ਹੈ। ਇਕ ਖੋਜ ਵਿਚ ਸਾਹਮਣੇ ਆਇਆ ਹੈ ਕਿ ਮੋਟਾਪੇ ਦੀ ਦਵਾਈ ਦਾ ਅੱਖਾਂ ਦੀ ਰੌਸ਼ਨੀ 'ਤੇ ਅਸਰ ਪੈ ਸਕਦਾ ਹੈ। ਅਮਰੀਕਾ ਦੇ ਮੈਸਾਚੁਸੇਟਸ ਆਈ ਐਂਡ ਈਅਰ ਹਸਪਤਾਲ ਦੇ ਖੋਜੀਆਂ ਦੀ ਅਗਵਾਈ ਵਿਚ ਟੀਮ ਨੇ ਨਤੀਜਾ ਕੱਢਿਆ ਹੈ ਕਿ ਮੋਟਾਪੇ ਤੋਂ ਗ੍ਰਸਤ ਜਿਨ੍ਹਾਂ ਮਰੀਜ਼ਾਂ ਨੇ ਵਜ਼ਨ ਘਟਾਉਣ ਦੀਆਂ ਦਵਾਈਆਂ ਲਈਆਂ ਸਨ, ਉਨ੍ਹਾਂ ਵਿਚ ਨਾਨ-ਆਰਟੇਰਿਟਿਕ ਐਂਟੀਰੀਅਰ ਆਪਟਿਕ ਨਿਊਰੋਪੈਥੀ ਹੋਣ ਦਾ ਖ਼ਦਸ਼ਾ ਸੱਤ ਗੁਣਾ ਵੱਧ ਗਿਆ ਸੀ। ਇਸ ਕਾਰਨ ਅਚਾਨਕ ਅੱਖਾਂ ਦੀ ਰੌਸ਼ਨੀ ਜਾ ਸਕਦੀ ਹੁੰਦੀ ਹੈ। ਉਨ੍ਹਾਂ ਦੱਸਿਆ ਕਿ ਸ਼ੂਗਰ ਦੇ ਮਰੀਜ਼ ਜੋ ਕਿ ਸੈਮਾਗਲੂਟਾਈਡ ਵਾਲੀਆਂ ਦਵਾਈਆਂ ਲੈ ਰਹੇ ਹਨ, ਉਨ੍ਹਾਂ ਵਿਚ ਨਾਨ-ਆਰਟੇਰਿਟਿਕ ਐਂਟੀਰੀਅਰ ਆਪਟਿਕ ਨਿਊਰੋਪੈਥੀ ਹੋਣ ਦੀ ਸੰਭਾਵਨਾ ਚਾਰ ਗੁਣਾ ਵੱਧ ਗਈ ਸੀ। ਇਹ ਨਤੀਜਾ 'ਦਿ ਜਨਰਲ ਆਫ਼ ਅਮੈਰਿਕਨ ਮੈਡੀਕਲ ਐਸੋਸੀਏਸ਼ਨ ਆਪਥਲਮੋਲੋਜੀ' ਵਿਚ ਪ੍ਰਕਾਸ਼ਤ ਹੋਇਆ ਹੈ। ਮੈਸਾਚੁਸੇਟਸ ਆਈ ਐਂਡ ਈਅਰ ਵਿਚ ਨਿਊਰੋ-ਅੱਖਾਂ ਵਿਗਿਆਨ ਸੇਵਾ ਦੇ ਡਾਇਰੈਕਟਰ ਜੋਸਫ ਰਿਜ਼ੋ ਨੇ ਦੱਸਿਆ ਕਿ ਇਹ ਜਾਣਕਾਰੀ ਸਾਡੇ ਕੋਲ ਤਾਂ ਪਹਿਲਾਂ ਤੋਂ ਮੌਜੂਦ ਸੀ। ਇਸ ਨੂੰ ਰੋਗੀਆਂ ਤੇ ਡਾਕਟਰਾਂ ਦਰਮਿਆਨ ਚਰਚਾ ਵਿਚ ਸ਼ਾਮਲ ਕੀਤਾ ਜਾਣਾ ਚਾਹੀਦਾ ਹੈ। ਖ਼ਾਸਕਰ ਜੇ ਮਰੀਜ਼ਾਂ ਨੂੰ ਗਲੂਕੋਮਾ ਵਰਗੀਆਂ ਆਪਟਿਕ ਨਰਵ ਸਬੰਧੀ ਸਮੱਸਿਆ ਹੈ ਜਾਂ ਹੋਰਨਾਂ ਕਾਰਨਾਂ ਕਰ ਕੇ ਪਹਿਲਾਂ ਤੋਂ ਹੀ ਰੌਸ਼ਨੀ ਪ੍ਰਭਾਵਤ ਹੋਈ ਹੈ। ਹਾਲਾਂਕਿ ਰਿਜ਼ੋ ਨੇ ਜ਼ੋਰ ਦੇ ਕੇ ਕਿਹਾ ਕਿ ਇਹ ਜੋਖਮ ਮੁਕਾਬਲਤਨ ਵਿਕਾਰ ਨਾਲ ਸਬੰਧਤ ਹੈ ਤੇ ਅਗਲੇ ਅਧਿਐਨ ਦੀ ਜ਼ਰੂਰਤ ਦਰਪੇਸ਼ ਹੈ। ਦਰਅਸਲ, ਖੋਜੀਆਂ ਨੂੰ ਇਹ ਨਹੀਂ ਪਤਾ ਲੱਗਾ ਕਿ ਵਜ਼ਨ ਘਟਾਉਣ ਦੀ ਦਵਾਈ ਦੇ ਅਸਰ ਦਾ ਸਬੰਧ ਆਖ਼ਰ ਅੱਖਾਂ ਦੀ ਰੌਸ਼ਨੀ ਨਾਲ ਕਿਵੇਂ ਜੁੜ ਜਾਂਦਾ ਹੈ।

# ਲਾਪਰਵਾਹੀਆਂ ਕਾਰਨ ਵਧ ਜਾਂਦਾ ਹੈ ਟਾਈਪ ਟੂ ਡਾਇਬਿਟੀਜ਼ ਦਾ ਖ਼ਤਰਾ

ਮੌਜੂਦਾ ਮਾਹੌਲ 'ਚ ਡਾਇਬਿਟੀਜ਼ ਦੇ ਮਰੀਜ਼ ਲਗਾਤਾਰ ਵਧ ਰਹੇ ਹਨ। ਵਧਦੀ ਉਮਰ ਦੇ ਨਾਲ ਲੋਕਾਂ ਨੂੰ ਟਾਈਪ 2 ਡਾਇਬਟੀਜ਼ ਹੋ ਰਹੀ ਹੈ। ਅਨਿਯਮਿਤ ਰੁਟੀਨ ਕਾਰਨ ਮੁਕਾਬਲਤਨ ਛੋਟੀ ਉਮਰ 'ਚ ਸ਼ੂਗਰ ਦੇ ਲੱਛਣ ਦੇਖੇ ਜਾ ਰਹੇ ਹਨ। ਇਸ ਲਈ 30 ਤੋਂ 35 ਸਾਲ ਦੀ ਉਮਰ ਤਕ ਨਿਯਮਿਤ ਤੌਰ 'ਤੇ ਸ਼ੂਗਰ ਦੀ ਜਾਂਚ ਕਰਵਾਉਣੀ ਜ਼ਰੂਰੀ ਹੈ। 40 ਸਾਲ ਦੀ ਉਮਰ ਤੋਂ ਬਾਅਦ ਜ਼ਿਆਦਾ ਸਾਵਧਾਨ ਰਹੋ। ਛੇ ਮਹੀਨਿਆਂ ਦੇ ਅੰਤਰਾਲ 'ਤੇ ਆਪਣੇ ਸ਼ੂਗਰ ਲੈਵਲ ਦੀ ਜਾਂਚ ਕਰਵਾਉਂਦੇ ਰਹੋ।



ਇਹ ਦੇਖਿਆ ਗਿਆ ਹੈ ਕਿ ਆਮ ਤੌਰ 'ਤੇ ਡਾਇਬਿਟੀਜ਼ 2 ਡਾਇਬਟੀਜ਼ ਦੇ ਪੀੜਤ ਨੂੰ ਜਾਂਚ ਦੀ ਘਾਟ ਕਾਰਨ ਸਮਾਂ ਰਹਿੰਦੇ ਪਤਾ ਨਹੀਂ ਲੱਗ ਜਾਂਦਾ। ਇਹ ਬਿਮਾਰੀ ਪੀੜਤ ਵਿਅਕਤੀ ਦੀ ਸਿਹਤ ਨੂੰ ਅੰਦਰੋਂ ਹੀ ਵਿਗਾੜਦੀ ਰਹਿੰਦੀ ਹੈ। ਡਾਇਬਟੀਜ਼ ਨਾਲ ਦਿਲ, ਗੁਰਦਿਆਂ ਤੋਂ ਲੈ ਕੇ ਦਿਮਾਗ ਤਕ ਸਮੱਸਿਆਵਾਂ ਪੈਦਾ ਕਰ ਸਕਦੀ ਹੈ। ਜੇਕਰ ਡਾਇਬਿਟੀਜ਼ ਦਾ ਸਮੇਂ ਸਿਰ ਪਤਾ ਲਗਾ ਲਿਆ ਜਾਵੇ ਤਾਂ ਇਸਦੀ ਰੋਕਥਾਮ ਸੰਭਵ ਹੈ।

ਡਾਇਬਿਟੀਜ਼ ਕਾਰਨ ਹੋ ਸਕਦੀਆਂ ਹਨ ਇਹ ਸਮੱਸਿਆਵਾਂ
ਅਧਰੰਗ
ਕਿਡਨੀ ਖਰਾਬ ਹੋਣਾ
ਅੱਖਾਂ ਦੇ ਪਰਦੇ ਖਰਾਬ ਹੋਣਾ
ਪੈਰਾਂ 'ਚ ਗੈਂਗਰੀਨ ਦੀ ਸਮੱਸਿਆ
ਕਿਉਂ ਹੁੰਦੀ ਹੈ ਡਾਇਬਿਟੀਜ਼?
ਖਰਾਬ ਖਾਣ-ਪੀਣ
ਬਹੁਤ ਜ਼ਿਆਦਾ ਸ਼ਰਾਬ ਪੀਣੀ
ਬਹੁਤ ਜ਼ਿਆਦਾ ਮਠਿਆਈ ਖਾਣੀ
ਜ਼ਿਆਦਾ ਮਾਤਰਾ 'ਚ ਲੂਣ ਦੀ ਵਰਤੋਂ
ਨਿਯਮਤ ਤੌਰ 'ਤੇ ਕਸਰਤ ਨਾ ਕਰਨਾ
ਇੰਝ ਕਰੋ ਬਚਾਓ
ਪੌਸ਼ਟਿਕ ਖ਼ੁਰਾਕ ਲਓ
ਮਿੱਠੀਆਂ ਚੀਜ਼ਾਂ ਦਾ ਸੇਵਨ ਘਟਾਓ
ਨਿਯਮਿਤ ਤੌਰ 'ਤੇ ਕਸਰਤ ਕਰੋ।

# ਲਗਾਤਾਰ ਸਿਰਦਰਦ ਹੋ ਰਿਹਾ ਹੈ ਤਾਂ ਹੋ ਜਾਓ ਸਾਵਧਾਨ

ਬ੍ਰੇਨ ਟਿਊਮਰ ਇਕ ਗੰਭੀਰ ਸਿਹਤ ਸਮੱਸਿਆ ਹੈ ਜੋ ਕਿਸੇ ਵੀ ਉਮਰ ਦੇ ਲੋਕਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ। ਦੁਨੀਆ 'ਚ ਬ੍ਰੇਨ ਟਿਊਮਰ ਦੇ ਮਾਮਲੇ ਬਹੁਤ ਤੇਜ਼ੀ ਨਾਲ ਵਧ ਰਹੇ ਹਨ। ਜੇਕਰ ਸਮੇਂ ਸਿਰ ਇਸ ਦੀ ਪਛਾਣ ਨਾ ਕੀਤੀ ਗਈ ਤਾਂ ਇਹ ਗੰਭੀਰ ਰੂਪ ਧਾਰਨ ਕਰ ਸਕਦੀ ਹੈ। ਅਜਿਹਾ ਦਿਮਾਗ 'ਚ ਸੈੱਲਾਂ ਦੇ ਬੇਕਾਬੂ ਵਾਧੇ ਕਾਰਨ ਹੁੰਦਾ ਹੈ। ਬ੍ਰੇਨ ਟਿਊਮਰ ਦੇ ਲੱਛਣਾਂ ਦੇ ਨਾਲ-ਨਾਲ ਇਸ ਦੇ ਕਾਰਨਾਂ ਬਾਰੇ ਜਾਣਨਾ ਬਹੁਤ ਜ਼ਰੂਰੀ ਹੈ ਤਾਂ ਹੀ ਤੁਸੀਂ ਇਸ ਗੰਭੀਰ ਬਿਮਾਰੀ ਤੋਂ ਬਚਾਅ ਕਰ ਸਕੋਗੇ।

### ਕੀ ਹੈ ਬ੍ਰੇਨ ਟਿਊਮਰ?

ਬ੍ਰੇਨ ਟਿਊਮਰ ਦਿਮਾਗ ਦੇ ਸੈੱਲਾਂ ਦਾ ਬੇਕਾਬੂ ਸਮੂਹ ਹੁੰਦਾ ਹੈ ਜੋ ਵਧਦਾ ਰਹਿੰਦਾ ਹੈ। ਇਨ੍ਹਾਂ ਟਿਊਮਰ ਦੀਆਂ ਦੋ ਕਿਸਮਾਂ ਹਨ। ਪਹਿਲਾ ਹੈ ਬੇਨਿਗ, ਜਿਸ ਵਿਚ ਬ੍ਰੇਨ ਟਿਊਮਰ ਬਹੁਤ ਹੌਲੀ ਹੌਲੀ ਫ਼ਤਾਰ ਨਾਲ ਵਧਦਾ ਹੈ ਤੇ ਖਤਰਨਾਕ ਨਹੀਂ ਹੁੰਦਾ। ਦੂਜਾ ਮੈਲੀਗਨੈਂਟ, ਇਸ ਵਿਚ ਟਿਊਮਰ ਬਹੁਤ ਤੇਜ਼ੀ ਨਾਲ ਵਧਦਾ ਹੈ ਤੇ ਦਿਮਾਗ ਦੇ ਕਈ ਹਿੱਸਿਆਂ 'ਚ ਫੈਲ ਜਾਂਦਾ ਹੈ। ਇਹ ਟਿਊਮਰ ਖਤਰਨਾਕ ਤੇ ਜਾਨਲੇਵਾ ਹੁੰਦਾ ਹੈ।

### ਬ੍ਰੇਨ ਟਿਊਮਰ ਦੇ ਲੱਛਣ

ਉਲਟੀਆਂ, ਸਿਰਦਰਦ, ਸੁਣਨ ਜਾਂ ਦੇਖਣ 'ਚ ਬਦਲਾਅ, ਸਰੀਰਕ ਸੰਤੁਲਨ ਦਾ ਨੁਕਸਾਨ ਬ੍ਰੇਨ ਟਿਊਮਰ ਦੇ ਲੱਛਣ ਹਨ। ਇਸ ਤੋਂ ਇਲਾਵਾ ਯਾਦਦਾਸ਼ਤ ਦਾ ਕਮਜ਼ੋਰ ਹੋਣਾ ਤੇ ਸੋਚਣ ਦੀ ਸਮਰੱਥਾ 'ਤੇ ਅਸਰ ਹੋਣਾ ਵੀ ਇਸ ਦੇ ਲੱਛਣਾਂ 'ਚ ਸ਼ਾਮਲ ਹੈ।

### ਬ੍ਰੇਨ ਟਿਊਮਰ ਦੇ ਕਾਰਨ

### ਜੈਨੇਟਿਕਸ

ਕੁਝ ਮਾਮਲਿਆਂ 'ਚ ਬ੍ਰੇਨ ਟਿਊਮਰ ਜੈਨੇਟਿਕ ਹੋ ਸਕਦਾ ਹੈ। ਜੇਕਰ ਪਰਿਵਾਰ ਜਾਂ ਮਾਤਾ-ਪਿਤਾ ਦਾ ਕੋਈ ਵਿਅਕਤੀ ਪਹਿਲਾਂ ਹੀ ਬ੍ਰੇਨ ਟਿਊਮਰ ਤੋਂ ਪੀੜਤ ਹੈ ਤਾਂ ਆਉਣ ਵਾਲੀ ਪੀੜ੍ਹੀ 'ਚ ਵੀ ਇਸ ਬਿਮਾਰੀ ਦੇ ਹੋਣ ਦੀ ਸੰਭਾਵਨਾ ਵਧ ਜਾਂਦੀ ਹੈ।

### ਰੇਡੀਏਸ਼ਨ ਤੇ ਵਾਤਾਵਰਨ

ਡਾਕਟਰ ਸ਼ਿਲਪੀ ਮੋਦੀ, ਸੀਨੀਅਰ ਸਲਾਹਕਾਰ, ਹਿਸਟੋਪੈਥੋਲੋਜੀ, ਆਨਕੋਸਟ ਲੈਬਾਰਟਰੀਜ਼ ਲਿਮਟਿਡ, ਦਾ ਕਹਿਣਾ ਹੈ, 'ਰੇਡੀਏਸ਼ਨ ਥੈਰੇਪੀ ਜਾਂ ਹੋਰ ਸਰੋਤਾਂ ਤੋਂ ਰੇਡੀਏਸ਼ਨ ਦੀ ਜ਼ਿਆਦਾ ਮਾਤਰਾ ਦੇ ਸੰਪਰਕ 'ਚ ਆਉਣ ਨਾਲ ਬ੍ਰੇਨ ਟਿਊਮਰ ਦਾ ਖ਼ਤਰਾ ਵਧ ਸਕਦਾ ਹੈ। ਇਸ ਤੋਂ ਇਲਾਵਾ ਕੁਝ ਜ਼ਹਿਰੀਲੇ ਪਦਾਰਥਾਂ ਦੇ ਸੰਪਰਕ 'ਚ ਆਉਣ ਨਾਲ ਬ੍ਰੇਨ ਟਿਊਮਰ ਦਾ ਖ਼ਤਰਾ ਵਧ ਸਕਦਾ ਹੈ। ਉਦਾਹਰਨ ਲਈ ਰਸਾਇਣਕ ਫੈਕਟਰੀਆਂ 'ਚ ਕੰਮ ਕਰਨ ਵਾਲੇ ਲੋਕਾਂ 'ਚ ਬ੍ਰੇਨ ਟਿਊਮਰ ਦਾ ਖ਼ਤਰਾ ਜ਼ਿਆਦਾ ਹੁੰਦਾ ਹੈ।

### ਕਿਸ ਉਮਰ 'ਚ ਹੋ ਸਕਦਾ ਹੈ?

ਬ੍ਰੇਨ ਟਿਊਮਰ ਕਿਸੇ ਵੀ ਉਮਰ 'ਚ ਹੋ ਸਕਦਾ ਹੈ ਪਰ ਇਹ ਆਮ ਤੌਰ 'ਤੇ ਬੱਚਿਆਂ ਤੇ ਬਜ਼ੁਰਗਾਂ 'ਚ ਦੇਖਿਆ ਜਾਂਦਾ ਹੈ। ਕੁਝ ਕਿਸਮ ਦੇ ਬ੍ਰੇਨ ਟਿਊਮਰ ਮਰਦਾਂ ਨਾਲੋਂ ਔਰਤਾਂ 'ਚ ਵਧੇਰੇ ਆਮ ਹਨ, ਜਿਵੇਂ ਕਿ ਮੇਨਿੰਜੀਓਮਾ।

### ਬ੍ਰੇਨ ਟਿਊਮਰ ਦੀ ਰੋਕਥਾਮ ਲਈ ਕੀ ਕਰੀਏ?

### ਸਿਹਤਮੰਦ ਤੇ ਸੰਤੁਲਿਤ ਡਾਈਟ ਲਓ

ਸਿਹਤਮੰਦ ਤੇ ਸੰਤੁਲਿਤ ਡਾਈਟ ਲੈਣ ਨਾਲ ਸਰੀਰ ਦੀ ਪ੍ਰਤੀਰੋਧਕ ਸਮਰੱਥਾ ਮਜ਼ਬੂਤ ਹੁੰਦੀ ਹੈ ਜਿਸ ਨਾਲ ਕੈਂਸਰ ਦੇ ਖਤਰੇ ਨੂੰ ਕਾਫੀ ਹੱਦ ਤਕ ਘਟਾਇਆ ਜਾ ਸਕਦਾ ਹੈ। ਬ੍ਰੇਨ ਟਿਊਮਰ ਤੋਂ ਬਚਣ ਲਈ ਹਰੀਆਂ ਸਬਜ਼ੀਆਂ, ਫਲ ਤੇ ਸਾਬਤ ਅਨਾਜ ਨੂੰ ਡਾਈਟ 'ਚ ਸ਼ਾਮਲ ਕਰੋ।

### ਨਿਯਮਤ ਯੋਗਾ ਤੇ ਕਸਰਤ

ਨਿਯਮਤ ਕਸਰਤ ਜਾਂ ਯੋਗਾ ਕਰਨ ਨਾਲ ਸਰੀਰ ਦੇ ਨਾਲ-ਨਾਲ ਮਨ ਵੀ ਤੰਦਰੁਸਤ ਰਹਿੰਦਾ ਹੈ। ਊਰਜਾ ਵਧਦੀ ਹੈ, ਮੋਟਾਪਾ ਘਟਦਾ ਹੈ। ਇਹ ਕਈ ਤਰ੍ਹਾਂ ਦੇ ਕੈਂਸਰ ਤੋਂ ਵੀ ਬਚਾਅ ਹੁੰਦਾ ਹੈ।

### ਰੇਡੀਏਸ਼ਨ ਤੋਂ ਬਚਾਅ

ਗ਼ੈਰ-ਜ਼ਰੂਰੀ ਰੇਡੀਏਸ਼ਨ ਥੈਰੇਪੀ ਤੋਂ ਪਰਹੇਜ਼ ਕਰਨਾ ਚਾਹੀਦਾ ਹੈ। ਡਾਕਟਰ ਦੀ ਸਲਾਹ ਅਨੁਸਾਰ ਹੀ ਰੇਡੀਏਸ਼ਨ ਥੈਰੇਪੀ ਲਓ।

### ਕੈਮੀਕਲ ਦੀ ਘੱਟ ਵਰਤੋਂ

ਬ੍ਰੇਨ ਟਿਊਮਰ ਤੋਂ ਬਚਣ ਲਈ ਵਿਅਕਤੀ ਨੂੰ ਵੱਧ ਤੋਂ ਵੱਧ ਆਰਗੈਨਿਕ ਭੋਜਨ ਦੀ ਵਰਤੋਂ ਕਰਨੀ ਚਾਹੀਦੀ ਹੈ। ਪਲਾਸਟਿਕ ਦੀ ਘੱਟ ਤੋਂ ਘੱਟ ਵਰਤੋਂ ਕੀਤੀ ਜਾਵੇ। ਰਸਾਇਣਾਂ ਤੋਂ ਵੀ ਦੂਰ ਰਹੋ।

### ਸਕ੍ਰੀਨਿੰਗ ਤੇ ਨਿਯਮਤ ਸਿਹਤ ਜਾਂਚ ਕਰਵਾਓ

ਬ੍ਰੇਨ ਟਿਊਮਰ ਗੰਭੀਰ ਬਿਮਾਰੀ ਹੈ, ਇਸ ਤੋਂ ਬਚਣ ਦਾ ਇਕੋ ਇਕ ਤਰੀਕਾ ਹੈ ਸੁਚੇਤ ਹੋਣਾ ਤੇ ਕਿਸੇ ਵੀ ਤਰ੍ਹਾਂ ਦੇ ਲੱਛਣ ਦਿਖਾਈ ਦੇਣ 'ਤੇ ਡਾਕਟਰ ਨੂੰ ਦੱਸਣਾ। ਨਿਯਮਤ ਸਿਹਤ ਜਾਂਚ ਤੇ ਸਾਵਧਾਨੀਆਂ ਵਰਤ ਕੇ ਬ੍ਰੇਨ ਟਿਊਮਰ ਤੋਂ ਬਚਿਆ ਜਾ ਸਕਦਾ ਹੈ। ਅੱਜ ਦੀ ਮਾੜੀ ਜੀਵਨਸ਼ੈਲੀ ਤੇ ਖਾਣ-ਪੀਣ ਦੀਆਂ ਆਦਤਾਂ ਕਾਰਨ ਸਾਡੇ ਅੰਦਰ ਬ੍ਰੇਨ ਟਿਊਮਰ ਤੇਜ਼ੀ ਨਾਲ ਫੈਲ ਰਿਹਾ ਹੈ। ਜੇਕਰ ਤੁਸੀਂ ਸਿਹਤਮੰਦ ਜੀਵਨਸ਼ੈਲੀ ਅਪਣਾਉਂਦੇ ਹੋ ਤੇ ਸੁਚੇਤ ਰਹਿੰਦੇ ਹੋ ਤਾਂ ਤੁਸੀਂ ਇਸ ਗੰਭੀਰ ਬਿਮਾਰੀ ਨੂੰ ਆਪਣੇ ਨੇੜੇ ਆਉਣ ਤੋਂ ਰੋਕ ਸਕਦੇ ਹੋ।


# ਯੂਰਿਕ ਐਸਿਡ ਵਧਣ ਤੋਂ ਬਚਾਅ ਲਈ ਕੀ ਕਰੀਏ

ਯੂਰਿਕ ਐਸਿਡ **(Uirc Aicd)** ਸਰੀਰ 'ਚ ਪੈਦਾ ਹੋਣ ਵਾਲਾ ਇਕ ਕੈਮੀਕਲ ਹੈ। ਜਦੋਂ ਸਰੀਰ 'ਚ ਪਿਊਰੀਨ ਟੁੱਟਦਾ ਹੈ ਤਾਂ ਇਹ ਯੂਰਿਕ ਐਸਿਡ 'ਚ ਬਦਲ ਜਾਂਦਾ ਹੈ। ਜ਼ਿਆਦਾਤਰ ਯੂਰਿਕ ਐਸਿਡ ਖ਼ੂਨ 'ਚ ਘੁਲ ਕੇ ਕਿਡਨੀ 'ਚ ਚਲਾ ਜਾਂਦਾ ਹੈ ਤੇ ਇੱਥੋਂ ਇਹ ਪਿਸ਼ਾਬ ਦੇ ਨਾਲ ਸਰੀਰ 'ਚੋਂ ਬਾਹਰ ਨਿਕਲ ਜਾਂਦਾ ਹੈ ਪਰ ਜਦੋਂ ਬਹੁਤ ਜ਼ਿਆਦਾ ਯੂਰਿਕ ਐਸਿਡ ਸਰੀਰ 'ਚ ਬਣਨਾ ਸ਼ੁਰੂ ਹੋ ਜਾਂਦਾ ਹੈ ਜਾਂ ਇਹ ਸਰੀਰ 'ਚੋਂ ਬਾਹਰ ਨਾ ਜਾ ਸਕੇ ਤਾਂ ਕਈ ਕਿਸਮ ਦੀਆਂ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ। ਜਦੋਂ ਸਰੀਰ 'ਚ ਯੂਰਿਕ ਐਸਿਡ ਦੀ ਮਾਤਰਾ ਵੱਧ ਜਾਂਦੀ ਹੈ ਤਾਂ ਇਸ ਸਥਿਤੀ ਨੂੰ ਹਾਈਪਰਯੂਰੀਸੀਮੀਆ ਕਿਹਾ ਜਾਂਦਾ ਹੈ। ਇਸ ਕਾਰਨ ਗਾਊਟ ਦੀ ਸਮੱਸਿਆ ਵੀ ਹੋ ਸਕਦੀ ਹੈ।

ਇਸ ਲਈ ਜ਼ਰੂਰੀ ਹੈ ਕਿ ਸਰੀਰ 'ਚ ਯੂਰਿਕ ਐਸਿਡ ਘਟਾਉਣ ਵਾਲੇ ਖਾਣ-ਪੀਣ ਵੱਲ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ। ਇਸ ਦੌਰਾਨ ਬਹੁਤ ਜ਼ਿਆਦਾ ਪ੍ਰੋਟੀਨ ਭਰਪੂਰ ਭੋਜਨ ਖਾਣ ਤੋਂ ਬਚੋ। ਵਧ ਤੋਂ ਵਧ ਪਾਣੀ ਪੀਣਾ ਚਾਹੀਦਾ ਹੈ। ਪਾਣੀ ਦੀ ਕਮੀ ਕਾਰਨ ਸਰੀਰ ਡੀਹਾਈਡ੍ਰੇਟਿਡ ਹੁੰਦਾ ਹੈ ਜਿਸ ਕਾਰਨ ਕਿਡਨੀ ਕੰਸਨਟ੍ਰੇਟਿਡ ਯੂਰੀਨ ਬਣਾਉਣ ਲੱਗਦੇ ਹਨ। ਇਸ ਨਾਲ ਯੂਰਿਕ ਐਸਿਡ ਸਰੀਰ ਤੋਂ ਬਾਹਰ ਨਹੀਂ ਨਿਕਲ ਪਾਉਂਦਾ। ਇਸ ਲਈ ਜੇਕਰ ਤੁਸੀਂ ਯੂਰਿਕ ਐਸਿਡ ਦੇ ਪੱਧਰ ਨੂੰ ਘਟਾਉਣਾ ਚਾਹੁੰਦੇ ਹੋ ਤਾਂ ਪਾਣੀ ਦਾ ਸੇਵਨ ਵਧਾਉਣਾ ਚਾਹੀਦਾ ਹੈ। ਇਸ ਤੋਂ ਇਲਾਵਾ ਕੁਝ ਸ਼ਕਤੀਸ਼ਾਲੀ ਡ੍ਰਿੰਕਸ ਨਾਲ ਵੀ ਯੂਰਿਕ ਐਸਿਡ ਨੂੰ ਆਸਾਨੀ ਨਾਲ ਘਟਾਇਆ ਜਾ ਸਕਦਾ ਹੈ-

**ਨਿੰਬੂ ਪਾਣੀ-** ਵਿਟਾਮਿਨ ਸੀ ਨਾਲ ਭਰਪੂਰ ਨਿੰਬੂ ਪਾਣੀ ਯੂਰਿਕ ਐਸਿਡ ਘਟਾਉਣ 'ਚ ਜ਼ਰੂਰ ਮਦਦ ਕਰੇਗਾ, ਪਰ ਧਿਆਨ ਰੱਖੋ ਕਿ ਇਸ ਦਾ ਸੇਵਨ ਸੀਮਤ ਮਾਤਰਾ 'ਚ ਕਰੋ।

**ਗ੍ਰੀਨ ਟੀ-** ਐਂਟੀਆਕਸੀਡੈਂਟਸ ਨਾਲ ਭਰਪੂਰ ਗ੍ਰੀਨ ਟੀ ਯੂਰਿਕ ਐਸਿਡ ਨੂੰ ਘਟਾਉਣ 'ਚ ਮਦਦਗਾਰ ਹੁੰਦੀ ਹੈ। ਇਮਿਊਨਿਟੀ ਵਧਾਉਣ ਤੋਂ ਇਲਾਵਾ ਇਹ ਸਰੀਰ 'ਚੋਂ ਹੋਰ ਜ਼ਹਿਰੀਲੇ



ਪਦਾਰਥਾਂ ਨੂੰ ਬਾਹਰ ਕੱਢਣ 'ਚ ਵੀ ਮਦਦ ਕਰਦੀ ਹੈ।

**ਖੀਰੇ ਦਾ ਜੂਸ-** ਚੁਟਕੀ ਭਰ ਨਿੰਬੂ ਰਸ ਦੇ ਨਾਲ ਖੀਰੇ ਦਾ ਜੂਸ ਪੀਣ ਨਾਲ ਨਾ ਸਿਰਫ਼ ਜ਼ਹਿਰੀਲੇ ਪਦਾਰਥ ਬਾਹਰ ਨਿਕਲਦੇ ਹਨ ਸਗੋਂ ਯੂਰਿਕ ਐਸਿਡ ਦਾ ਪੱਧਰ ਵੀ ਘਟਦਾ ਹੈ। ਖੀਰੇ 'ਚ ਪੋਟਾਸ਼ੀਅਮ ਤੇ ਫਾਸਫੋਰਸ ਪਾਇਆ ਜਾਂਦਾ ਹੈ, ਜੋ ਕਿਡਨੀ ਨੂੰ ਡੀਟੌਕਸਫਾਈ ਕਰਨ 'ਚ ਮਦਦ ਕਰਦਾ ਹੈ।

**ਅਦਰਕ ਵਾਲੀ ਚਾਹ-** ਅਦਰਕ ਨੂੰ ਪਾਣੀ 'ਚ ਉਬਾਲੋ ਤੇ ਇਸ ਵਿਚ ਸ਼ਹਿਦ ਦੀਆਂ ਕੁਝ ਬੂੰਦਾਂ ਪਾਓ ਤੇ ਸਿਹਤਮੰਦ ਅਦਰਕ ਵਾਲੀ ਚਾਹ ਤਿਆਰ ਕਰੋ। ਅਦਰਕ 'ਚ ਮੌਜੂਦ ਐਂਟੀ-ਇੰਫਲੇਮੇਟਰੀ ਗੁਣਾਂ ਕਾਰਨ ਇਹ ਗਾਊਟ ਦੇ ਦਰਦ ਤੋਂ ਰਾਹਤ ਦਿਵਾਉਂਦਾ ਹੈ ਤੇ ਯੂਰਿਕ ਐਸਿਡ ਦੇ ਪੱਧਰ ਨੂੰ ਘਟਾਉਂਦਾ ਹੈ।

**ਚੈਰੀ ਜੂਸ-** ਚੈਰੀ ਨੂੰ ਗਾਊਟ ਨਾਲ ਲੜਨ ਦੇ ਸਮਰੱਥ ਮੰਨਿਆ ਜਾਂਦਾ ਹੈ। ਦਿਨ ਵਿਚ ਇਕ ਤੋਂ ਦੋ ਕੱਪ ਚੈਰੀ ਜੂਸ ਯੂਰਿਕ ਐਸਿਡ ਦੇ ਪੱਧਰ ਨੂੰ ਕੰਟਰੋਲ ਕਰਦਾ ਹੈ ਤੇ ਇਸ ਤਰ੍ਹਾਂ ਇਹ ਗਾਊਟ ਦੀ ਸੰਭਾਵਨਾ ਨੂੰ ਘਟਾਉਂਦਾ ਹੈ।



NANAK FOOD & GROCERY HATT
Your Neighborhood Indian Food Market
We Carry All Brands Quality Food Items, Vegetables, Spices, Frozen Food, Ready-To-Eat And Dairy
SPECIAL OFFER
10% OFF
Limited Time Only
1625 A ST . ANTIOCH. CA 94509
TEL: 925-799-1313
ਪੰਜਾਬੀ ਭਰਾਵਾਂ ਦੀ ਦੁਕਾਨ
With the Purchase of $ 100 or more




UNIVERSAL TIRE HUB
BAKERSFIELD, CA
TRUCK & TRAILER TIRES
ਯੂਨੀਵਰਸਲ ਟਾਇਰ ਹੱਬ, ਬੇਕਰਸਫੀਲਡ, ਕੈਲੀਫੋਰਨੀਆ
ਸਾਡੇ ਕੋਲ ਟਰੱਕ ਅਤੇ ਟਰੇਲਰ ਦੇ ਵਧੀਆ ਟਾਇਰ ਵਾਜ਼ਿਬ ਰੇਟ ਤੇ ਮਿਲਦੇ ਹਨ।
ਫੋਨ : 661.735.0001
ਫੋਨ : 661.735.0002
2309 S UNION AVE, BAKERSFIELD, CA 93307
info@universaltirehub.com
BEST PRICE IN CALIFORNIA
TRAILER $1699 (ALL TAX INCLUDE 8 TIRES)
DRIVE TIRES $1850 (ALL TAX INCLUDE 8 TIRES)
WE ACCEPT BULK ORDERS AND CONTAINER SHIPMENTS
HUBTRACTYRES AvanTech ROADX TYRE Firestone AEOLUS PIRELLI BRIDGESTONE